# ਆਸਾੜੁ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥*
*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥*
*ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥*
*ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥*
*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥*
*ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥*
*ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥*

*ਪੰਨਾ - 134*

ਜੇਠ ਦੇ ਮਹੀਨੇ ਗੁਰੂ ਮਹਾਰਾਜ ਜੀ ਨੇ ਸਪਸ਼ਟ ਕੀਤਾ ਸੀ ਕਿ ਪ੍ਰਭੂ ਅੱਗੇ ਸਾਰੇ ਖੰਡ-ਬ੍ਰਹਿਮੰਡ, ਦੇਵੀ, ਦੇਵ-ਦਾਨਵ ਨਿਵ ਰਹੇ ਹਨ। ਕੋਈ ਵੀ ਉਸ ਤੋਂ ਆਕੀ ਨਹੀਂ ਹੈ। ਉਸ ਦੇ ਨਾਲ ਅਸਾਨੂੰ ਜੁੜਨਾ ਹੈ ਜੋ ਪ੍ਰਮ ਸੁਖਾਂ ਦਾ ਦਾਤਾ ਹੈ। ਵਾਹਿਗੁਰੂ ਜੀ ਤੋਂ ਬਾਹਰ ਕੋਈ ਵੀ ਨਹੀਂ ਹੈ। ਭਾਵੇਂ ਕਈ ਧਾਰਮਿਕ ਨਿਸ਼ਚਿਆਂ ਦੇ ਵਿਚ ਇਹ ਗੱਲ ਆਉਂਦੀ ਹੈ ਕਿ ਵਾਹਿਗੁਰੂ ਜੀ ਤੋਂ ਸ਼ੈਤਾਨ ਬਾਗੀ ਹੋ ਗਿਆ ਅਤੇ ਦੁਨੀਆਂ ਨੂੰ ਭਲੇ ਕੰਮਾਂ ਤੋਂ ਭਟਕਾ ਕੇ ਐਸ਼ੋ ਇਸ਼ਰਤ, ਪਾਪਾਂ ਦੇ ਵਿਚ ਪ੍ਰਵਿਰਤ ਕਰਾ ਕੇ ਦੋਜ਼ਕ ਦੀ ਅੱਗ ਵਿਚ ਸੜਨ ਦਾ ਅਧਿਕਾਰੀ ਬਣਾ ਦਿਤਾ। ਉਹ ਨਾ ਤਾਂ ਕੋਈ ਉਪਦੇਸ਼ ਸੁਣਨ ਦਿੰਦਾ ਹੈ ਅਤੇ ਨਾ ਹੀ ਕੋਈ ਜਪ ਤਪ ਕਰਨ ਦਿੰਦਾ ਹੈ, ਉਸਨੂੰ ਸ਼ੈਤਾਨ ਆਖਿਆ ਜਾਂਦਾ ਹੈ। ਇਹ ਫਰਿਸ਼ਤਾ ਖੁਦਾ ਦੇ ਹੁਕਮ ਦੇ ਸਾਮ੍ਹਣੇ ਨਾ ਫੁਰਮਾਨੀ ਵਿਚ ਆ ਗਿਆ, ਇਸਨੂੰ ਰੱਬੀ ਸਭਾ ਵਿਚੋਂ ਕੱਢ ਦਿਤਾ ਗਿਆ ਅਤੇ ਇਸ ਨੇ ਕਿਹਾ ਕਿ ਐ ਖੁਦਾ! ਮੈਂ ਕਿਸੇ ਨੂੰ ਵੀ ਤੇਰੇ ਨਾਲ ਪਿਆਰ ਨਹੀਂ ਕਰਨ ਦੇਵਾਂਗਾ ਅਤੇ ਨਾ ਹੀ ਕਿਸੇ ਨੂੰ ਸੱਚ ਦੇ ਰਾਹ ਤੇ ਤੁਰਨ ਦੇਵਾਂਗਾ। ਜੋ ਤੇਰੇ ਬੰਦੇ ਹਦਾਇਤਾਂ ਕਰਨ ਵਾਲੇ, ਨਸੀਹਤਾਂ ਕਰਨ ਵਾਲੇ ਹੋਣਗੇ, ਉਹ ਵੀ ਮੇਰੇ ਹੀ ਬੰਦੇ ਹੋਣਗੇ, ਉਹ ਮੇਰੀ ਬੋਲੀ ਬੋਲਣਗੇ। ਲੋਕਾਂ ਨੂੰ ਮਦਰਾ, ਮਾਸ ਅਤੇ ਭੋਗ ਵਿਲਾਸਾਂ ਵਿਚ ਲਗਾ ਦੇਵਾਂਗਾ। ਉਹ ਦੂਜਿਆਂ ਨੂੰ ਵੀ ਅਜਿਹਾ ਹੀ ਉਪਦੇਸ਼ ਦੇਣਗੇ। ਬਾਬਾ ਫਰੀਦ ਜੀ ਇਸ ਫਰਿਸ਼ਤੇ ਦੀ ਸ਼ਕਤੀ ਅਨੁਭਵ ਕਰਕੇ ਫੁਰਮਾਨ ਕਰਦੇ ਹਨ ਕਿ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*

*ਪੰਨਾ - 1378*

ਏਸੇ ਤਰ੍ਹਾਂ ਨਾਲ ਭਾਰਤੀ ਖਿਆਲ ਵੀ ਹੈ ਕਿ ਹੁਣ ਕਲਜੁਗ ਦਾ ਸਮਾਂ ਚਲ ਰਿਹਾ ਹੈ। ਕਰਮ ਧਰਮ ਨੂੰ ਇਹ ਫਲੀਭੂਤ ਨਹੀਂ ਹੋਣ ਦਿੰਦਾ। ਬੁੱਧ ਧਰਮ ਦੇ ਅਚਾਰੀਆ ਦਾ ਖਿਆਲ ਹੈ ਕਿ ਮਾਰ ਦੇਵਤਾ ਆਦਮੀ ਨੂੰ ਪੁੱਠੇ ਰਾਹ ਪਾਉਂਦਾ ਹੈ, ਇਨ੍ਹਾਂ ਨੂੰ ਪ੍ਰਭੂ ਤੋਂ ਆਕੀ ਦਸਦੇ ਹਨ ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਸਭ ਤੋਂ ਵੱਡੇ ਹਨ ਅਤੇ ਉਸ ਦੇ ਅੱਗੇ ਸਾਰੇ ਨਿਵਦੇ ਹਨ।

ਹੁਣ ਅਸਾੜ ਦੇ ਮਹੀਨੇ ਬਾਰੇ ਫੁਰਮਾਨ ਹੈ ਕਿ ਅਸਾੜ ਵਿਚ ਅਤਿ ਦੀ ਗਰਮੀ ਹੋਇਆ ਕਰਦੀ ਹੈ ਪਰ ਜਿਨ੍ਹਾਂ ਦੇ ਅੰਦਰ ਵਾਹਿਗੁਰੂ ਜੀ ਦੇ ਪਿਆਰ ਦੀਆਂ ਕਾਂਗਾਂ ਉਠਦੀਆਂ ਹਨ, ਉਨ੍ਹਾਂ ਨੂੰ ਅਸਾੜ ਦੀ ਗਰਮੀ ਪੋਹ ਨਹੀਂ ਸਕਦੀ। ਜਿਹੜੇ ਹਿਰਦੇ ਮਾਇਆ ਅਗਨ ਨੇ ਜਾਲ ਦਿਤੇ ਹਨ, ਉਨ੍ਹਾਂ ਨੂੰ ਇਹ ਮਹੀਨਾ ਤਪਸ਼ ਭਰਿਆ ਲਗਦਾ ਹੈ ਪਰ ਜੋ ਨਾਮ ਨਾਲ ਜੁੜੇ ਹਨ, ਉਨ੍ਹਾਂ ਦਾ ਮਨ ਤੇ ਤਨ ਦੋਵੇਂ ਸੀਤਲ ਹੋਏ ਹੋਏ ਹਨ - ਨਾਮ ਦੀ ਠੰਢਕ ਨਾਲ। ਫੁਰਮਾਨ ਹੈ -

*ਉਠੰਦਿਆ ਬਹਿੰਦਿਆ ਸਵੰਦਿਆ ਸੁਖੁ ਸੋਇ॥*
*ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ॥*

*ਪੰਨਾ - 321*

ਜੂਨ ਦੇ ਮਹੀਨੇ ਵਿਚ ਗੁਰੂ ਪੰਜਵੇਂ ਪਾਤਸ਼ਾਹ ਜੀ ਲਾਹੌਰ ਦੇ ਅੰਦਰ ਬੁਲਾਏ ਗਏ ਸਨ ਅਤੇ ਆਪ ਨੂੰ ਉਬਲਦੀਆਂ ਦੇਗਾਂ ਵਿਚ ਉਬਾਲਿਆ ਗਿਆ, ਅੱਗ ਵਰਗੀ ਲਾਲ ਹੋਈ ਤਵੀ ਦੇ ਉਪਰ ਬਿਠਾਇਆ ਗਿਆ, ਸੀਸ ਉਤੇ ਅੱਗ ਵਰਗਾ ਰੇਤਾ ਏਸ ਕਰਕੇ ਪਾਇਆ ਗਿਆ ਕਿ ਆਪ ਸੁਰਤ ਨੂੰ ਦਸਵੇਂ ਦੁਆਰ ਵਿਚ ਸਥਿਤ ਨਾ ਕਰ ਲੈਣ ਜਿਥੇ ਦੁਖ-ਸੁਖ, ਭੁਖ, ਪਿਆਸ ਨਹੀਂ ਵਿਆਪਿਆ ਕਰਦੀ ਜਿਵੇਂ ਕਿ ਬਾਣੀ ਅੰਦਰ ਦਸਦੇ ਹਨ -

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥*

*ਪੰਨਾ - 1414*

ਪਰ ਗੁਰੂ ਮਹਾਰਾਜ ਜੀ ਨੇ ਨਾਮ ਦੀ ਸੀਤਲਤਾ ਐਤਨੀ ਵਰਤਾ ਦਿਤੀ ਕਿ ਜਦੋਂ ਮੀਆਂ ਮੀਰ ਜੀ ਇਹ ਹਾਲਤ ਵੇਖ ਕੇ ਉਚੀ ਆਖਦੇ ਹਨ, "ਮਹਾਨ ਜ਼ੁਲਮ! ਮਹਾਨ ਜ਼ੁਲਮ! ਘੋਰ ਜ਼ੁਲਮ! ਇਹ ਹਕੂਮਤ ਇਸ ਜ਼ੁਲਮ ਦੇ ਭਾਰ ਨਾਲ ਟੁੱਟ ਕੇ ਟੁਕੜੇ-ਟੁਕੜੇ ਹੋ ਜਾਵੇਗੀ।" ਉਸ ਵੇਲੇ ਗੁਰੂ ਮਹਾਰਾਜ ਜੀ ਪੀਰ ਮੀਆਂ ਮੀਰ ਨੂੰ ਵੀ ਰੋਕ ਦਿੰਦੇ ਹਨ ਕਿ ਪੀਰ ਜੀ! ਦੇਖਿਓ ਕੋਈ ਬਚਨ ਨਾ ਕਰ ਦਿਓ, ਬਦ-ਦੁਆ ਨਾ ਦੇ ਦੇਣੀ। ਪੀਰ ਕਹਿਣ ਲੱਗਿਆ ਕਿ ਮਹਾਰਾਜ! ਤੁਸੀਂ ਐਤਨਾ ਜ਼ੁਲਮ ਕਿਉਂ ਸਹਿਨ ਕਰ ਰਹੇ ਹੋ? ਤੁਹਾਡੀ ਇਕ ਨਿਗ੍ਹਾ ਇਸ ਸਾਰੇ ਬ੍ਰਹਿਮੰਡ ਨੂੰ ਸਮੇਟ ਸਕਦੀ ਹੈ, ਫਿਰ ਤੁਸੀਂ ਕਿਉਂ ਨਹੀਂ ਕਹਿ ਰਹੇ? ਮਹਾਰਾਜ ਕਹਿਣ ਲੱਗੇ ਕਿ ਮੀਆਂ ਮੀਰ! ਕਿਸ ਨੂੰ ਸਰਾਪ ਦੇਈਏ?

ਐਥੇ ਤਾਂ ਵਾਹਿਗੁਰੂ ਜੀ ਤੋਂ ਬਗੈਰ ਹੋਰ ਹੈ ਹੀ ਕੋਈ ਨਹੀਂ। ਕਿਤਨੀ ਸ਼ਾਂਤੀ ਤਨ ਤੇ ਮਨ ਦੇ ਅੰਦਰ ਹੈ। ਗੁਰੂ ਮਹਾਰਾਜ ਜੀ ਨੇ ਪ੍ਰਤੱਖ ਰੂਪ ਵਿਚ ਜਣਾ ਦਿਤਾ ਕਿ ਅਸਾੜ ਦੀ ਤਪਸ਼, ਨਾਮ ਵਿਹੂਣਿਆਂ ਨੂੰ ਹੋਇਆ ਕਰਦੀ ਹੈ, ਜਿਹੜੇ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ, ਪੰਜਾਂ ਤੱਤਾਂ ਦੀ ਬਣੀ ਹੋਈ ਦੇਹ ਮੰਨਦੇ ਹਨ। ਜਿਨ੍ਹਾਂ ਦੀ ਸਥਿਤੀ ਆਤਮ ਸਰੂਪ ਵਿਚ ਹੋ ਚੁੱਕੀ ਹੈ, ਉਥੇ ਸਦੀਵ ਖੇੜਾ ਹੀ ਖੇੜਾ, ਅਨੰਦ ਹੀ ਅਨੰਦ ਹੈ; ਐਨੀ ਠੰਢਕ ਹੈ ਕਿ ਸਾਰੀ ਦੁਨੀਆਂ ਦੀ ਤਪਸ਼ ਦੂਰ ਕਰਨ ਦੇ ਸਮਰੱਥ ਹੋਇਆ ਕਰਦੀ ਹੈ। ਨਾਮ ਤੋਂ ਵਿਹੂਣਾ ਠੰਢੇ ਕਮਰਿਆਂ ਦੇ ਅੰਦਰ ਬੈਠਾ ਵੀ ਮਨ ਦੀ ਤਪਸ਼ ਦੇ ਕਾਰਨ ਉਦਾਸੀਨਤਾ 'ਚ ਹੋਇਆ ਕਰਦਾ ਹੈ, ਉਸ ਨੂੰ ਸੁੰਦਰ ਸੇਜਾਂ, ਅਨੇਕ ਸੁਖ, ਸੁਗੰਧੀਆਂ; ਸੁਖ ਨਹੀਂ ਦੇ ਸਕਦੀਆਂ। ਵਾਹਿਗੁਰੂ ਜੀ ਦੀ ਪਛਾਣ ਤੋਂ ਬਿਨਾਂ, ਜੋ ਇਸੇ ਸਰੀਰ ਵਿਚ ਆਪਣਾ ਆਸਣ ਲਾਈਂ ਸਭ ਕੁਝ ਕਰ ਰਹੇ ਹਨ, ਵਿਸ਼ਟਾ ਦੇ ਕੀੜੇ ਵਾਂਗੂੰ ਕੁਰਬਲ-ਕੁਰਬਲ ਕਰਦਾ, ਪਦਾਰਥਾਂ ਵਿਚ ਅੰਸ ਮਾਤਰ ਵੀ ਸੁਖ ਨਹੀਂ ਹੋਇਆ ਕਰਦਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*
*ਪੰਨਾ - 707*

ਵਾਹਿਗੁਰੂ ਜੀ ਨੂੰ ਛੱਡ ਕੇ, ਜੋ ਦੁਨੀਆਂ ਦੇ ਕਿਸੇ ਮਨੁੱਖ ਦੀ ਆਸ ਵਿਚ ਰਹਿੰਦੇ ਹਨ, ਉਹ ਸੁਖ ਨਹੀਂ ਮਾਣ ਸਕਿਆ ਕਰਦੇ -

*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥*
*ਪੰਨਾ - 134*

ਕਿਉਂਕਿ ਜਿਸ ਮਨੁੱਖ ਦੀ ਉਹ ਆਸ ਰੱਖਦੇ ਹਨ, ਉਹ ਮਨੁੱਖ ਤਾਂ ਆਪ ਹੀ ਦੁਖਾਂ ਨਾਲ ਭਰਿਆ ਪਿਆ ਹੈ, ਉਹ ਕਿਸੇ ਨੂੰ ਕੀ ਸੁਖ ਦੇ ਸਕਦਾ ਹੈ। ਗੁਰੂ ਮਹਾਰਾਜ ਜੀ ਦਸਦੇ ਹਨ ਕਿ ਐ ਮਨੁੱਖ! ਜੇ ਤੂੰ ਆਸ ਕਰਨੀ ਹੈ ਤਾਂ ਇਕ ਵਾਹਿਗੁਰੂ ਜੀ ਦੀ ਆਸ ਰੱਖ, ਜਿਸ ਦੇ ਘਰ ਸਭ ਕੁਝ ਹੈ, ਜੋ ਤੇਰੇ ਸਾਰੇ ਦੁਖਾਂ ਦਾ ਇਲਾਜ ਕਰ ਸਕਦਾ ਹੈ। ਉਸ ਨੇ ਤੇਰੀਆਂ ਕਮੀਆਂ ਨੂੰ ਦੇਖ ਕੇ ਤੇਰੇ ਅੰਦਰ ਪਹਿਲਾਂ ਹੀ ਸੁਖਾਂ ਦਾ ਰਤਨ ਰੂਪੀ ਨਾਮ, ਸਰੀਰ ਵਿਚ ਰੱਖ ਦਿਤਾ ਹੈ -

*ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293*

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥ ਪੰਨਾ - 259*

ਇਹ ਦਵਾਈ ਸਮਰੱਥ ਗੁਰੂ ਦੀ ਦੱਸੀ ਹੋਈ ਜੁਗਤ ਦੇ ਮੁਤਾਬਿਕ ਅੰਦਰੋਂ ਪ੍ਰਾਪਤ ਹੋ ਸਕਦੀ ਹੈ। ਇਸ ਕਰਕੇ ਤੂੰ ਮਾਨਸ ਦੀ ਆਸ ਛੱਡ ਕੇ ਵਾਹਿਗੁਰੂ ਜੀ ਦੀ ਆਸ ਵਿਚ ਰਹਿ, ਜੋ ਤੇਰੇ ਘਟ-ਘਟ ਵਿਚ ਵਿਆਪਕ ਹੈ। ਉਹ ਆਪ ਹੀ ਆਪਣੀ ਮੌਜ ਵਿਚ ਕ੍ਰਿਆ ਕਰ ਰਿਹਾ ਹੈ, ਇਕ ਅਗੰਮੀ ਖੇਲ੍ਹ ਖੇਡ ਰਿਹਾ ਹੈ, ਉਸ ਅਗੋਚਰ ਨੂੰ ਪਛਾਣ ਅਤੇ ਜੋ ਤੇਰੇ ਅੰਦਰ ਮੈਂ ਭਾਵ ਹੈ, ਉਹ ਇਕ ਪ੍ਰਛਾਵਾਂ ਹੈ, ਝੂਠਾ ਹੈ, ਉਹ ਅਣਹੋਣੀ ਚੀਜ਼ ਹੈ, ਜਿਸਨੂੰ ਅਗਿਆਨ ਦਾ ਭਰਮ ਭੁਲਾਵਾ ਆਖਿਆ ਜਾਂਦਾ ਹੈ। ਤੂੰ ਆਪਣੇ ਆਪ ਨੂੰ ਵਾਹਿਗੁਰੂ ਤੋਂ ਵਖਰਾ ਮੰਨ ਕੇ ਜਨਮ ਮਰਨ ਦੇ ਚੱਕਰ ਵਿਚ ਪਿਆ ਹੋਇਆ ਹੈਂ ਅਤੇ ਜਮਾਂ ਦੀ ਫਾਹੀ ਖਰਬਾਂ-ਖਰਬਾਂ ਸਾਲ ਦੀ ਤੇਰੇ ਗਲ ਵਿਚ ਪੈ ਚੁੱਕੀ ਹੈ ਪਰ ਤੂੰ ਪੂਰੇ ਸਤਿਗੁਰੂ ਨੂੰ ਮਿਲ ਕੇ ਇਸ ਝੂਠੇ ਅਧਿਆਸ ਦੇ ਜਾਲ ਵਿਚੋਂ ਬਾਹਰ ਨਹੀਂ ਨਿਕਲ ਸਕਿਆ। ਪਹਿਲਾਂ ਤਾਂ ਤੂੰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨਦਾ ਹੈਂ, ਫੇਰ ਤੂੰ ਆਪਣੇ ਆਪ ਨੂੰ ਸੂਖਸ਼ਮ ਸਰੀਰ ਮੰਨਣ ਲਗ ਜਾਂਦਾ ਹੈਂ, ਕਾਰਨ ਸਰੀਰ ਮੰਨਦਾ ਹੈਂ ਅਤੇ ਇਸ ਤੋਂ ਵੀ ਉਪਰ ਜੇ ਸੁਰਤ ਉਚੀ ਹੋ ਜਾਵੇ ਤਾਂ ਤੂੰ ਆਪਣੇ ਆਪ ਨੂੰ ਜੀਵ ਮੰਨਦਾ ਰਹਿੰਦਾ ਹੈਂ ਪਰ ਹਨੇਰ੍ਹੇ ਵਿਚ ਭੁੱਲਿਆ ਹੋਇਆ ਤੂੰ ਨਹੀਂ ਜਾਣਦਾ ਕਿ ਤੇਰਾ ਸਰੂਪ 'ਆਤਮਾ' ਹੈ; ਤੇਰੇ ਅਤੇ ਵਾਹਿਗੁਰੂ ਵਿਚ ਕੋਈ ਵੀ ਫਰਕ ਨਹੀਂ ਹੈ। ਇਸ ਪ੍ਰਕਾਸ਼ ਤੋਂ ਹੀਣਾ ਰਹਿ ਕੇ ਤੂੰ ਜਮਾਂ ਦੀ ਫਾਸੀ ਗਲ ਵਿਚ ਪਾਈ ਹੋਈ ਹੈ-

*ਦੂਜੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥*
*ਪੰਨਾ - 134*

ਇਹ ਤੇਰੇ ਹੀ ਕੀਤੇ ਹੋਏ ਕਰਮਾਂ ਦਾ ਫਲ ਹੈ ਜੋ ਤੈਨੂੰ ਭੋਗਣੇ ਪੈ ਰਹੇ ਹਨ -

*ਜੇਹਾ ਬੀਜੈ ਸੁ ਲੁਣੈ ਮਥੈ ਜੋ ਲਿਖਿਆਸੁ॥ ਪੰਨਾ - 134*

ਕੀਤੇ ਹੋਏ ਕਰਮਾਂ ਦਾ ਫਲ ਐਥੇ ਵੀ ਭੁਗਤਣਾ ਪੈਂਦਾ ਹੈ, ਦਰਗਾਹ ਵਿਚ ਜਾ ਕੇ ਵੀ ਭੋਗਦਾ ਹੈਂ। ਮਾੜੇ ਕਰਮਾਂ ਦੇ ਫਲ ਕਰਕੇ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥*
*ਪੰਨਾ - 1425*

ਕਰਮ ਹਮੇਸ਼ਾਂ ਹਉਮੈ ਨੂੰ ਭੋਗਣੇ ਪੈਂਦੇ ਹਨ। ਹਉਮੈ ਇਕ ਜਜ਼ਬਾ ਹੈ ਜਿਸ ਦੇ ਅਧੀਨ ਹੋਈ ਚੇਤਨ ਸੁਰਤ ਆਪਣੇ ਆਪ ਨੂੰ ਵਾਹਿਗੁਰੂ ਜੀ ਤੋਂ ਵਖਰੀ ਮੰਨਦੀ ਹੈ। ਸਤਿਸੰਗ ਅਤੇ ਮਹਾਂਪੁਰਸ਼ਾਂ ਦੀ ਸੰਗਤ ਤੋਂ ਹੀਣਾ ਰਹਿ ਕੇ ਪੁਰਸ਼ ਮਾਇਆ ਦੇ ਰਸਾਂ-ਕਸਾਂ ਵਿਚ ਉਲਝ ਜਾਂਦਾ ਹੈ ਅਤੇ ਮੇਰੀ ਹੀ ਮੇਰੀ ਕਰਕੇ ਜਨਮ ਬਿਰਥਾ ਗੁਆ ਲੈਂਦਾ ਹੈ। ਇਹ ਉਮਰ ਰੂਪੀ ਰੈਣ ਲੰਘ ਜਾਂਦੀ ਹੈ, ਪਛਤਾਵਾ ਪੱਲੇ ਰਹਿ ਜਾਂਦਾ ਹੈ; ਆਇਆ ਤਾਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੀ। ਵਾਹਿਗੁਰੂ ਜੀ ਇਸ ਦੇ ਅੰਦਰ ਆਸਣ ਲਾਈ ਇਸ ਦਾ ਇੰਤਜ਼ਾਰ ਕਰ ਰਹੇ ਹਨ। ਸੰਤ, ਮਹਾਂਪੁਰਸ਼ ਹਾਕਾਂ ਮਾਰ-

ਮਾਰ ਕੇ ਇਸਨੂੰ ਖਬਰਦਾਰ ਕਰਦੇ ਹਨ, ਯਾਦ ਕਰਾਉਂਦੇ ਹਨ ਕਿ ਤੂੰ ਮਾਤਾ ਦੇ ਉਦਰ ਵਿਚ ਸਵਾਸ-ਸਵਾਸ ਨਾਮ ਧੁਨ ਵਿਚ ਮਸਤ ਸੀ, ਉਸ ਨਾਮ ਧੁਨ ਕਰਕੇ ਤੇਰੇ ਅੰਦਰ ਪ੍ਰਕਾਸ਼ ਸੀ। ਇਕ ਸਮਾਧੀ ਦੀ ਅਵਸਥਾ ਵਿਚ ਲੀਨ ਹੋਇਆ ਗਰਭ ਅਗਨ ਤੋਂ ਬਚ ਕੇ ਸੰਸਾਰ ਵਿਚ ਆਇਆ। ਪਰ ਫਿਰ ਮਾਇਆ ਦੇ ਅਸਰ ਵਿਚ ਫਸ ਕੇ ਉਸ ਪ੍ਰਭੂ ਨੂੰ ਭੁੱਲ ਕੇ ਫਿਰ ਉਨ੍ਹਾਂ ਕੰਮਾਂ ਵਿਚ ਲਗ ਗਿਆ ਜਿਨ੍ਹਾਂ ਨਾਲ ਅਨੇਕਾਂ ਵਾਰੀ ਜਨਮ ਮਰਨ ਦੇ ਦੁਖ ਕੱਟ ਚੁਕਿਆ ਹੈ -

*ਯਾ ਜੁਗ ਮਹਿ ਏਕਹਿ ਕਉ ਆਇਆ।।*
*ਜਨਮਤ ਮੋਹਿਓ ਮੋਹਨੀ ਮਾਇਆ।।*
*ਗਰਭ ਕੁੰਟ ਮਹਿ ਉਰਧ ਤਪ ਕਰਤੇ।।*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ।।*
*ਉਰਝਿ ਪਰੇ ਜੋ ਛੋਡਿ ਛਡਾਨਾ।।*
*ਦੇਵਨਹਾਰੁ ਮਨਹਿ ਬਿਸਰਾਨਾ।।* *ਪੰਨਾ - 251*

ਇਹ ਗੱਲਾਂ ਤੇਰੇ ਚਿਤ ਚੇਤੇ ਵੀ ਨਾ ਰਹੀਆਂ ਅਤੇ ਨਾ ਹੀ ਸਤਿਪੁਰਸ਼ਾਂ ਦੀ ਸਤਿ ਦੀ ਆਵਾਜ਼ ਤੂੰ ਮੰਨੀਂ, ਸਗਵਾਂ ਇਸ ਦੇ ਵਿਪਰੀਤ, ਸਤਿਪੁਰਸ਼ਾਂ ਦੀ ਨਿੰਦਿਆ ਕਰਦਾ ਰਿਹਾ। ਫਲ ਕੀ ਹੋਇਆ? ਸਮਾਂ ਗੁਜ਼ਰ ਗਿਆ, ਜਮ ਫੇਰ ਫੰਧਾ ਲੈ ਕੇ ਆ ਗਏ, ਗਲ ਵਿਚ ਪਾ ਲਿਆ; ਫੇਰ ਪਛਤਾਇਆ -

*ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ।।*
*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ।।*
*ਪੰਨਾ - 134*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ।।*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ।।*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ।।*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ।।*
*ਮਨਿ ਅੰਧੈ ਜਨਮੁ ਗਵਾਇਆ।।*
*ਪੰਨਾ - 464*

ਜੋ ਕੁਝ ਸੰਸਾਰ ਵਿਚ ਪਾਪਾਂ ਨਾਲ, ਮਾਇਆ ਇਕੱਠੀ ਕੀਤੀ ਸੀ, ਉਹ ਤੁਰਦਿਆਂ ਨਾਲ ਨਾ ਗਈ। ਮਾਇਆ ਦਾ ਮੋਹ ਪਰਲੋਕ ਵਿਚ ਵੀ ਇਸਨੂੰ ਜਲਾਉਂਦਾ ਹੈ। ਪਰ ਇਕਨਾਂ ਨੂੰ ਸੋਝੀ ਆ ਗਈ, ਉਸਨੇ ਸਤਿਪੁਰਸ਼ਾਂ, ਸਾਧੂਆਂ, ਸੰਤਾਂ, ਆਰਫਾਂ, ਪੀਰਾਂ, ਫਕੀਰਾਂ ਦੀ ਹੱਕ ਦੀ ਅਵਾਜ਼ ਸੁਣੀ ਅਤੇ ਸਮਰੱਥ ਗੁਰੂ ਤੋਂ ਸ਼ਬਦ ਪ੍ਰਾਪਤ ਕਰਕੇ ਘਾਲ ਕਮਾਈ ਕੀਤੀ; ਉਹ ਜਦੋਂ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਧੰਨ-ਧੰਨ ਹੁੰਦੀ ਹੈ, ਜੈ-ਜੈ ਕਾਰ ਹੁੰਦੀ ਹੈ। ਉਨ੍ਹਾਂ ਨੂੰ ਜਮਦੂਤ ਅਰੇ-ਅਰੇ ਨਹੀਂ ਕਹਿੰਦੇ, ਸਗੋਂ ਜਮ ਆਦਰ ਦਿੰਦੇ ਹਨ, ਸੇਵਾ ਕਰਦੇ ਹਨ -

*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ।।*
*ਪੰਨਾ - 134*

ਸਾਧੂਆਂ ਦੀ ਸੰਗਤ ਕਰਕੇ ਕੀ ਮਿਲਿਆ ਤੇ ਕੀ ਘਾਲ ਕਮਾਈ ਕੀਤੀ -

*ਜਿਸੁ ਵਖਰ ਕਉ ਲੈਨਿ ਤੂ ਆਇਆ।।*
*ਰਾਮ ਨਾਮੁ ਸੰਤਨ ਘਰਿ ਪਾਇਆ।।*
*ਤਜਿ ਅਭਿਮਾਨੁ ਲੇਹੁ ਮਨ ਮੋਲਿ।।*
*ਰਾਮ ਨਾਮੁ ਹਿਰਦੇ ਮਹਿ ਤੋਲਿ।।*
*ਲਾਦਿ ਖੇਪ ਸੰਤਹ ਸੰਗਿ ਚਾਲੁ।।*
*ਅਵਰ ਤਿਆਗਿ ਬਿਖਿਆ ਜੰਜਾਲ।।*
*ਧੰਨਿ ਧੰਨਿ ਕਹੈ ਸਭੁ ਕੋਇ।।*
*ਮੁਖ ਊਜਲ ਹਰਿ ਦਰਗਹ ਸੋਇ।।*
*ਇਹੁ ਵਾਪਾਰੁ ਵਿਰਲਾ ਵਾਪਾਰੈ।।*
*ਨਾਨਕ ਤਾ ਕੈ ਸਦ ਬਲਿਹਾਰੈ।।* *ਪੰਨਾ - 283*

ਪਰ ਹੈਰਾਨੀ ਦੀ ਗੱਲ ਹੈ ਕਿ ਵਿਰਲੇ ਹੀ ਐਸੇ ਪੁਰਸ਼ ਹਨ ਜਿਹੜੇ ਅਵਾਜ਼-ਏ-ਹੱਕ ਨੂੰ ਸੁਣਦੇ ਹਨ ਅਤੇ ਦਰਗਾਹ ਲਈ ਪੂੰਜੀ ਬੰਨ੍ਹਦੇ ਹਨ, ਜਿਥੇ ਦੁਨੀਆਂ ਦੀ ਕੋਈ ਚੀਜ਼ ਨਾਲ ਨਹੀਂ ਜਾਂਦੀ ਅਤੇ ਨਾ ਹੀ ਦੁਨਿਆਵੀ ਰਿਸ਼ਤਿਆਂ ਵਿਚੋਂ ਕਿਸੇ ਦਾ ਹੱਥ ਉਥੇ ਅਪੜਦਾ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ।।*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ।।*
*ਜਿਹ ਪੈਡੇ ਮਹਾ ਅੰਧ ਗੁਬਾਰਾ।।*
*ਹਰਿ ਕਾ ਨਾਮੁ ਸੰਗਿ ਉਜੀਆਰਾ।।*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ।।*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ।।*
*ਜਹ ਮਹਾ ਭਇਆਨ ਤਪਤਿ ਬਹੁ ਘਾਮ।।*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ।।*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ।।*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ।। ਪੰਨਾ - 264*

ਗੁਰੂ ਮਹਾਰਾਜ ਜੀ ਦੱਸਦੇ ਹਨ ਕਿ ਪਿਆਰਿਓ! ਅਰਦਾਸ ਕਰੋ ਉਸ ਦੁਨੀਆਂ ਦੇ ਮਾਲਕ ਅੱਗੇ ਜਿਸ ਤੋਂ ਤੁਸੀਂ ਹਉਮੈ ਦੇ ਅਧੀਨ ਹੋਏ ਵਖਰੇ ਹੋ ਚੁੱਕੇ ਹੋਂ। ਹਿਰਦੇ ਤੋਂ, ਬਾਰ-ਬਾਰ ਕਹੋ -

*ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ।।*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ।।*
*ਪੰਨਾ - 134*

ਜਿਸ ਦੇ ਮਨ ਵਿਚ ਵਾਹਿਗੁਰੂ ਦਾ ਨਾਮ ਵਸ ਗਿਆ, ਉਸ ਨੂੰ ਇਹ ਅਸਾੜ ਡਰਾਉਣਾ ਤੇ ਤਪਸ਼ ਭਰਿਆ ਨਹੀਂ ਲਗਦਾ, ਉਸਦੇ ਅੰਦਰ ਠੰਢਕ ਦਾ ਵਾਸ ਹੋ ਜਾਇਆ ਕਰਦਾ ਹੈ। ਮਨ ਦੀ ਸ਼ਾਂਤੀ ਐਨੀ ਵਧ ਜਾਂਦੀ ਹੈ ਕਿ ਉਹ ਸਦਾ ਅਨੰਦ ਵਿਚ ਰਹਿੰਦਾ ਹੈ ਅਤੇ ਅਸਾੜ ਦਾ ਮਹੀਨਾ ਹਰ ਤਰ੍ਹਾਂ ਦੇ ਨਾਲ ਉਸਨੂੰ ਸੁਹਾਵਣਾ ਲੱਗਣ ਲੱਗ ਜਾਂਦਾ ਹੈ, ਜਿਸ ਦੇ ਅੰਦਰ ਨਾਮ ਧੁਨ ਹੁੰਦੀ ਹੈ -

*ਅਸਾੜੁ ਸੁਹੰਦਾ ਤਿਸੁ ਲਗੈ*
*ਜਿਸੁ ਮਨਿ ਹਰਿ ਚਰਣ ਨਿਵਾਸ।।* *ਪੰਨਾ - 134*

# ਸੰਪਾਦਕੀ

***ਡਾ. ਜਗਜੀਤ ਸਿੰਘ***

ਜੂਨ ਦਾ ਮਹੀਨਾ ਸਾਨੂੰ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਮਹਾਨ ਕੁਰਬਾਨੀ ਨਾਲ ਜੋੜਦਾ ਹੈ। 'ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ' ਜ਼ਿੰਦਾਂ ਕੌਮਾਂ ਵਡਿਆਂ ਦੀਆਂ ਕੁਰਬਾਨੀਆਂ ਕਦੀ ਨਹੀਂ ਭੁਲਦੀਆਂ, ਸਦਾ ਯਾਦ ਰਖਦੀਆਂ ਹਨ ਤੇ ਪ੍ਰੇਰਨਾ ਲੈਂਦੀਆਂ ਰਹਿੰਦੀਆਂ ਹਨ। ਨਿਰਸੰਦੇਹ ਸਿੱਖ ਕੌਮ ਸ਼ਹੀਦਾਂ ਦੀ ਕੌਮ ਹੈ। ਮਨੁੱਖਤਾ ਦੀ ਆਜ਼ਾਦੀ ਲਈ, ਮਨੁੱਖ ਉਪਰ ਹੁੰਦੇ ਜ਼ੁਲਮ, ਤਸ਼ੱਦਦ, ਅਨਿਆਂ ਅਤੇ ਸ਼ੋਸ਼ਣ ਨੂੰ ਰੋਕਣ ਲਈ ਜਿੰਨੀਆਂ ਕੁਰਬਾਨੀਆਂ ਸਿੱਖ ਕੌਮ ਦੇ ਹਿੱਸੇ ਆਈਆਂ ਹਨ, ਸ਼ਾਇਦ ਹੀ ਐਸੀ ਮਿਸਾਲ ਸੰਸਾਰ ਵਿਚ ਕਿਤੇ ਹੋਰ ਪ੍ਰਾਪਤ ਹੋਵੇ। ਜੀਉਣ ਵਿਧੀ ਵੀ ਓਹੀ ਜਾਣਦਾ ਹੈ ਜੋ ਮਰਨਾ ਜਾਣਦਾ ਹੋਵੇ - ਸੱਚ ਲਈ, ਨਿਆਂ ਲਈ, ਉਚੀਆਂ ਤੇ ਸੁੱਚੀਆਂ ਮਾਨਵੀ ਕਦਰਾਂ ਕੀਮਤਾਂ ਲਈ। ਅਨਿਆਂ ਅਤੇ ਜ਼ੁਲਮ ਦਾ ਟਾਕਰਾ ਕਰਨ ਦੇ ਦੋ ਢੰਗ ਹਨ, ਜ਼ਾਲਮ ਦੀ ਈਨ ਮੰਨਣ ਤੋਂ ਨਾਂਹ ਕਰਨੀ ਅਤੇ ਉਸ ਦੇ ਅਤਿਆਚਾਰਾਂ ਨੂੰ ਆਪਣੇ ਸਰੀਰ ਤੇ ਸਹਿਣ ਲਈ ਤਿਆਰ ਹੋਣਾ। ਦੂਜਾ ਆਪ ਨੂੰ ਅਤੇ ਸਾਥੀਆਂ ਨੂੰ ਜ਼ੁਲਮ ਅੱਗੇ ਡੱਟ ਜਾਣ ਲਈ ਤਿਆਰ ਕਰਨਾ ਅਤੇ ਵੈਰੀ ਦਾ ਡੱਟ ਕੇ ਮੁਕਾਬਲਾ ਕਰਨਾ। ਸਮੇਂ ਅਤੇ ਹਾਲਾਤ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਪਹਿਲਾ ਰਸਤਾ ਚੁਣਿਆ, ਐਸਾ ਹੀ ਗੁਰੂ ਤੇਗ ਬਹਾਦਰ ਜੀ ਨੇ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮਾਂ ਦੁਸ਼ਟਾਂ ਤੇ ਦੋਖੀਆਂ ਨੂੰ ਪਛਾੜਨ ਲਈ ਦੂਜਾ ਮਾਰਗ ਚੁਣਿਆ। ਦਸਮ ਪਿਤਾ ਨੇ ਸਿੱਖ ਲਹਿਰ ਨੂੰ 'ਖਾਲਸਾ ਪੰਥ' ਵਿਚ ਬਦਲ ਕੇ ਸੰਤ-ਸਿਪਾਹੀਆਂ ਦੀ ਸੈਨਾ ਤਿਆਰ ਕੀਤੀ ਜਿਸ ਨੇ ਜਰਵਾਣਿਆਂ ਨਾਲ ਲੋਹ-ਲਾਖਾ ਹੋ ਕੇ ਇਤਿਹਾਸ ਦੇ ਨਵੇਂ ਪੰਨੇ ਲਿਖੇ।

ਦਰਅਸਲ ਪੰਚਮ ਪਾਤਸ਼ਾਹ ਇਕ ਵਿਅਕਤੀ ਨਹੀਂ ਸਨ, ਨਾ ਹੀ ਉਨ੍ਹਾਂ ਦੀ ਸ਼ਹਾਦਤ ਇਕ ਪੁਰਸ਼ ਦੀ ਸ਼ਹਾਦਤ ਸੀ। ਗੁਰੂ ਮਹਾਰਾਜ ਇਕ ਸੰਸਥਾ ਸਨ, ਇਕ ਲਹਿਰ ਸਨ, ਇਕ ਲੋਕ ਲਹਿਰ ਜਿਸ ਦੇ ਸੰਚਾਲਕ ਤੇ ਨਿਰਮਾਤਾ ਸਨ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਵੈਰ ਵਿਰੋਧ, ਨਫਰਤ, ਈਰਖਾ ਅਤੇ ਦ੍ਵੈਤਾਂ ਵਿਚ ਖੰਡ-ਖੰਡ ਹੋਈ ਲੋਕਾਈ ਨੂੰ ਪ੍ਰੇਮ ਦੇ ਧਾਗੇ ਵਿਚ ਪਰੋਇਆ, 'ਨੀਚਾ ਅੰਦਰ ਨੀਚ ਜਾਤ' ਦੇ ਸੰਗੀ ਸਾਥੀ ਬਣੇ। ਬ੍ਰਾਹਮਣਵਾਦ ਦੇ ਕਰਮ ਕਾਂਡ, ਦੇਵੀ ਦੇਵਤਿਆਂ ਦੇ ਭਰਮ ਅਤੇ ਪਾਖੰਡ ਜਾਲ ਅਤੇ ਮਨੂੰ ਦੇ ਨਫਰਤਾਂ ਭਰੇ ਊਚ ਨੀਚ, ਜਾਤੀ ਜਿਨਸੀ ਭੇਦ ਭਾਵਾਂ ਦੀ ਗੁਲਾਮੀ ਦੇ ਸੰਗਲ ਕੱਟ ਕੇ, ਸਭੋ ਸਾਂਝੀਵਾਲ ਸਦਾਇਨ ਕੋਇ ਨ ਦਿਸੈ ਬਾਹਰਾ ਜੀਉ' ਦਾ ਸਕਾਰਾਤਮਕ ਉਪਦੇਸ਼ ਦੇ ਕੇ ਇਕ ਪ੍ਰਮਾਤਮਾ (ੴ) ਦੀ ਭਗਤੀ ਨਾਲ ਜੋੜਿਆ। ਸੰਗਤ ਤੇ ਪੰਗਤ ਕਾਇਮ ਕੀਤੀ। ਕਿਰਤ ਨੂੰ ਵਡਿਆਇਆ, ਵਿਸ਼ੇਸ਼ ਕਰਕੇ ਸ਼ੂਦਰ ਤੇ ਵੈਸ਼ ਕਿਰਤੀਆਂ ਨੂੰ ਸ੍ਵੈਮਾਨ ਨਾਲ ਜੀਉਣਾ ਦਸਿਆ। ਵਿਦੇਸ਼ੀ ਹਕੂਮਤ ਦੇ ਜਰਵਾਣਿਆਂ ਨੂੰ 'ਰਾਜੇ ਸ਼ੀਹ ਮੁਕੱਦਮ ਕੁਤੇ' ਕਹਿ ਕੇ ਉਨ੍ਹਾਂ ਦੇ ਨੀਵੇਂ ਕਿਰਦਾਰ ਤੇ ਭ੍ਰਿਸ਼ਟਾਚਾਰ ਦੀ ਨਿਖੇਦੀ ਕਰਕੇ ਲੋਕ-ਬਿਰਤੀ ਵਿਚ ਨਵਾਂ ਸਾਹਸ ਭਰਿਆ।

ਇਸ ਲਹਿਰ ਵਿਚ ਦੂਜੀ, ਤੀਜੀ, ਚੌਥੀ ਪਾਤਸ਼ਾਹੀ ਨੇ ਯੋਗ ਦਾਨ ਪਾ ਕੇ ਇਸ ਦੀਆਂ ਨੀਹਾਂ ਮਜ਼ਬੂਤ ਕੀਤੀਆਂ।

ਪੰਜਵੇਂ ਪਾਤਸ਼ਾਹ ਨੇ ਸਿੱਖ ਲਹਿਰ ਨੂੰ ਜਥੇਬੰਦ ਕਰਨ ਲਈ ਕਈ ਸਾਕਾਰਤਮਕ ਕਦਮ ਚੁੱਕੇ। ਸਰਬ ਸਾਂਝਾ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਸੰਪਾਦਨ ਕੀਤਾ ਜਿਸ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਹਿੰਦੂ ਭਗਤਾਂ ਅਤੇ ਮੁਸਲਮਾਨ ਰੂਹਾਨੀ ਫਕੀਰਾਂ ਦੀ ਬਾਣੀ ਪੂਰੇ ਸਤਿਕਾਰ ਨਾਲ ਸਮਿਲਤ ਕੀਤੀ। ਧਰਮਾਂ ਦੇ ਇਤਿਹਾਸ ਵਿਚ ਐਸਾ ਇਨਕਲਾਬੀ ਕਰਮ ਕਿਤੇ ਵੀ ਪ੍ਰਾਪਤ ਨਹੀਂ। ਅੰਮ੍ਰਿਤ ਸਰੋਵਰ ਵਿਚ ਹਰਿਮੰਦਰ, ਦਰਬਾਰ ਸਾਹਿਬ ਦੀ ਸਥਾਪਨਾ ਕੀਤੀ ਅਤੇ ਇਸ ਦੀ ਨੀਂਹ ਮੁਸਲਮਾਨ ਫਕੀਰ ਹਜ਼ਰਤ ਮੀਆਂ ਮੀਰ ਤੋਂ ਰਖਵਾਈ। ਕਿਸੇ ਧਾਰਮਕ ਅਸਥਾਨ ਦੀ ਨੀਂਹ ਕਿਸੇ ਦੂਜੇ ਧਰਮ ਦੇ ਮੰਨਣ ਵਾਲੇ ਤੋਂ ਰਖਵਾਣੀ, ਇਹ ਵੀ ਸਾਂਝੀਵਾਲਤਾ ਦਾ ਇਕ ਮਹਾਨ ਕਰਮ ਸੀ। ਦਰਬਾਰ ਸਾਹਿਬ ਦੀ ਇਮਾਰਤ, ਸਰੋਵਰ ਅਤੇ ਪ੍ਰਕਰਮਾ ਨੂੰ ਨੀਵਾਂ ਰੱਖ ਕੇ ਨਿਮਰ ਰਹਿਣ ਦੀ ਪ੍ਰੇਰਨਾ ਕੀਤੀ, ਚਾਰ ਦਰਵਾਜ਼ੇ ਰੱਖ ਕੇ ਚਾਰਾਂ ਦਿਸ਼ਾਵਾਂ ਤੋਂ, ਚਾਰੇ ਵਰਣਾਂ ਜਾਤੀਆਂ ਤੋਂ ਆਉਣ ਵਾਲਿਆਂ ਨੂੰ ਜੀਅ-ਆਇਆਂ ਕਿਹਾ। ਅੰਮ੍ਰਿਤਸਰ ਨੂੰ ਵਿਉਪਾਰਕ ਕੇਂਦਰ ਬਣਾਉਣ ਲਈ ਹਰ ਤਰ੍ਹਾਂ ਦੇ ਕਿੱਤੇ ਤੇ ਕਾਰੀਗਰਾਂ ਨੂੰ ਪੁਰਸਾਹਤ ਕੀਤਾ। ਲੋਕ ਭਲਾਈ ਲਈ ਨਵੇਂ ਅਸਥਾਨ - ਤਰਨਤਾਰਨ, ਕਰਤਾਰਪੁਰ, ਛੇਹਰਟਾ ਸਾਹਿਬ, ਹਰਿਗੋਬਿੰਦਪੁਰ ਨਗਰ ਵਸਾਏ। ਮਨੁੱਖਤਾ ਦੀ ਭਲਾਈ ਲਈ ਸਰੋਵਰ, ਬਉਲੀਆਂ ਤਿਆਰ ਕਰਵਾਈਆਂ। ਸੰਨ 1595 ਵਿਚ ਸਖਤ ਔੜ ਕਾਰਨ ਪਾਣੀ ਦੀ ਥੁੜ ਹੋ ਗਈ। ਆਪ ਜੀ ਨੇ ਸੇਵਕਾਂ ਨੂੰ ਨਾਲ ਲੈ ਕਈ ਪਿੰਡਾਂ ਵਿਚ ਖੂਹ ਲਗਵਾਏ। ਜਦੋਂ ਲਾਹੌਰ ਵਿਚ ਕਾਲ ਕਾਰਨ ਕਈ ਬਿਮਾਰੀਆਂ ਫੈਲ ਗਈਆਂ ਅਤੇ ਘਰ-ਘਰ ਲੋਕ

ਕਾਲ-ਗ੍ਰਸਤ ਹੋਣ ਲੱਗੇ ਤਾਂ ਮੁਰਦਿਆਂ ਦੀ ਸੰਭਾਲ ਕਰਨੀ ਮੁਸ਼ਕਲ ਹੋ ਗਈ। ਗੁਰੂ ਮਹਾਰਾਜ ਸਿੱਖ ਸੇਵਕਾਂ ਸਮੇਤ ਲਾਹੌਰ ਪੁੱਜੇ ਤੇ ਸੇਵਾ ਵਿਚ ਜੁੱਟ ਗਏ। ਆਪਣੀ ਹੱਥੀਂ ਬੀਮਾਰਾਂ ਤੇ ਮੁਰਦਿਆਂ ਦੀ ਸੇਵਾ ਸੰਭਾਲ ਕੀਤੀ। ਬਾਦਸ਼ਾਹ ਅਕਬਰ ਆਪ ਜੀ ਦੀ ਸੇਵਾ ਤੇ ਬਹੁਤ ਪ੍ਰਸੰਨ ਹੋਇਆ ਤੇ ਆਪ ਜੀ ਦੀ ਇਛਿਆ ਅਨੁਸਾਰ ਕਿਸਾਨਾਂ ਦਾ ਮਾਮਲਾ ਮੁਆਫ ਕਰ ਦਿਤਾ। ਆਪ ਜੀ 8 ਮਹੀਨੇ ਲਾਹੌਰ ਰਹੇ ਤੇ ਇਸ ਸਮੇਂ ਵਿਚ ਚੂਨਾਮੰਡੀ ਵਿਚ ਗੁਰੂ ਅਮਰਦਾਸ ਜੀ ਦੇ ਜਨਮ ਅਸਥਾਨ ਦੀ ਸੇਵਾ ਕਰਵਾਈ। ਡੱਬੀ ਬਜ਼ਾਰ ਵਿਚ ਗੁਰਦਵਾਰਾ ਬਉਲੀ ਸਾਹਿਬ ਬਣਾਇਆ ਅਤੇ ਯਤੀਮਾਂ ਲਈ ਆਸ਼ਰਮ ਕਾਇਮ ਕੀਤਾ।

ਇਸ ਤਰ੍ਹਾਂ ਸਿੱਖ ਲਹਿਰ ਦੇ ਸਾਦਾ ਤੇ ਸਾਂਝੀਵਾਲਤਾ ਵਾਲੇ ਪਰਉਪਕਾਰੀ ਜੀਵਨ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਧਰਮਾਂ ਦੇ ਅਨਿਆਈਆਂ ਨੂੰ ਇਸ ਵਲ ਪ੍ਰੇਰਤ ਕੀਤਾ। ਨੀਵੀਆਂ ਜਾਤੀਆਂ ਨੂੰ ਧਾਰਮਿਕ ਮਾਣ ਮਰਿਆਦਾ ਵਿਚ ਸੰਮਿਲਤ ਕੀਤਾ ਗਿਆ, ਇਸ ਲਈ ਉਚ ਜਾਤੀਏ ਬ੍ਰਾਹਮਣ ਨਾਖੁਸ਼ ਸਨ। ਮੁਸਲਮਾਨਾਂ ਦੀ ਗੁਰੂ ਮਹਾਰਾਜ ਪ੍ਰਤੀ ਸ਼ਰਧਾ ਅਤੇ ਪਿਆਰ ਕੱਟੜਵਾਦੀ ਮੁਸਲਮਾਨਾਂ ਅਤੇ ਮੌਲਵੀਆਂ ਨੂੰ ਦੁਖਦਾਈ ਲੱਗਾ। ਉਹ ਇਸ ਲਹਿਰ ਨੂੰ ਵਧਦਾ ਫੁਲਦਾ ਵੇਖ ਕੇ ਅੰਦਰੋਂ ਤੜਫ ਰਹੇ ਸਨ ਪਰ ਬੇਬੱਸ ਸਨ ਕਿਉਂਕਿ ਸਮੇਂ ਦਾ ਹਾਕਮ ਅਕਬਲ ਗੁਰੂ ਮਹਾਰਾਜ ਦੇ ਪਰਉਪਕਾਰਾਂ ਤੋਂ ਖੁਸ਼ ਸੀ। ਉਸ ਨੇ ਗੋਇੰਦਵਾਲ ਵਿਖੇ ਸਾਂਝੇ ਲੰਗਰ ਨੂੰ ਵੇਖ ਕੇ ਜਾਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਕਿਹਾ ਕਿ ਗੁਰੂ ਕਾ ਲੰਗਰ ਗੁਰੂ ਦੀਆਂ ਸੰਗਤਾਂ ਨਾਲ ਚਲਦਾ ਹੈ, ਨਾ ਕਿ ਸ਼ਾਹੀ ਜਾਗੀਰਾਂ ਨਾਲ। ਇਸ ਤਰ੍ਹਾਂ ਕੱਟੜਵਾਦੀਆਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ ਜੋ ਸਾਰੀ ਜਨਤਾ ਨੂੰ ਇਸਲਾਮੀ ਦਾਇਰੇ ਵਿਚ ਲਿਆਉਣ ਲਈ ਰਾਜਸੀ ਤਾਕਤ ਦੀ ਵਰਤੋਂ ਕਰਨ ਲਈ ਤੜਪ ਰਹੇ ਸਨ।

ਇਨ੍ਹਾਂ ਕੱਟੜਵਾਦੀਆਂ ਦਾ ਸਭ ਤੋਂ ਪ੍ਰਭਾਵਸ਼ਾਲੀ ਮੁਖੀ ਸ਼ੇਖ ਅਹਿਮਦ ਸਰਹੰਦੀ ਸੀ ਜਿਸ ਨੇ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਸ਼ਹਿਜ਼ਾਦਾ ਸਲੀਮ (ਜਹਾਂਗੀਰ) ਨੂੰ ਰਾਜ ਤਖਤ ਹਾਸਲ ਕਰਨ ਵਿਚ ਵਿਸ਼ੇਸ਼ ਸਹਾਇਤਾ ਕੀਤੀ। ਜਹਾਂਗੀਰ ਦਾ ਇਕ ਵਿਸ਼ਵਾਸ਼ੀ ਤੇ ਵਫਾਦਾਰ ਜਰਨੈਲ ਸ਼ੇਖ ਫਰੀਦ ਬੁਖਾਰੀ ਸੀ। ਉਸਨੇ ਜਹਾਂਗੀਰ ਦੀ ਮੁਲਾਕਾਤ ਆਪਣੇ ਪੀਰ ਅਤੇ ਮੁਰਸ਼ਦ ਸ਼ੇਖ ਅਹਿਮਦ ਸਰਹੰਦੀ ਨਾਲ ਕਰਵਾਈ ਜੋ ਪਹਿਲਾਂ ਹੀ ਰਾਜਸੀ ਸ਼ਕਤੀ ਰਾਹੀਂ ਇਸਲਾਮ ਦਾ ਪ੍ਰਚਾਰ ਕਰਨ ਲਈ ਬਿਹਬਲ ਹੋ ਰਿਹਾ ਸੀ। ਜਹਾਂਗੀਰ ਇਨ੍ਹਾਂ ਦੋਨੋਂ ਕੱਟੜਵਾਦੀਆਂ ਦੇ ਅਸਰ ਰਸੂਖ ਵਿਚ ਆ ਗਿਆ। ਜਦੋਂ ਸਹਿਜ਼ਾਦਾ ਖੁਸਰੋ ਨੇ ਆਪਣੇ ਪਿਤਾ ਜਹਾਂਗੀਰ ਵਿਰੁੱਧ ਬਗਾਵਤ ਕੀਤੀ ਤਾਂ ਇਸ ਨੂੰ ਕੁਚਲਣ ਦੀ ਜ਼ੁਮੇਵਾਰੀ ਵੀ ਜਰਨੈਲ ਫਰੀਦ ਬੁਖਾਰੀ ਨੇ ਆਪਣੇ ਸਿਰ ਲਈ। ਉਸ ਨੇ ਕਾਬਲ ਵਲ ਭਜਦੇ ਖੁਸਰੋ ਨੂੰ ਫੜ ਲਿਆ ਤੇ ਲਾਹੌਰ ਪਹੁੰਚ ਕੇ ਜਹਾਂਗੀਰ ਤੋਂ ਉਸ ਨੂੰ ਕਤਲ ਕਰਨ ਦੀ ਆਗਿਆ ਲੈਣ ਵਿਚ ਸਫਲ ਹੋ ਗਿਆ। ਇਸ ਸਮੇਂ ਹੀ ਸ਼ੇਖ ਅਹਿਮਦ ਸਰਹੰਦੀ ਨੇ ਹਾਲਾਤ ਦਾ ਫਾਇਦਾ ਉਠਾਂਦਿਆਂ ਸਿੱਖ ਲਹਿਰ ਨੂੰ ਕੁਚਲਣ ਦੀ ਠਾਨੀ ਕਿਉਂਕਿ ਇਹ ਲੋਕ ਲਹਿਰ ਦੋਹਾਂ ਧਿਰਾਂ ਵਿਚ ਹਰਮਨ ਪਿਆਰੀ ਹੋ ਰਹੀ ਸੀ ਤੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਵੱਡਾ ਬਾਧਕ ਸਿੱਧ ਹੋ ਰਹੀ ਸੀ। ਇਸ ਤਰ੍ਹਾਂ ਇਕ ਸਾਜਿਸ਼ ਅਧੀਨ ਗੁਰੂ ਅਰਜਨ ਦੇਵ ਜੀ ਨੂੰ ਖੁਸਰੋ ਦੀ ਬਗਾਵਤ ਨਾਲ ਜੋੜਿਆ ਗਿਆ ਅਤੇ ਇਲਜ਼ਾਮ ਲਾਇਆ ਕਿ ਗੁਰੂ ਜੀ ਨੇ ਖੁਸਰੋ ਤੇ ਉਸ ਦੀ ਫੌਜਾਂ ਦੀ ਲੰਗਰ ਪਾਣੀ ਰਾਹੀਂ ਸਹਾਇਤਾ ਕੀਤੀ। ਦੂਜਾ ਇਲਜ਼ਾਮ ਇਹ ਲਾਇਆ ਕਿ ਰਚੇ ਗਏ ਗ੍ਰੰਥ ਵਿਚ ਇਸਲਾਮ ਦੀ ਤੌਹੀਨ ਲਿਖੀ ਗਈ ਹੈ। ਸਾਰਾ ਅਸਰ ਰਸੂਖ ਵਰਤ ਕੇ ਗੁਰੂ ਜੀ ਨੂੰ ਲਾਹੌਰ ਪੇਸ਼ ਹੋਣ ਦਾ ਫੁਰਮਾਨ ਜਾਰੀ ਕਰਵਾ ਲਿਆ। ਗੁਰੂ ਜੀ ਨੇ ਕਿਹਾ ਕਿ ਗੁਰੂ ਘਰ ਵੈਰ ਵਿਰੋਧ ਤੋਂ ਮੁਕਤ ਹੈ। ਗੁਰੂ ਕਾ ਲੰਗਰ ਹਰੇਕ ਪ੍ਰਾਣੀ ਲਈ ਖੁਲ੍ਹਾ ਹੈ, ਕੋਈ ਬੰਦਸ਼ ਨਹੀਂ ਹੁੰਦੀ। ਖੁਸਰੋ ਅਤੇ ਉਸ ਦੇ ਸਾਥੀਆਂ ਨੇ ਗੋਇੰਦਵਾਲ ਵਿਖੇ ਜ਼ਰੂਰ ਪ੍ਰਸ਼ਾਦਾ ਛਕਿਆ ਹੋਣਾ ਹੈ ਪਰ ਮੈਂ ਉਸ ਸਮੇਂ ਤਰਨ ਤਾਰਨ ਸੀ। ਗੁਰੂ ਕਾ ਲੰਗਰ ਰਾਣਾ ਰੰਕ ਸਭ ਲਈ ਹੈ। ਬਾਦਸ਼ਾਹ ਅਕਬਰ ਵੀ ਗੋਇੰਦਵਾਲ ਪ੍ਰਸ਼ਾਦਾ ਛਕ ਕੇ ਅਤੀ ਪ੍ਰਸੰਨ ਹੋਏ ਸਨ। ਉਤਰ ਸੁਣ ਕੇ ਜਹਾਂਗੀਰ ਤਾਂ ਸ਼ਾਂਤ ਹੋ ਗਿਆ ਪਰ ਕੱਟੜਵਾਦੀ ਸ਼ੇਖ ਅਹਿਮਦ ਸਰਹੰਦੀ ਤੇ ਉਸ ਦੇ ਸਾਥੀ ਇਸ ਮੌਕੇ ਨੂੰ ਹੱਥੋਂ ਗਵਾਉਣਾ ਨਹੀਂ ਚਾਹੁੰਦੇ ਸੀ। ਉਨ੍ਹਾਂ ਨੇ ਹੁਣ ਗੁਰੂ ਗ੍ਰੰਥ ਸਾਹਿਬ ਦਾ ਨਰੀਖਣ ਕਰਨ ਦੀ ਪੇਸ਼ਕਸ਼ ਕੀਤੀ।

ਗੁਰੂ ਗ੍ਰੰਥ ਸਾਹਿਬ ਵਿਚੋਂ ਤਿੰਨ ਵਾਰੀ ਸ਼ਬਦ ਪੜ੍ਹੇ ਗਏ ਪਰ ਇਸਲਾਮ ਵਿਰੁੱਧ ਕੁਝ ਨਾ ਨਿਕਲਿਆ। ਸ਼ਰਮਿੰਦਗੀ ਨੂੰ ਬਚਾਉਣ ਲਈ ਇਹ ਹੁਕਮ ਜਾਰੀ ਕਰਵਾਇਆ ਕਿ ਇਸ ਵਿਚ ਹਜ਼ਰਤ ਮੁਹੰਮਦ ਸਾਹਿਬ ਅਤੇ ਇਸਲਾਮ ਦੀ ਤਾਰੀਫ ਲਿਖ ਦਿਤੀ ਜਾਵੇ। ਗੁਰੂ ਜੀ ਨੇ ਕਿਸੇ ਵਿਸ਼ੇਸ਼ ਵਿਅਕਤੀ ਜਾਂ ਧਰਮ ਦੀ ਤਾਰੀਫ ਲਿਖਣ ਤੋਂ ਨਾਂਹ ਕੀਤੀ ਤੇ ਕਿਹਾ ਕਿ ਇਹ ਰੱਬੀ ਕਲਾਮ ਹੈ, ਰੱਬ ਦੀ ਉਸਤਤੀ ਤੋਂ ਬਿਨਾਂ ਇਸ ਵਿਚ ਕੁਝ ਹੋਰ ਨਹੀਂ ਲਿਖਿਆ ਜਾ ਸਕਦਾ। ਕੱਟੜਵਾਦੀਆਂ ਨੇ ਫਤਵਾ ਲਾਇਆ ਕਿ ਗੁਰੂ ਜੀ ਬਾਦਸ਼ਾਹ ਦੇ ਹੁਕਮ ਤੋਂ ਆਕੀ ਹਨ। ਗੁਰੂ ਅਰਜਨ ਬਾਗੀ ਹੈ। ਇਸ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। ਸ਼ਰਾਬ ਵਿਚ ਮਖਮੂਰ ਰਹਿਣ ਵਾਲਾ ਜਹਾਂਗੀਰ ਇਨ੍ਹਾਂ ਮੌਲਵੀਆਂ ਤੇ ਸ਼ੇਖਾਂ ਦਾ ਰਿਣੀ ਸੀ। ਦਬਾਅ ਹੇਠ

ਆ ਗਿਆ ਤੇ ਗੁਰੂ ਜੀ ਉਪਰ ਦੋ ਲੱਖ ਰੁਪਿਆ ਦੰਡ ਲਾ ਕੇ ਆਪ ਸਿੰਧ ਵਲ ਚਲਾ ਗਿਆ। ਗੁਰੂ ਜੀ ਨੇ ਨਾਜਾਇਜ਼ ਦੰਡ ਭਰਨ ਤੋਂ ਨਾਂਹ ਕੀਤੀ। ਦੰਡ ਨਾਂਹ ਭਰਨ ਦੀ ਹਾਲਤ ਵਿਚ ਮੌਤ ਦੀ ਸਜ਼ਾ ਦੇ ਹੁਕਮ ਇਸ ਹੁਕਮ ਨਾਲ ਜ਼ਬਰਦਸਤੀ ਜੋੜੇ ਗਏ। ਲਾਹੌਰ ਦਾ ਗਵਰਨਰ ਮੁਰਤਜ਼ਾਖਾਨ ਵੀ ਗੁਰੂ ਜੀ ਦੀ ਰੂਹਾਨੀ ਤੇ ਪਰਉਪਕਾਰੀ ਸ਼ਖ਼ਸੀਅਤ ਦਾ ਕਾਇਲ ਸੀ। ਇਸ ਹੁਕਮ ਨਾਲ ਉਹ ਵੀ ਡਾਹਢੀ ਕੁੜਿਕੀ ਵਿਚ ਫਸਿਆ ਮਹਿਸੂਸ ਕਰਨ ਲੱਗਾ। ਇਸ ਮੁਸ਼ਕਲ ਸਮੇਂ ਵਿਚ ਦੀਵਾਨ ਚੰਦੂ ਨੇ ਪੇਸ਼ਕਸ਼ ਕੀਤੀ ਕਿ ਗੁਰੂ ਅਰਜਨ ਦੇਵ ਨੂੰ ਉਸ ਦੇ ਹਵਾਲੇ ਕਰ ਦਿਤਾ ਜਾਵੇ। ਇਹ ਜੁਰਮਾਨਾ ਉਹ ਵਸੂਲ ਕਰ ਲਵੇਗਾ ਤੇ ਭਰ ਦੇਵੇਗਾ। ਚੰਦੂ ਗੁਰੂ ਜੀ ਨੂੰ ਆਪਣੀ ਹਵੇਲੀ ਵਿਚ ਲੈ ਗਿਆ ਤੇ ਆਪਣੀ ਲੜਕੀ ਦਾ ਰਿਸ਼ਤਾ ਮੁੜ ਸਵੀਕਾਰ ਕਰਨ ਲਈ ਦਬਾਅ ਪਾਇਆ ਪਰ ਗੁਰੂ ਜੀ ਨੇ ਸੰਗਤ ਦੇ ਹੁਕਮ ਨੂੰ ਬਦਲਣ ਤੋਂ ਸਾਫ ਨਾਂਹ ਕਰ ਦਿਤੀ। ਅਖੀਰ ਚੰਦੂ ਨੇ ਗੁਰੂ ਜੀ ਨੂੰ ਸ਼ੇਖ ਫਰੀਦ ਬੁਖਾਰੀ ਦੇ ਬੰਦਿਆਂ ਦੇ ਹਵਾਲੇ ਕਰ ਦਿਤਾ। ਗੁਰੂ ਜੀ ਨੂੰ ਸ਼ਾਹੀ ਕਿਲੇ ਵਿਚ ਲੈ ਆਂਦਾ ਗਿਆ। ਸ਼ਾਹੀ ਕਾਜ਼ੀ ਤੋਂ ਫਤਵਾ ਲਗਵਾਇਆ ਕਿ ਗੁਰੂ ਜੀ ਨੇ ਦੰਡ ਦੀ ਰਕਮ ਨਹੀਂ ਭਰੀ, ਇਸ ਲਈ ਇਹ ਇਸਲਾਮ ਕਬੂਲ ਕਰਨ ਜਾਂ ਮੌਤ ਦੀ ਸਜ਼ਾ ਭੁਗਤਣ ਲਈ ਤਿਆਰ ਹੋ ਜਾਣ। ਗੁਰੂ ਜੀ ਨੇ ਕਿਹਾ ਕਿ ਇਸਲਾਮ ਕਬੂਲ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਮੌਤ ਤੋਂ ਮੈਨੂੰ ਕੋਈ ਭੈ ਨਹੀਂ, ਜੋ ਮਨ-ਮਰਜ਼ੀ ਤੁਸੀਂ ਕਰਨੀ ਹੈ, ਕਰ ਵੇਖੋ। ਇਸ ਤਰ੍ਹਾਂ ਕਾਜ਼ੀ ਨੇ ਕਾਨੂੰਨ ਯਾਸਾ ਅਨੁਸਾਰ ਗੁਰੂ ਜੀ ਨੂੰ ਤਸੀਹੇ ਦੇ ਕੇ ਮੌਤ ਦੀ ਸਜ਼ਾ ਸੁਣਾਈ। ਗੁਰੂ ਜੀ ਨੂੰ 30 ਮਈ, 1606 ਈ. ਨੂੰ ਕਈ ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਆਪਣੇ ਵਹਿਸ਼ਿਆਨਾ ਜ਼ੁਲਮ ਨੂੰ ਛੁਪਾਉਣ ਲਈ ਗੁਰੂ ਜੀ ਦੇ ਮਿਰਤਕ ਸਰੀਰ ਨੂੰ ਰਾਤ ਦੇ ਅਨ੍ਹੇਰੇ ਵਿਚ ਦਰਿਆ ਰਾਵੀ ਦੇ ਵਗਦੇ ਪਾਣੀਆਂ ਵਿਚ ਰੋੜ੍ਹ ਦਿਤਾ ਗਿਆ। ਇਸ ਤਰ੍ਹਾਂ ਆਪਣੇ ਵਲੋਂ ਕੱਟੜਵਾਦੀਆਂ ਨੇ ਗੁਰੂ ਅਰਜਨ ਦੇਵ ਨੂੰ ਸ਼ਹੀਦ ਕਰਕੇ ਇਸ ਲਹਿਰ ਨੂੰ ਖਤਮ ਕਰਨਾ ਚਾਹਿਆ ਪਰ ਜਿਸ ਲਹਿਰ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਸੱਚ ਦੇ ਸਿਧਾਂਤਾਂ ਤੇ ਰੱਖੀ ਸੀ, ਉਸ ਨੇ ਆਵਸ਼ਕ ਤੌਰ ਤੇ ਨਿਤ ਨਿਤ ਸਵਾਇਆ ਹੋਣਾ ਸੀ, ਬੇਅੰਤ ਸ਼ਹੀਦੀਆਂ ਹੋਈਆਂ ਪਰ ਸਿੱਖ ਲਹਿਰ ਵਧਦੀ ਹੀ ਗਈ ਤੇ ਦਿਨ ਪ੍ਰਤੀਦਿਨ ਵਾਧੇ ਵਿਚ ਹੈ। ਇਹ ਹੈ ਗੁਰੂ ਅਰਜਨ ਦੇਵ ਜੀ ਦੀ ਦੀ ਪਰਮ ਸ਼ਹੀਦੀ ਦਾ ਪ੍ਰਣਾਮ।

ਸ਼ਹੀਦੀ ਦੇ ਉਪਲਕਸ਼ ਵਿਚ ਪੇਸ਼ ਹੈ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਦਾ ਲੇਖ, "ਜਪਿਓ ਜਿਨ ਅਰਜਨ ਦੇਵ ਗੁਰੂ'

'ਆਤਮ ਮਾਰਗ' ਦੇ ਪ੍ਰੇਮੀਆਂ ਨੂੰ ਵਿਦਿਤ ਹੈ ਕਿ ਜੂਨ 17 ਨੂੰ ਮਹਾਂਪੁਰਸ਼ਾਂ ਦਾ ਜਨਮ ਦਿਵਸ ਹੈ ਜਿਸ ਨਾਲ ਅਸੀਂ ਯਾਦ ਕਰਦੇ ਹਾਂ ਉਨ੍ਹਾਂ ਦਾ ਪਰਉਪਕਾਰੀ ਜੀਵਨ, ਉਨ੍ਹਾਂ ਦਾ ਰੂਹਾਨੀ ਅਨੁਭਵ, ਲੋਕ ਭਲਾਈ ਲਈ ਕੀਤੇ ਮਹਾਨ ਕਾਰਜ। ਗੁਰਸਿੱਖ ਘਰਾਣੇ ਵਿਚ ਜਨਮ ਹੋਣ ਕਾਰਨ ਆਪ ਜੀ ਨੂੰ ਸਿੱਖੀ ਜੀਵਨ ਅਤੇ ਗੁਰਬਾਣੀ ਦਾ ਪਿਆਰ ਵਿਰਸੇ ਵਿਚ ਪ੍ਰਾਪਤ ਹੋਇਆ। ਨੌਜਵਾਨ ਅਵਸਥਾ ਵਿਚ ਜਦੋਂ ਕਿ ਆਮ ਰੁਚੀ ਖਾਣ ਪੀਣ, ਖੇਡਣ ਕੁੱਦਣ ਤੇ ਐਸ਼ ਕਰਨ ਦੀ ਹੁੰਦੀ ਹੈ, ਆਪ ਜੀ ਘੰਟਿਆਂ ਬੱਧੀ ਬੰਦਗੀ ਵਿਚ ਮਖਮੂਰ ਰਹਿੰਦੇ। ਸੰਤ ਈਸ਼ਰ ਸਿੰਘ ਜੀ (ਰਾੜਾ ਸਾਹਿਬ) ਦੇ ਸੰਪਰਕ ਵਿਚ ਆ ਕੇ ਆਪ ਜੀ ਦਾ ਰੂਹਾਨੀਅਤ ਦਾ ਪੈਂਡਾ ਸੌਖਾ ਤੇ ਸਿੱਧਾ ਹੋ ਕੇ ਉਚੀਆਂ ਮੰਜ਼ਲਾਂ ਵਲ ਵਧਣ ਲੱਗਾ। ਜੀਵਨ ਸਾਥੀ ਵੀ ਅਜਿਹਾ ਮਿਲਿਆ ਜੋ ਭਜਨ ਬੰਦਗੀ ਵਿਚ ਬਾਧਕ ਹੋਣ ਦੀ ਥਾਂ ਸਹਾਈ ਸਿੱਧ ਹੋਇਆ। ਉਨ੍ਹਾਂ ਦੇ ਰੂਹਾਨੀ ਅਨੁਭਵ ਪ੍ਰਾਪਤੀ ਵਿਚ ਅਤੇ ਪਰਉਪਕਾਰੀ ਜੀਵਨ ਵਿਚ ਸਤਿਕਾਰਯੋਗ ਬੀਜੀ ਦਾ ਬਹੁਤ ਯੋਗਦਾਨ ਹੈ। ਆਪ ਜੀ ਨੇ ਸਿਵਲ ਸਕੱਤਰੇਤ ਵਿਚ ਨੌਕਰੀ ਵੀ ਕੀਤੀ ਪਰ ਉਥੇ ਵੀ ਸਵੇਰੇ ਸ਼ਾਮ ਜਾਂ ਦੁਪਿਹਰ ਭੋਜਨ ਸਮੇਂ ਸਾਥੀਆਂ ਨਾਲ ਸਤਿਸੰਗ ਹੀ ਕਰਦੇ, ਗੁਰਬਾਣੀ ਵਿਚਾਰਦੇ ਤੇ ਰੂਹਾਨੀ ਪੈਂਡੇ ਦੀਆਂ ਉਲਝਣਾਂ ਵਿਚਾਰਦੇ। ਜੇ ਯੂ.ਪੀ. ਤੈਰਾਈ ਦੇ ਇਲਾਕੇ ਖੇਤੀ ਬਾੜੀ ਕੀਤੀ ਤਾਂ ਨਿਰੰਤਰ ਸ਼ਾਮ ਦੇ ਦੀਵਾਨ ਸਜਾ ਕੇ ਕਿਸਾਨ ਵੀਰਾਂ ਨੂੰ ਨਾਮ ਬਾਣੀ ਨਾਲ ਜੋੜਦੇ। ਇਸ ਤਰ੍ਹਾਂ ਹਜ਼ਾਰਾਂ ਪ੍ਰਾਣੀਆਂ ਨੂੰ ਚੋਰੀ-ਡਾਕੇ ਤੇ ਨਸ਼ਿਆਂ ਦੇ ਜੀਵਨ ਵਿਚੋਂ ਕੱਢ ਕੇ ਗੁਰੂ ਚਰਨਾਂ ਨਾਲ ਜੋੜਿਆ। ਰਾੜਾ ਸਾਹਿਬ ਦੇ ਮਹਾਂਪੁਰਸ਼ਾਂ ਦਾ ਹੁਕਮ ਮੰਨ ਕੇ ਰਤਵਾੜਾ ਸਾਹਿਬ ਦੀ ਧਰਤੀ ਨੂੰ ਭਾਗ ਲਾਏ, ਉਜਾੜ ਬੀਆਬਾਨ ਥਾਂ ਬਗੀਚਿਆਂ, ਫੁੱਲਾਂ, ਰੁੱਖਾਂ ਤੇ ਖੇਤੀਆਂ ਨਾਲ ਲਹਿਲਹਾ ਉਠਿਆ, ਦਿਨ ਰਾਤ ਭਜਨ ਬੰਦਗੀ ਦੇ ਪਰਵਾਹ ਚੱਲੇ, ਸੰਗਤਾਂ ਜੁੜੀਆਂ, ਨਿਰੰਤਰ ਲੰਗਰਾਂ ਦੀ ਸੇਵਾ ਹੋਣ ਲੱਗੀ, ਹਸਪਤਾਲ ਬਣ ਗਏ, ਆਏ ਗਏ ਲਈ ਸਰਾਵਾਂ ਬਣ ਗਈਆਂ, ਪਰਦੇਸਾਂ ਤੋਂ ਆਉਣ ਵਾਲਿਆਂ ਲਈ ਵਿਸ਼ੇਸ਼ ਰਿਹਾਇਸ਼-ਘਰ ਬਣ ਗਏ, ਗੁਰੂ ਮਹਾਰਾਜ ਦੇ ਸੋਹਣੇ ਮਖਮਰੀ ਅਸਥਾਨ ਉਸਰ ਗਏ, ਸਕੂਲਾਂ ਕਾਲਜਾਂ ਦਾ ਨਿਰਮਾਣ ਹੋਇਆ। ਗੁਰੂ ਮਹਾਰਾਜ ਦੇ ਨਾਮ-ਬਾਣੀ ਦੇ ਸੁਨੇਹੇ ਨੂੰ ਘਰ-ਘਰ ਪਹੁੰਚਾਣ ਲਈ 1995 ਦੀ ਵਿਸਾਖੀ ਨੂੰ ਆਤਮ ਮਾਰਗ ਦਾ ਸੰਚਾਲਨ ਹੋਇਆ ਜੋ ਵਧਦਾ ਵਧਦਾ 30,000 ਘਰਾਂ ਵਿਚ ਪੁਜਣ ਲੱਗਾ। ਆਡੀਓ, ਵੀਡੀਓ, ਕੈਸਟਾਂ ਰਾਹੀਂ ਨਾਮ ਬਾਣੀ ਦਾ ਪਾਸਾਰ ਹੋਣ ਲੱਗਾ। ਮਹਾਂਪੁਰਸ਼ਾਂ ਵਲੋਂ ਨਾਮ-ਬਾਣੀ ਦੇ ਪ੍ਰਸੰਗਾਂ ਤੇ

(ਬਾਕੀ ਪੰਨਾ 60 ਤੇ)

# ਜਪਉ ਦਿਨ ਅਰਜਨ ਦੇਵ ਗੁਰੂ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਗੁਰੂ ਅਰਜਨ ਸਾਹਿਬ ਪਾਤਸ਼ਾਹ ਜੀ ਦਾ ਪਾਵਨ ਸ਼ਹੀਦੀ ਦਿਹਾੜਾ ਜੋ ਕਿ ਸਾਰੇ ਸੰਸਾਰ ਭਰ ਵਿਚ ਮਨਾਇਆ ਜਾ ਰਿਹਾ ਹੈ, ਉਸ ਦੀ ਯਾਦ ਵਿਚ ਤੁਸੀਂ ਦੂਰ-ਦਰਾਜ਼ ਤੋਂ ਆ ਕੇ, ਕਾਰੋਬਾਰ ਛਡਦੇ ਹੋਏ, ਗੁਰੂ ਦੀ ਹਾਜ਼ਰੀ ਭਰ ਰਹੇ ਹੋਂ। ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਸਰਵਣ ਕਰਨਾ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਕੰਨਾਂ ਦੇ ਨਾਲ ਪਾਵਨ ਬਾਣੀ ਤੇ ਵਿਚਾਰ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰੋ ਫੇਰ ਹਿਰਦੇ ਵਿਚ ਧਾਰੋ। ਜਦੋਂ ਇਸ ਤਰ੍ਹਾਂ ਕਰਾਂਗੇ, ਕਿੰਨਾ ਫਲ ਹੋਏਗਾ?

ਹੋ ਸਕਦਾ ਹੈ ਕਿ ਕਿਸੇ ਦੇ ਮਨ ਵਿਚ ਇਹ ਕਿੰਤੂ ਹੋਵੇ, ਬਈ ਐਨੀ ਕੁ ਗੱਲ ਦਾ, ਸ਼ਾਮਿਆਨੇ ਦੇ ਥੱਲੇ ਬੈਠੇ ਹਾਂ, ਇਕ ਸਾਧੂ ਹੈ, ਤਪੀਆ ਪੁਰਸ਼ ਹੈ, ਉਹ ਧੁੱਪੇ ਬੈਠਾ ਹੈ ਜੇਠ ਹਾੜ੍ਹ ਦੀ ਧੁੱਪ ਦੇ ਅੰਦਰ। ਧੂਣੀਆਂ ਉਹਨੇ ਚਾਰ ਲਾਈਆਂ ਹੋਈਆਂ ਨੇ, ਚਾਰੋਂ ਪਾਸੇ ਦੀ ਹਵਾ ਦੇ। ਲਹੂ ਸੁਕਾ ਰਿਹਾ ਹੈ, ਪਾਣੀ ਨਹੀਂ ਪੀ ਰਿਹਾ, ਸਵੇਰ ਦਾ ਬੈਠਾ ਹੈ ਸ਼ਾਮ ਹੋ ਗਈ, ਮਹੀਨੇ ਲੰਘ ਗਏ। ਕੀ ਉਸ ਤੋਂ ਵੀ ਵੱਧ ਤਪ ਹੋ ਜਾਂਦਾ ਹੈ। ਮਹਾਰਾਜ ਕਹਿੰਦੇ, ਉਹ ਤਾਂ ਜਿਵੇਂ ਲੱਖ ਰੁਪਈਏ ਤੋਂ ਇਕ ਰੁਪਈਆ ਕਹਿ ਦੇਈਏ, ਐਨਾ ਵੀ ਨਹੀਂ ਹੈਗਾ। ਇਸ ਤੋਂ ਵੀ ਘੱਟ ਹੈ, ਇਕ ਪੈਸੇ ਜਿੰਨਾ ਵੀ ਨਹੀਂ ਹੈ। ਇਹਦਾ ਫਲ ਕਿੰਨਾ ਹੈ? -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ - 546*

ਜਿਹੜੇ ਸੁਣਦੇ ਨੇ ਪੂਰੀ ਵਿਧੀ ਦੇ ਨਾਲ, ਫੇਰ ਗਾਉਂਦੇ ਨੇ ਕਈ ਕਰੋੜ ਜਗਾਂ ਦਾ ਫਲ ਸਹਿਜ ਸੁਭਾਅ ਪ੍ਰਾਪਤ ਹੁੰਦਾ ਹੈ। ਸੋ ਬਹੁਤ ਵੱਡੇ ਫਲ ਨੂੰ ਪ੍ਰਾਪਤ ਕਰਨ ਵਾਸਤੇ ਤੁਸੀਂ ਇਥੇ ਬੈਠੇ ਹੋਂ। ਸੋ ਜੋ ਵਿਚਾਰ ਹੋ ਰਹੀ ਹੈ, ਉਸ ਨੂੰ ਧਿਆਨ ਨਾਲ ਸਰਵਣ ਕਰੋ।

ਸੋ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਜਿਨ੍ਹਾਂ ਦਾ ਨਾਮ ਲੈਣ ਦੇ ਨਾਲ ਹੀ ਜੰਮਣਾ ਮਰਣਾ ਕਟ ਜਾਇਆ ਕਰਦਾ ਹੈ, ਜਦੋਂ ਅਸੀਂ ਯਾਦ ਕਰਦੇ ਹਾਂ ਗੁਰੂ ਮਹਾਰਾਜ ਨੂੰ। ਉਨ੍ਹਾਂ ਦੀ ਯਾਦ ਵਿਚ ਸਾਡੇ ਮਨ ਦੀ ਸੂਈ ਸਿੱਧੀ ਹੁੰਦੀ ਹੈ, ਤਾਂ ਉਸ ਵੇਲੇ ਫਲ ਕਿੰਨਾ ਹੁੰਦਾ ਹੈ? ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ ਕਿ ਜੰਮਣਾ ਮਰਨਾ ਖਤਮ ਹੋ ਜਾਂਦਾ ਹੈ।

*ਜਪਉ ਦਿਨ ਅਰਜਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ॥ ਅੰਗ - 1409*

ਜਿਨ੍ਹਾਂ ਨੇ ਵੀ ਗੁਰੂ ਅਰਜਨ ਦੇਵ ਜੀ ਦੀ ਯਾਦ ਹਿਰਦੇ ਵਿਚ ਬਿਠਾਈ ਤੇ ਜਿਸ ਨੇ ਇਹ ਕਹਿ ਦਿਤਾ 'ਧੰਨ ਗੁਰੂ ਅਰਜਨ ਸਾਹਿਬ, ਧੰਨ ਗੁਰੂ ਅਰਜਨ ਸਾਹਿਬ' ਕਹਿੰਦੇ ਜਮਦੂਤਾਂ ਦੇ ਬਲ ਦੇ ਨਾਲ ਗਲ ਵਿਚ ਪਾਈ ਹੋਈ ਫਾਹੀ ਕਟ ਜਾਏਗੀ। ਉਸ ਗੁਰੂ ਦੀ ਯਾਦ ਵਿਚ ਜਿਸਨੂੰ ਸ਼ਹੀਦਾਂ ਦਾ ਸਿਰਤਾਜ ਕਹਿੰਦੇ ਨੇ, ਉਨ੍ਹਾਂ ਬਾਰੇ ਵਿਚਾਰ ਕਰਨੀ ਹੈ।

ਭੱਟ ਸਾਰੇ ਭਾਰਤ ਵਰਸ਼ ਵਿਚ ਘੁੰਮਦੇ ਫਿਰਦੇ ਨੇ ਤੇ ਉਨ੍ਹਾਂ ਦੇ ਮਨ ਵਿਚ ਇਹ ਸੀ ਕਿ ਕੋਈ ਪੂਰਾ ਮਿਲ ਜਾਵੇ ਤਾਂ ਉਸ ਤੋਂ ਅਸੀਂ ਜੀਵਨ ਦੇ ਮਨੋਰਥ ਦਾ ਪਤਾ ਕਰੀਏ ਤੇ ਪਰਮ ਮਨੋਰਥ ਨੂੰ ਪ੍ਰਾਪਤ ਕਰੀਏ। ਉਹ ਬਹੁਤ ਘੁੰਮਦੇ ਰਹੇ, ਪਰ ਕਿਤੇ ਨਾ ਮਿਲਿਆ, ਇਕ ਸਾਲ ਹੋ ਗਿਆ ਘੁੰਮਦਿਆਂ ਨੂੰ। ਲੇਕਿਨ ਕੋਈ ਮਿਲਿਆ ਨਾ ਐਸਾ ਜਿਹੜਾ ਤਸੱਲੀ ਕਰ ਸਕਦਾ ਹੋਵੇ। ਜਿਹੜਾ ਅੰਦਰਲੀ ਜੋਤੀ ਜਗਾ ਸਕਦਾ ਹੋਵੇ। ਜਿਹੜਾ ਅੰਦਰਲਾ -

*ਘਰਿ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੇ ਸਬਦੁ ਨੀਸਾਣੁ॥*
*ਅੰਗ - 1291*

ਜਿਹੜਾ ਇਸ ਥਾਂ ਤੇ ਅੰਦਰ ਪਹੁੰਚਾ ਦਿੰਦਾ, ਜਿਥੇ ਪੰਜੇ ਸ਼ਬਦਾਂ ਦਾ ਵਾਜਾ ਦਿਨ ਰਾਤ ਵਜਦਾ ਹੈ। ਜਿਥੇ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹਰ ਵਕਤ ਲਟ-ਲਟ ਕਰਦਾ ਹੈ। ਕੋਈ ਮਿਲਿਆ ਨਾ, ਵੱਡੇ-ਵੱਡੇ ਦੇਖੇ। ਲੇਕਿਨ ਰਹਿਤ ਨਾ ਦੇਖੀ। ਪਰ ਹੁਣ ਕਹਿੰਦੇ ਸਾਡੇ ਮੱਥੇ ਦੇ ਉਤੇ ਐਸਾ ਕੋਈ ਸ਼ੁਭ ਕਰਮ ਪ੍ਰਗਟ ਹੋ ਗਿਆ ਕਿ ਅਸੀਂ ਗੁਰੂ ਅਰਜਨ ਪਾਤਸ਼ਾਹ ਦੇ ਦਰਬਾਰ ਵਿਚ ਆ ਗਏ। ਜਿੰਨਾਂ ਚਿਰ ਨਹੀਂ ਪ੍ਰਗਟਿਆ ਸੀ ਓਨਾ ਚਿਰ ਅਸੀਂ ਭਰਮਦੇ ਫਿਰਦੇ ਸੀ।

*ਜਬ ਲਉ ਨਹੀ ਭਾਗ ਲਿਲਾਰ ਉਦੈ*
*ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥*
*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ*
*ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥ ਅੰਗ - 1409*

ਕੋਈ ਨਹੀਂ ਸੀ ਮਿਲਿਆ।

*ਤਤੁ ਬਿਚਾਰੁ ਯਹੈ ਮਥੁਰਾ*
*ਜਗ ਤਾਰਨ ਕਉ ਅਵਤਾਰੁ ਬਨਾਯਉ॥*
*ਜਪਉ ਜਿਨ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ॥ ਅੰਗ - 1409*

ਜਿਹਨੇ ਉਨ੍ਹਾਂ ਦਾ ਧਿਆਨ ਧਰ ਲਿਆ ਫੇਰ ਨਾ ਉਹਦੇ ਉਤੇ ਕੋਈ ਦੁਖ ਆਵੇ, ਨਾ ਜੂਨੀਆਂ 'ਚ ਆਵੇ। ਭੂਤ ਪ੍ਰੇਤ ਨਹੀਂ ਬਣਦਾ।

ਗੁਰੂ ਅਰਜਨ ਪਾਤਸ਼ਾਹ, ਆਪ ਗੁਰੂ ਰਾਮਦਾਸ ਮਹਾਰਾਜ ਜੀ ਦੇ ਸਭ ਤੋਂ ਛੋਟੇ ਸਪੁੱਤਰ ਸੀ। ਇਸੇ ਪਰਿਵਾਰ ਦੇ ਅੰਦਰ ਜੋ ਸਭ ਤੋਂ ਵੱਡੇ ਸੀ, ਪ੍ਰਿਥੀਚੰਦ ਉਹ ਦੁਨਿਆਵੀ ਤੌਰ ਦੇ ਉਤੇ ਬਹੁਤ ਹੁਸ਼ਿਆਰ ਸੀ। ਕਾਰੋਬਾਰ ਦੇ ਹਿਸਾਬ ਦੇ ਨਾਲ, ਨਵਾਂ ਅੰਮ੍ਰਿਤਸਰ ਸਾਹਿਬ ਦਾ ਸ਼ਹਿਰ ਵਸਾਇਆ ਸੀ। 52 ਕਸਬਾਂ ਵਾਲੇ ਬੰਦੇ ਉਥੇ ਲਿਆ ਕੇ ਵਸਾਏ। ਜਦੋਂ ਕੋਈ ਸ਼ਹਿਰ ਵਸਦਾ ਹੈ, ਉਸ ਵੇਲੇ ਬਹੁਤ ਜ਼ਿੰਮੇਵਾਰੀ ਵਧ ਜਾਂਦੀ ਹੈ, ਵਸਾਉਣ ਵਾਲੇ ਦੀ। ਉਨ੍ਹਾਂ ਦਾ ਪਾਣੀ ਦਾ ਬੰਦੋਬਸਤ, ਉਨ੍ਹਾਂ ਦੀ ਸਿਹਤ ਦਾ ਬੰਦੋਬਸਤ, ਸਫਾਈ ਦਾ ਬੰਦੋਬਸਤ, ਖਾਣ ਪੀਣ ਦਾ ਬੰਦੋਬਸਤ, ਦੁਕਾਨਾਂ ਦਾ ਬੰਦੋਬਸਤ, ਲੋੜਵੰਦ ਚੀਜ਼ਾਂ ਦਾ ਬੰਦੋਬਸਤ, ਮੰਡੀ ਬਣਾਉਣੀ ਪੈਂਦੀ ਹੈ, ਸਾਰਾ ਢਾਂਚਾ ਬਣਾਉਣਾ ਪੈਂਦਾ ਹੈ। ਸੋ ਉਹਦੇ ਵਿਚ ਬੜਾ ਹੀ ਨਿਪੁੰਨ ਸੀ ਪ੍ਰਿਥੀ ਚੰਦ, ਕਮੇਟੀ ਕੋਈ ਨਹੀਂ ਸੀ ਬਣਾਈ ਹੋਈ, ਜਿਵੇਂ ਮਿਊਂਸਪੈਲਟੀ ਹੁੰਦੀ ਹੈ ਅੱਜਕਲ੍ਹ। ਉਹ ਆਪ ਟੈਕਸ ਲਾਉਂਦਾ ਸੀ, ਆਪ ਹੀ ਸਭ ਕੰਮ ਕਰਦਾ ਸੀ। ਪਬਲਿਕ ਵੀ ਰਾਜ਼ੀ ਸੀ, ਗੁਰੂ ਕੇ ਲੰਗਰ ਵੀ ਚਲਦੇ ਸੀ। ਇਹਦੇ ਮਨ ਵਿਚ ਖਿਆਲ ਰਹਿੰਦਾ ਸੀ ਕਿ ਗੁਰਗੱਦੀ ਮੈਨੂੰ ਮਿਲ ਜਾਵੇ, ਕਿਉਂਕਿ ਮੈਂ ਵੱਡਾ ਹਾਂ, ਮੇਰਾ ਹੱਕ ਹੈ। ਇਹ ਕਿਸੇ ਹੋਰ ਨੂੰ ਨਾ ਦੇ ਦੇਣ। ਪਰ ਗੁਰੂ ਰਾਮਦਾਸ ਮਹਾਰਾਜ ਜੀ ਇਹਦੀ ਅੰਦਰਲੀ ਗੱਲ ਨੂੰ ਜਾਣਦੇ ਸੀ। ਉਨ੍ਹਾਂ ਨੂੰ ਇਹਦੀ ਅੰਦਰਲੀ ਗੱਲ ਦਾ ਪਤਾ ਸੀ ਕਿ ਇਹ ਸੰਸਾਰ ਦਾ ਬੋਝ ਨਹੀਂ ਚੁੱਕ ਸਕਦਾ। ਇਹ ਬੰਦਾ ਕਮਜ਼ੋਰ ਹੈ ਇਹ ਹਿਤ ਦੇ ਪਿਛੇ ਲੱਗਿਆ ਹੋਇਆ ਹੈ, ਲਾਲਚ ਪਿਛੇ ਲੱਗਿਆ ਹੋਇਆ ਹੈ, ਮਾਇਆ ਪਿਛੇ ਲੱਗਿਆ ਹੋਇਆ ਹੈ।

ਜਿਹੜਾ ਵੀ ਆਦਮੀ ਮਾਇਆ ਪਿਛੇ ਲੱਗੇਗਾ ਉਹ ਕਮਜ਼ੋਰ ਹੋਏਗਾ। ਉਹ ਸਤਿ ਤਕ ਨਹੀਂ ਪਹੁੰਚ ਸਕਦਾ ਕਦੇ ਵੀ। ਸੱਚ ਨੂੰ ਸਾਮ੍ਹਣੇ ਸਹਿ ਨਹੀਂ ਸਕਦਾ, ਉਸ ਨੂੰ ਝੂਠ ਦੀ ਓਟ ਲੈਣੀ ਪੈਂਦੀ ਹੈ। ਸੱਚ ਵਾਹਿਗੁਰੂ ਹੈ, ਜਿਹਦਾ ਵਾਹਿਗੁਰੂ ਦੇ ਉਤੇ ਭਰੋਸਾ ਹੈ ਉਹ ਉਸ ਭਰੋਸੇ ਨੂੰ ਛੱਡ ਕਿਸੇ ਹੋਰ ਭਰੋਸੇ ਤੇ ਨਹੀਂ ਜਾ ਸਕਦਾ।

ਸੋ ਗੁਰੂ ਰਾਮਦਾਸ ਮਹਾਰਾਜ ਜੀ ਨੇ ਏਸ ਗੱਲ ਨੂੰ ਪਰਖਣ ਵਾਸਤੇ ਥੋੜ੍ਹਾ ਬਚਨ ਕੀਤਾ ਕਿ ਉਨ੍ਹਾਂ ਦੇ ਭਰਾ ਦੇ ਲੜਕੇ ਦੀ ਸ਼ਾਦੀ ਸੀ। ਕਹਿਣ ਲੱਗੇ, ਪ੍ਰਿਥੀਚੰਦ ਤੂੰ ਚਲਿਆ ਜਾਹ। ਕਹਿੰਦਾ ਮਹਾਰਾਜ! ਮੈਂ ਕਿਸ ਤਰ੍ਹਾਂ ਜਾ ਸਕਦਾ ਹਾਂ। ਇਥੇ ਦੇਖੋ ਕਿੰਨੀਆਂ ਸੰਗਤਾਂ ਆਉਂਦੀਆਂ ਨੇ, ਕਿੱਡਾ ਭਾਰਾ ਲੰਗਰ ਚਲਦਾ ਹੈ। ਤੁਸੀਂ ਤਾਂ ਚਲੇ ਜਾਂਦੇ ਓਂ, ਮੈਨੂੰ ਪਤਾ ਹੈ ਕਿ ਪਿਛੋਂ ਕਿੰਨੀਆਂ ਚੀਜ਼ਾਂ ਲਿਆਉਣੀਆਂ ਪੈਂਦੀਆਂ ਨੇ। ਅੰਦਰ ਖਿਆਲ ਇਹ ਸੀ ਕਿ ਕਿਤੇ ਮੈਨੂੰ ਬਾਹਰ ਭੇਜ ਕੇ, ਐਸਾ ਨਾ ਹੋਵੇ ਗੁਰੂ ਅਰਜਨ ਪਾਤਸ਼ਾਹ ਨੂੰ ਗੁਰਿਆਈ ਦੇਣ। ਦੂਸਰਾ ਉਹਨੂੰ ਇਹ ਪਤਾ ਸੀ ਕਿ ਮਹਾਰਾਜ ਦੀ ਬਾਕੀ ਉਮਰ ਤਾਂ ਹੁਣ ਇਕ ਸਾਲ, ਇਕ ਮਹੀਨੇ ਜਾਂ ਡੇਢ ਮਹੀਨੇ ਦੀ ਹੋਣੀ ਹੈ ਤੇ ਮੈਨੂੰ ਬਾਹਰ ਭੇਜਣਾ ਚਾਹੁੰਦੇ ਨੇ। ਇਹ ਗਿਆ ਨਹੀਂ। ਮਹਾਂਦੇਵ ਜੀ ਅਵਧੂਤ ਸਨ ਉਹ ਵੀ ਨਾ ਗਏ ਤੇ ਗੁਰੂ ਅਰਜਨ ਪਾਤਸ਼ਾਹ ਛੋਟੇ ਸੀ 18 ਸਾਲ ਦੇ। ਆਪ ਨੂੰ ਹੁਕਮ ਕੀਤਾ। ਆਪ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰਸ਼ਨ ਕਰੇ ਤੋਂ ਬਗੈਰ ਜਿਉਂਦੇ ਨਹੀਂ ਸੀ ਰਹਿੰਦੇ, ਹਰ ਵਕਤ ਇਕ ਟੱਕ ਲਾ ਕੇ ਦਰਸ਼ਨ ਕਰਦੇ ਰਹਿੰਦੇ ਸੀ। ਜੋ ਆਗਿਆ ਹੁੰਦੀ, ਉਸ ਦੀ ਪੂਰਤੀ ਕਰਦੇ ਸੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਰਾਮਦਾਸ ਮਹਾਰਾਜ ਜੀ ਨੇ ਕਿਹਾ ਬੇਟਾ, ਅਰਜਨ! ਤੂੰ ਹੀ ਚਲਿਆ ਜਾ। ਆਪ ਦੇ ਨੇਤਰਾਂ 'ਚੋਂ ਜਲ ਆ ਗਿਆ, ਕਹਿੰਦੇ ਪਾਤਸਾਹ! ਜੋ ਆਪ ਦੀ ਆਗਿਆ। ਪਰ ਆਪ ਦੇ ਦਰਸ਼ਨ ਤੋਂ ਬਗੈਰ ਮੇਰਾ ਜੀਉਣਾ ਔਖਾ ਹੈ।

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਅੰਗ*** *708*

ਪਾਤਸ਼ਾਹ! ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ, ਮੈਨੂੰ ਵੀ ਔਖਾ ਹੋ ਜਾਏਗਾ। ਪਰ ਆਪ ਦੀ ਜੋ ਆਗਿਆ ਸਿਰ ਮੱਥੇ। ਗੁਰੂ ਮਹਾਰਾਜ ਕਹਿੰਦੇ ਦੂਸਰੀ ਆਗਿਆ ਇਹ ਹੈ ਕਿ ਉਥੇ ਸਤਿਸੰਗ ਕਰਨਾ ਹੈ। ਸੰਗਤ ਨੂੰ ਸਤਿ ਦੇ ਰਸਤੇ ਤੋਰਨਾ ਹੈ। ਤੀਸਰਾ ਇਹ ਹੈ ਜਦੋਂ ਤਕ ਅਸੀਂ ਬੁਲਾਈਏ ਨਾ, ਤਦ ਤਕ ਵਾਪਿਸ ਨਹੀਂ ਆਉਣਾ। ਸੋ ਹੁਕਮ ਦੀ ਤਾਮੀਲ ਹੋਈ। ਹਰ ਰੋਜ਼ ਉਡੀਕਦੇ ਨੇ ਕਿ ਅੱਜ ਸੁਨੇਹਾ ਆਉਂਦਾ ਹੈ। ਉਡੀਕਦੇ-ਉਡੀਕਦੇ ਅੱਜ ਇਕ ਸਾਲ ਲੰਘ ਗਿਆ। ਜੋ ਬਿਰਹਾ ਦੀ ਹਾਲਤ ਉਨ੍ਹਾਂ ਦੀ ਹੋਈ ਹੋਣੀ ਹੈ ਉਹਨੂੰ ਮਹਾਰਾਜ ਹੀ ਜਾਣਦੇ ਨੇ, ਅਸੀਂ ਤਾਂ ਦੱਸ ਨਹੀਂ ਸਕਦੇ। ਕਿਉਂਕਿ ਦੂਸਰਾ ਦੱਸਣ ਦੀ ਸਮਰੱਥਾ ਨਹੀਂ ਰੱਖਿਆ ਕਰਦਾ।

***ਲਾਗੀ ਹੋਇ ਸੁ ਜਾਨੈ ਪੀਰ॥***
***ਰਾਮ ਭਗਤਿ ਅਨੀਆਲੇ ਤੀਰ॥*** ***ਅੰਗ*** *- 327*

ਮੱਛੀ ਪਾਣੀ ਤੋਂ ਬਗੈਰ ਜੀਉਂਦੀ ਨਹੀਂ ਰਹਿੰਦੀ। ਸਾਨੂੰ ਨਹੀਂ ਇਸ ਗੱਲ ਦਾ ਪਤਾ, ਕਿ ਇਹਦੀ ਜਾਨ ਕਿਵੇਂ ਨਿਕਲ ਜਾਂਦੀ ਹੈ। ਇਹ ਮੱਛੀ ਹੀ ਜਾਣਦੀ ਹੈ। ਸੋ ਇਸ ਤਰ੍ਹਾਂ ਕਿਵੇਂ ਵਿਯੋਗ ਵਿਚ ਇਕ ਸਾਲ ਕੱਟਿਆ। ਫੇਰ ਚਿੱਠੀਆਂ ਲਿਖਣੀਆਂ ਸ਼ੁਰੂ ਕਰੀਆ। ਅੱਧੀ ਰਾਤ ਚਿੱਠੀ ਲਿਖੀ। ਅੰਮ੍ਰਿਤ ਵੇਲਾ ਹੋਇਆ ਗੁਰਸਿੱਖ ਨੂੰ ਬੁਲਾਇਆ ਕਿ ਜਾ ਕੇ ਇਹ ਚਿੱਠੀ ਗੁਰੂ ਪਾਤਸ਼ਾਹ ਨੂੰ ਦੇਣਾ ਤੇ ਜੋ ਹੁਕਮ ਹੋਵੇ ਉਹ ਦੱਸਣਾ। ਆਪਣੇ ਪਿਆਰ ਦੇ ਨਕਸ਼ੇ ਦੀ ਪਹਿਲੀ

ਚਿੱਠੀ ਇਸ ਤਰ੍ਹਾਂ ਨੇ ਨਾਲ ਲਿਖੀ -

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ*
*ਬਿਨੁ ਦਰਸਨ ਸੰਤ ਪਿਆਰੇ ਜੀਉ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ॥* *ਅੰਗ - 97*

ਇਕ ਨੰਬਰ ਦੇ ਕੇ ਚਿੱਠੀ ਬੰਦ ਕਰ ਦਿਤੀ। ਲੇਕਿਨ ਚਿੱਠੀ ਗੁਰੂ ਰਾਮਦਾਸ ਜੀ ਮਹਾਰਾਜ ਤੱਕ ਪ੍ਰਿਥੀਚੰਦ ਨੇ ਪਹੁੰਚਣ ਨਹੀਂ ਦਿਤੀ। ਝੂਠ ਹੀ ਬੋਲ ਕੇ ਸਿੱਖ ਨੂੰ ਮੋੜ ਦਿਤਾ ਕਿ ਅਰਜਨ ਜੀ ਨੂੰ ਕਹਿ ਦੇਣਾ, ਪਿਆਰ ਦੇ ਨਾਲ ਉਥੇ ਸੰਗਤਾਂ ਦੀ ਸੇਵਾ ਕਰਨ, ਚਿੱਠੀ ਮਿਲ ਗਈ ਸਾਨੂੰ।

ਦੂਸਰੀ ਚਿੱਠੀ ਲਿਖੀ, ਉਹ ਵੀ ਏਵੇਂ ਹੀ ਰੱਖ ਲਈ। ਤੀਸਰੀ ਲਿਖੀ ਉਹ ਵੀ ਏਵੇਂ ਰੱਖ ਲਈ। ਲੇਕਿਨ ਤੀਸਰੀ ਚਿੱਠੀ ਲਈ ਤਾਕੀਦ ਕਰ ਦਿਤੀ ਕਿ ਗੁਰਸਿੱਖਾ! ਆਪਣੇ ਹੱਥ ਨਾਲ ਦਿੰਦਾ ਹੁੰਦਾ ਹੈਂ, ਗੁਰੂ ਪਿਤਾ ਜੀ ਨੂੰ। ਕਹਿੰਦੇ ਨਹੀਂ, ਵੱਡੇ ਭਰਾਤਾ ਜੀ ਲੈ ਲੈਂਦੇ ਨੇ ਤੁਹਾਡੇ। ਕਹਿੰਦੇ ਨਾ ਹੁਣ ਆਪ ਦੇਵੀਂ। ਜਦੋਂ ਮਹਾਰਾਜ ਨੇ ਤਿੰਨ ਨੰਬਰ ਲਿਖਿਆ ਹੋਇਆ ਪੜ੍ਹਿਆ, ਬਿਰਹੋਂ ਦੀ ਹਾਲਤ ਨੂੰ ਵਾਚਿਆ।

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸੁ ਸਚੇ ਗੁਰ ਦਰਬਾਰੇ ਜੀਉ॥* *ਅੰਗ - 97*

ਮਹਾਰਾਜ ਨੇ ਦੇਖਿਆ ਕਿ ਦੋ ਚਿੱਠੀਆਂ ਪਹਿਲਾਂ ਵੀ ਨੇ। ਪੁਛਿਆ ਕਿ ਗੁਰਸਿੱਖਾ! ਪਹਿਲੀਆਂ ਚਿੱਠੀਆਂ ਕਿਥੇ ਨੇ। ਗੁਰਸਿੱਖ ਨੇ ਕਿਹਾ ਕਿ ਮਹਾਰਾਜ! ਮੈਂ ਇਨ੍ਹਾਂ ਨੂੰ ਦੇ ਦਿਤੀਆਂ ਸੀ।

ਉਸ ਵੇਲੇ ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਹੁਕਮ ਕੀਤਾ ਕਿ ਤੁਸੀਂ ਫੌਰਨ ਜਾ ਕੇ ਉਨ੍ਹਾਂ ਨੂੰ ਲੈ ਆਓ। ਉਡੀਕਦੇ ਸਨ, ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਹੋ ਗਏ। ਪਤਾ ਲੱਗਿਆ ਕਿ ਚਿੱਠੀਆਂ ਲਿਖੀਆਂ ਸੀ, ਪ੍ਰਿਥੀਚੰਦ ਨੇ ਰੱਖ ਲਈਆਂ। ਪ੍ਰਿਥੀਚੰਦ ਨੂੰ ਬੁਲਾਇਆ, ਪੁਛਿਆ ਬੇਟਾ! ਪ੍ਰਿਥੀਚੰਦ ਆਹ ਪਹਿਲੇ ਦੋ ਨੰਬਰ ਦੀਆਂ ਚਿੱਠੀਆਂ ਤੁਹਾਡੇ ਕੋਲ ਆਈਆਂ ਨੇ?

ਕਿਉਂਕਿ ਜਿਥੇ ਝੂਠ ਹੋਏਗਾ, ਉਥੇ ਪਾਪ ਹੋਇਆ ਕਰਦਾ ਹੈ। ਉਥੇ ਵਾਹਿਗੁਰੂ ਨਹੀਂ ਹੋਇਆ ਕਰਦਾ, ਝੂਠ ਆਇਆ ਤੇ ਵਾਹਿਗੁਰੂ ਤੇ ਨਾਮ ਦੋਨੋਂ ਚਲੇ ਜਾਇਆ ਕਰਦੇ ਨੇ। ਕਿਉਂਕਿ ਇਹ ਹਉਮੈ ਦੀ ਚੀਜ਼ ਹੈ, ਨਾਮ ਵਾਹਿਗੁਰੂ ਹੈ।

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ॥*
*ਹਉਮੈ ਵਿਚਿ ਸੇਵਾ ਨ ਹੋਵਈ*
*ਤਾ ਮਨੁ ਬਿਰਥਾ ਜਾਇ॥* *ਅੰਗ - 560*

ਇਕ ਨੇ ਰਹਿਣਾ ਹੈ ਚਾਹੇ ਝੂਠ ਰੱਖ ਲਓ, ਚਾਹੇ ਨਾਮ ਰੱਖ ਲਓ। ਹੈਰਾਨ ਹੋ ਗਏ ਕਿ ਕਾਹਦੇ ਵਾਸਤੇ, ਕਿਉਂ ਛੁਪਾਉਂਦਾ ਹੈਂ। ਅਖੀਰ ਕਹਿਣ ਲੱਗੇ ਕਿ ਚਿੱਠੀਆਂ ਕੱਢ ਲਿਆਓ। ਜੇਬ 'ਚੋਂ ਕਢਾ ਲਈਆਂ। ਕਹਿੰਦਾ ਇਹ ਤਾਂ ਮੈਂ ਆਪ ਹੀ ਲਿਖੀਆਂ ਸੀ। ਮੇਰੀਆਂ ਲਿਖੀਆਂ ਹੋਈਆਂ ਨੇ। ਕਹਿੰਦੇ ਜੇ ਤੇਰੀਆਂ ਲਿਖੀਆਂ ਹੋਈਆਂ ਨੇ ਫੇਰ ਚੌਥਾ ਅੰਕ ਪੂਰਾ ਕਰ। ਹੁਣ ਆਵੇ ਕਿਥੋਂ ਬਾਣੀ? ਕਰ ਨਾ ਸਕਿਆ। ਜਦੋਂ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਕਿਹਾ ਉਨ੍ਹਾਂ ਨੇ ਉਸੇ ਉਸ ਵੇਲੇ ਉਚਾਰਨ ਕੀਤਾ -

*ਭਾਗੁ ਹੋਆ ਗੁਰਿ ਸੰਤੁ ਮਿਲਾਇਆ॥*
*ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥*
*ਸੇਵ ਕਰੀ ਪਲੁ ਚਸਾ ਨ ਵਿਛੁੜਾ*
*ਜਨ ਨਾਨਕ ਦਾਸ ਤੁਮਾਰੇ ਜੀਉ॥* *ਅੰਗ - 97*

ਪਉੜੀ ਲਿਖ ਦਿਤੀ। ਅਖੀਰ ਗੁਰਗੱਦੀ ਦੇਣ ਦਾ ਮਹਾਰਾਜ ਨੇ ਨਿਸ਼ਚਾ ਕਰ ਲਿਆ, ਉਸ ਨੂੰ ਵੀ ਪਤਾ ਲਗ ਗਿਆ। ਝਗੜਾ ਪਾ ਲਿਆ ਕਿ ਪਿਤਾ ਜੀ! ਜ਼ੋਰ ਲਾ ਲਵੇ ਅਰਜਨ, ਮੈਂ ਇਹਨੂੰ ਸੁਖੀ ਨਹੀਂ ਰਹਿਣ ਦੇਣਾ। ਸੂਲੀ ਤੇ ਟੰਗ ਕੇ ਰੱਖਾਂਗਾ। ਗੁਰਿਆਈ ਕੀ ਕਰ ਲਏਗੀ, ਮੈਂ ਵਿਹਲ ਹੀ ਨਹੀਂ ਲੈਣ ਦੇਣਾ। ਮੇਰੀ ਤਾਕਤ ਦਾ ਤੁਹਾਨੂੰ ਵੀ ਪਤਾ ਹੈ। ਇਹ ਅਣਜਾਣ ਬੱਚਾ ਹੈ ਇਹਨੂੰ ਕੀ ਪਤਾ, ਕਿੰਨੀਆਂ ਜ਼ਿੰਮੇਵਾਰੀਆਂ ਹੁੰਦੀਆਂ ਨੇ, ਕਿਵੇਂ ਰਹੀਦਾ ਹੈ। ਸੋ ਮਹਾਰਾਜ ਨੇ ਦੇਖ ਲਿਆ ਕਿ ਇਹ ਤਾਂ ਬਹੁਤ ਗਲਤ ਬੰਦਾ ਸਾਬਤ ਹੋਇਆ। ਆਪ ਨੇ ਫੁਰਮਾਨ ਕੀਤਾ ਕਿ ਪਿਤਾ ਦੇ ਨਾਲ ਨਹੀਂ ਝਗੜੀਦਾ ਹੁੰਦਾ। ਜਿਨ੍ਹਾਂ ਦੇ ਤੁਸੀਂ ਪੈਦਾ ਕੀਤੇ ਹੋਏ, ਪਾਲੇ ਹੋਏ ਹੋਂ ਉਨ੍ਹਾਂ ਨਾਲ ਝਗਦਿਆਂ ਪਾਪ ਹੋਇਆ ਕਰਦਾ ਹੈ। ਪਰ ਪ੍ਰਿਥੀ ਚੰਦ ਨੇ ਮੰਨੀ ਨਹੀਂ ਗੱਲ।

ਗੁਰੂ ਮਹਾਰਾਜ ਅੰਮ੍ਰਿਤਸਰ ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਉਥੇ ਜਾ ਕੇ ਗੁਰਿਆਈ (ਗੁਰੂ) ਅਰਜਨ ਦੇਵ ਜੀ ਨੂੰ ਦੇ ਦਿਤੀ ਅਤੇ ਆਪ ਸਰੀਰ ਛੱਡ ਦਿਤਾ। ਜਦੋਂ ਦਸਤਾਰ ਵਾਲਾ ਦਿਨ ਆਇਆ, ਉਸ ਵੇਲੇ ਉਸ ਨੇ ਸਾਰਿਆਂ ਨੂੰ ਕਿਹਾ, ਮਸੰਦਾਂ ਨੂੰ ਆਪਣੀ ਪਾਰਟੀ ਦਿਆਂ ਨੂੰ ਕਿ ਮੈਂ ਵੱਡਾ ਲੜਕਾ ਹਾਂ, ਮੈਨੂੰ ਦਸਤਾਰ ਦਿਓ। ਜਦੋਂ ਮੈਨੂੰ ਦਸਤਾਰ ਮਿਲ ਗਈ ਤਾਂ ਮੈਂ ਗੁਰੂ ਬਣਾਂਗਾ। ਲੇਕਿਨ ਇਹ ਗੱਲ ਗੁਰਸਿੱਖਾਂ ਨੇ ਨਾ ਮੰਨੀ। ਜਦੋਂ ਭੋਗ ਪੈ ਰਿਹਾ ਸੀ ਇਸ ਨੇ ਜ਼ਬਰਦਸਤੀ ਹੱਥੋ ਪਾਈ ਕਰਕੇ ਦਸਤਾਰ ਖੋਹ ਲਈ, ਬਾਬਾ ਬੁੱਢਾ ਜੀ ਤੋਂ। ਉਹ ਕਹਿੰਦੇ ਇਹਦੇ ਨਾਲ ਤਾਂ

ਕੁਛ ਨਹੀਂ ਬਣਨਾ। ਦਸਤਾਰ ਤਾਂ ਮਿਲ ਗਈ ਜਿਹੜੀ ਮਿਲਣੀ ਸੀ। ਸੋ ਇਸ ਤਰ੍ਹਾਂ ਵੈਰ ਦਾ ਮੁੱਢ ਬੱਝ ਗਿਆ।

ਦੂਸਰੇ ਪਾਸੇ ਗੁਰੂ ਮਹਾਰਾਜ ਅਰਜਨ ਪਾਤਸ਼ਾਹ, ਆਪ ਬੜਾ ਸਮਝਾਉਣ ਦਾ ਯਤਨ ਕਰਦੇ ਨੇ ਕਿ ਭਰਾਤਾ ਜੀ! ਮੈਨੂੰ ਤਾਂ ਗੁਰੂ ਬਣਨ ਦੀ ਕੋਈ ਲੋੜ ਨਹੀਂ ਹੈ। ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੀ ਜੋਤੀ ਦਾ ਪ੍ਰਕਾਸ਼ ਹੈ, ਜਿਸ ਸਰੀਰ ਵਿਚ ਹੋ ਜਾਵੇ, ਜਿਸ ਤੋਂ ਕੰਮ ਲੈਣਾ ਹੈ, ਉਸ ਤੋਂ ਲੈਣਾ ਹੀ ਹੈ। ਤੁਸੀਂ ਐਉਂ ਨਾ ਕਰੋ। ਲੇਕਿਨ ਮੰਨਦਾ ਨਹੀਂ ਹੈ। ਅਖੀਰ ਇਸਨੇ ਗੁਰੂ ਮਹਾਰਾਜ ਨਾਲ ਵੈਰ ਕਰਨਾ ਸ਼ੁਰੂ ਕਰ ਦਿਤਾ।

ਗੁਰੂ ਮਹਾਰਾਜ ਗੁਰਿਆਈ ਤੇ ਬੈਠ ਗਏ। ਪਹਿਲਾਂ ਕੰਮ ਪ੍ਰਿਥੀ ਚੰਦ ਨੇ ਇਹ ਕਰਿਆ ਕਿ ਅੰਮ੍ਰਿਤਸਰ ਦੀ ਜਿੰਨੀ ਚੁੰਗੀ ਸੀ, ਸਾਰੀ ਆਪਣੇ ਹੱਥ ਵਿਚ ਕਰ ਲਈ ਕਿ ਗੁਰੂ ਘਰ ਦੇ ਅੰਦਰ ਜਾਣ ਹੀ ਨਹੀਂ ਦੇਣੀ, ਕਿਥੋਂ ਖਰਚ ਕਰਨਗੇ। ਕਿਥੋਂ ਸੜਕਾਂ ਬਣਾਉਣਗੇ, ਕਿਥੋਂ ਚੌਕੀਂਦਾਰ ਰੱਖਣਗੇ? ਕਿਥੋਂ ਬਾਕੀ ਕੰਮ ਕਰਨਗੇ। ਦੂਸਰਾ ਇਹਨੇ ਕਰਿਆ ਕਿ ਜਿੰਨੀ ਭੇਟਾ ਬਾਹਰੋਂ ਆਉਂਦੀ ਸੀ, ਉਹ ਸਾਰੀ ਦੀ ਸਾਰੀ ਰਾਹ ਵਿਚ ਰੋਕਣੀ ਸ਼ੁਰੂ ਕਰ ਦਿਤੀ। ਕੋਈ ਪੈਸਾ ਗੁਰੂ ਘਰ 'ਚ ਨਾ ਆਉਣ ਦਿਤਾ ਤੇ ਆਪਣੇ ਏਜੈਂਟ ਰੱਖ ਲਏ, ਬਹੁਤ ਸਾਰੇ ਨਾਲ ਮਿਲਾ ਲਏ। ਜਿਹੜੇ-ਜਿਹੜੇ ਰਾਹਾਂ ਤੋਂ ਸੰਗਤ ਆਇਆ ਕਰਦੀ ਸੀ, ਦੂਰ ਦਰਾਜ਼ ਤਕ ਬਿਠਾ ਦਿਤੇ, ਜਦੋਂ ਸੰਗਤ ਨੇ ਆਉਣਾ, ਪੁਛਣਾ, ਥੋੜ੍ਹਾ ਬਹੁਤਾ ਖਾਣ ਪੀਣ ਨੂੰ ਦੇਣਾ, ਮੋਟਾ। ਸੰਗਤ ਨੇ ਛਕ ਲੈਣਾ, ਥੱਕੇ ਹੋਏ ਹੁੰਦੇ। ਫੇਰ ਕਹਿਣ ਕਿ ਆਓ, ਤੁਹਾਨੂੰ ਹੁਣ ਗੁਰੂ ਦੇ ਦਰਸ਼ਨ ਕਰਾਈਏ। ਪ੍ਰਿਥੀ ਚੰਦ ਕੋਲ ਲੈ ਜਾਣਾ, ਭੋਲੇ ਭਾਲੇ ਗੁਰਸਿੱਖਾਂ ਨੂੰ ਪਤਾ ਨਾ ਲੱਗਣਾ। ਸਾਰੀ ਭੇਟਾ ਲੈ ਲੈਣੀ ਕਿਉਂਕਿ ਪਤਾ ਸੀ ਕਿ ਇਹ ਤਾਂ ਇਕੋ ਹੀ ਘਰ ਹੈ, ਦੋ ਘਰ ਤਾਂ ਹੈ ਨਹੀਂ। ਜਦੋਂ ਪ੍ਰਸ਼ਾਦੇ ਦਾ ਟਾਈਮ ਹੋ ਜਾਣਾ, ਕਹਿਣਾ ਚਲੋ ਭਾਈ, ਆਪਣਾ ਲੰਗਰ ਜਿਧਰ ਚਲਦਾ ਹੈ ਓਧਰ ਛੱਡ ਆਓ। ਇਹ ਵੀ ਝੂਠ ਬੋਲਣਾ ਕਿ ਲੰਗਰ ਸਾਡਾ ਹੀ ਚਲਦਾ ਹੈ।

ਗੁਰੂ ਅਰਜਨ ਪਾਤਸ਼ਾਹ ਜਿਥੇ ਸੰਗਤਾਂ ਦਾ ਉਧਾਰ ਕਰਦੇ ਹੁੰਦੇ, ਉਸ ਥਾਂ ਜਾ ਕੇ ਇਨ੍ਹਾਂ ਨੇ ਛੱਡ ਆਉਣਾ।

ਸੋ ਇਹ ਵੈਰ ਹੁੰਦਾ ਹੈ ਸਾਧਸੰਗਤ ਜੀ! ਜਿਹੜਾ ਨਿਰਵੈਰਾਂ ਦੇ ਨਾਲ ਕੀਤਾ ਜਾਂਦਾ ਹੈ। ਜਦੋਂ ਵੀ ਕੋਈ ਨਿਰਵੈਰ ਦੇ ਨਾਲ ਵੈਰ ਕਰਦਾ ਹੈ। ਮਹਾਰਾਜ ਕਹਿੰਦੇ ਅਕਾਲ ਪੁਰਖ ਦਾ ਵਿਧਾਨ ਹੈ, ਉਹ ਪਚ-ਪਚ ਕੇ ਮਰਦੇ ਨੇ।

***ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇਂ ਪਚੰਦੇ॥***
***ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥***

***ਅੰਗ - 306***

ਪਚਣਾ ਪੈਂਦਾ ਹੈ ਓਸ ਨੂੰ, ਖੁਆਰ ਹੋਣਾ ਪੈਂਦਾ ਹੈ। ਸੋ ਵੈਰ ਬੰਨ੍ਹ ਲਿਆ ਕਿ ਇਕ ਦਾਣਾ ਗੁਰੂ ਕੇ ਲੰਗਰ ਵਿਚ ਨਹੀਂ ਜਾਣ ਦੇਣਾ। ਐਨੀ ਜ਼ਿਆਦਾ ਝੂਠ ਦੀ ਬਾੜ ਫੈਲਾ ਦਿਤੀ ਕਿ ਭੋਲੇਭਾਲੇ ਗੁਰਸਿੱਖ ਜੋ ਦਰਸ਼ਨ ਕਰਨ ਵਾਸਤੇ ਆਉਂਦੇ ਨੇ, ਉਨ੍ਹਾਂ ਨੂੰ ਬਹਿਕਾਅ ਲਿਆ ਜਾਂਦਾ ਕਿ ਅਸਲੀ ਗੁਰੂ ਤਾਂ ਵੱਡੇ ਸਾਹਿਬਜ਼ਾਦੇ ਨੇ। ਛੋਟੇ ਸਾਹਿਬਜ਼ਾਦੇ ਨਹੀਂ ਹੈਗੇ, ਵੱਡੇ ਨੇ ਸਾਰਿਆਂ ਨਾਲੋਂ। ਪਹਿਲਾਂ ਵੀ ਓਹੀ ਸੀਗੇ, ਹੁਣ ਵੀ ਓਹੀ ਨੇ। ਦੇਖਦੇ ਨੇ ਕਿ ਇਨ੍ਹਾਂ ਮਸੰਦਾਂ ਨੂੰ ਤਾਂ ਅਸੀਂ ਪਹਿਲਾਂ ਵੀ ਜਾਣਦੇ ਸੀ, ਪਹਿਲਾਂ ਵੀ ਗੁਰੂ ਦੀਆਂ ਸੰਗਤਾਂ ਦਾ ਆਦਰ ਸਤਿਕਾਰ ਕਰਿਆ ਕਰਦੇ ਸੀ। ਜਾਣੇ-ਪਛਾਣੇ ਬੰਦੇ ਸਾਰੇ ਗੱਠ ਲਏ। ਯਾਨਿ ਮਾਇਆ ਦਾ ਜਾਲ ਵਿਛਾ ਦਿਤਾ। ਨੌਬਤ ਇਥੇ ਤਕ ਆਈ ਕਿ ਘਰ ਦੇ ਅੰਦਰ ਜੋ ਸਮਾਨ, ਜੋ ਚੀਜ਼ਾਂ ਸੀ, ਹੌਲੀ-ਹੌਲੀ ਘਟਣੀਆਂ ਸ਼ੁਰੂ ਹੋ ਗਈਆਂ ਤੇ ਲੰਗਰ ਇਕ ਟਾਈਮ ਹੋ ਗਿਆ, ਉਹ ਵੀ ਛੋਲਿਆਂ ਦਾ ਲੰਗਰ। ਛੋਲਿਆਂ ਦਾ ਪ੍ਰਸ਼ਾਦਾ ਲਾਹੁਣਾ ਤੇ ਰੁੱਖਾ ਹੀ ਖਾਣ ਵਾਸਤੇ ਬਗੈਰ ਦਾਲ ਤੋਂ, ਬਗੈਰ ਕਿਸੇ ਚੀਜ਼ ਤੋਂ ਮਿਲਣਾ। ਆਗਰੇ ਦੇ ਵਿਚ ਭਾਈ ਗੁਰਦਾਸ ਜੀ ਨੂੰ ਗੁਰੂ ਰਾਮਦਾਸ ਜੀ ਮਹਾਰਾਜ ਜੀ ਨੇ ਪ੍ਰਚਾਰ ਵਾਸਤੇ ਭੇਜਿਆ ਸੀ। ਆਪ ਜੀ ਨੂੰ ਪਤਾ ਲੱਗਿਆ ਕਿ ਗੁਰੂ ਮਹਾਰਾਜ ਜੋਤੀ ਜੋਤ ਸਮਾਅ ਗਏ ਨੇ। ਤੇ ਸੰਗਤਾਂ ਲੈ ਕੇ ਆਪ ਗੁਰੂ ਘਰ ਦੇ ਲੰਗਰ ਦੀ ਮਹਿਮਾ, ਗੁਰੂ ਘਰ ਦੀ ਮਹਿਮਾ ਕਰਦੇ ਜਦ ਉਥੇ ਪਹੁੰਚਦੇ ਨੇ, ਜਦ ਪ੍ਰਸ਼ਾਦਾ ਛਕਣ ਲੱਗੇ ਤਾਂ ਛੋਲਿਆਂ ਦੀ ਰੋਟੀ ਮਾਤਾ ਜੀ ਨੇ ਉਨ੍ਹਾਂ ਦੇ ਹੱਥ ਤੇ ਰੱਖ ਦਿਤੀ। ਇਕ ਬੁਰਕੀ ਤੋੜੀ ਲੰਘਦੀ ਨਹੀਂ ਹੈ ਅੱਗੇ। ਕਹਿਣ ਲੱਗੇ ਇਹ ਕੀ ਗੱਲ? ਗੁਰੂ ਘਰ ਦੀ ਤਾਂ ਇਹ ਮਰਿਆਦਾ ਸੀ ਕਿ ਇਥੇ ਕਦੇ ਘਿਉ ਤੇ ਦੁੱਧ ਨਹੀਂ ਸੀ ਖਤਮ ਹੁੰਦਾ। ਇਹ ਕੀ ਗੱਲ? ਆਹ ਗੱਲ ਤਾਂ ਹੋਣੀ ਨਹੀਂ ਚਾਹੀਦੀ। ਕਹਿਣ ਲੱਗੇ, ਭਰਾਤਾ ਜੀ! ਕੀ ਦੱਸਿਆ ਜਾਵੇ?

***ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥***

***ਅੰਗ - 470***

ਝੂਠ ਨੇ ਐਸ ਵੇਲੇ ਸੱਚ ਦੇ ਚੰਦਰਮਾ ਨੂੰ, ਗ੍ਰਹਿਣ ਲਾਇਆ ਹੋਇਆ ਹੈ। ਤੁਹਾਡੇ ਵੱਡੇ ਭਾਣਜੇ ਨੇ ਸਾਰੇ ਮਸੰਦਾਂ ਨੂੰ ਗੱਠ ਕੇ, ਦੂਰ-ਦਰਾਜ਼ ਤੱਕ ਗੁਰਸਿੱਖਾਂ ਨੂੰ ਇਹ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ ਗੁਰਿਆਈ ਮੈਨੂੰ ਦੇ ਕੇ ਗਏ ਨੇ ਤੇ ਜਿੰਨੀਆਂ ਭੇਟਾਵਾਂ ਆਉਂਦੀਆਂ ਨੇ, ਉਹ ਤਾਂ ਉਹ ਰੱਖ ਲੈਂਦੇ ਨੇ। ਜਦੋਂ ਲੰਗਰ ਦਾ ਸਮਾਂ ਹੁੰਦਾ ਹੈ, ਫੇਰ ਬੜੀ ਢੀਠਤਾਈ ਦੇ ਨਾਲ, ਇਥੇ ਲਿਆ ਕੇ ਗੁਰੂ ਦੀਆਂ ਸੰਗਤਾਂ ਨੂੰ ਛੱਡ ਜਾਂਦੇ ਨੇ, ਉਨ੍ਹਾਂ ਭੋਲਿਆਂ ਨੂੰ ਕੋਈ ਪਤਾ ਨਹੀਂ ਹੈ ਕਿਸੇ ਗੱਲ ਦਾ। ਸੋ ਇਸ ਤਰ੍ਹਾਂ ਦੇ ਨਾਲ ਭੇਟਾ ਓਧਰ ਜਾਂਦੀ ਹੈ ਤੇ ਲੰਗਰ ਏਧਰ ਛਕਦੇ ਨੇ।

ਭਾਈ ਗੁਰਦਾਸ ਜੀ ਦੇ ਮਨ ਵਿਚ ਬਹੁਤ ਰੰਜ ਆਇਆ ਕਿ ਇਹ ਤਾਂ ਬਹੁਤ ਗਲਤ ਗੱਲ ਹੋ ਰਹੀ ਹੈ। ਗੁਰੂ ਪੰਜਵੇਂ ਪਾਤਸ਼ਾਹ 18 ਸਾਲ ਦੇ ਤੇ ਆਪ ਜੀ ਦੇ ਪਾਸ ਜਾ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਇਹ ਤਾਂ ਗੁਰੂ ਨਾਨਕ ਦਾ ਲੰਗਰ ਹੈ ਇਥੇ ਤੋਟ ਕਦੇ ਨਹੀਂ ਆਉਂਦੀ। ਇਹ ਕੀ ਗੱਲ ਹੋਈ? ਮਹਾਰਾਜ ਕਹਿੰਦੇ ਕੋਈ ਗੱਲ ਨਹੀਂ ਹੋਈ। ਅਕਾਲ ਪੁਰਖ ਦਾ ਹੀ ਕੋਈ ਕੌਤਕ ਹੋ ਰਿਹਾ ਹੈ। ਕਿਉਂਕਿ ਸਤਿਗੁਰੂ ਤਾਂ ਸਭ ਦਾ ਭਲਾ ਮਨਾਉਂਦਾ ਹੈ, ਕਿਸੇ ਨਾਲ ਉਸ ਦਾ ਵੈਰ ਨਹੀਂ ਹੋਇਆ ਕਰਦਾ। ਸਾਰੇ ਸੰਸਾਰ ਨੂੰ ਕਹਿੰਦਾ ਹੈ –

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ॥*

ਕਿਸੇ ਦਾ ਬੁਰਾ ਨਹੀਂ ਮੰਗਦਾ, ਨਾ ਗੁਰਸਿੱਖ ਮੰਗਦਾ ਹੈ, ਨਾ ਗੁਰੂ ਮੰਗਦਾ ਹੈ। ਸਗੋਂ ਅਕਾਲ ਪੁਰਖ ਨੂੰ ਕਹਿੰਦਾ ਹੈ –

*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*
*ਅੰਗ - 853*

ਹੇ ਵਾਹਿਗੁਰੂ ਜਿਵੇਂ ਵੀ ਕੋਈ ਤਰ ਸਕਦਾ ਹੈ, ਉਹਨੂੰ ਤਾਰ ਲੈ। ਚਾਹੇ ਕੋਈ ਪਾਪੀ ਹੈ, ਕੋਈ ਪੁੰਨੀ ਹੈ, ਚਾਹੇ ਭੁਲਿਆ ਹੋਇਆ ਹੈ, ਚਾਹੇ ਨਾਸਤਕ ਹੈ, ਤੂੰ ਕ੍ਰਿਪਾ ਕਰ, ਤੇਰੇ ਜੀਆ ਜੰਤ ਹਨ। ਇਨ੍ਹਾਂ ਤੇ ਬਖਸ਼ਿਸ਼ ਕਰ। ਕਹਿਣ ਲੱਗੇ, ਕੋਈ ਨਹੀਂ ਅਕਾਲ ਪੁਰਖ ਦੀ ਮੌਜ ਹੈ। ਭਾਈ ਗੁਰਦਾਸ ਜੀ ਨੇ ਕਿਹਾ, ਪਾਤਸ਼ਾਹ! ਥੋੜ੍ਹਾ ਉਦਮ ਕਰਨਾ ਬਣਦਾ ਹੈ। ਉਧਰ ਕਰੀਏ ਤੇ ਜਾ ਕੇ ਸਮਝਾਈਏ ਸਾਰਿਆਂ ਨੂੰ ਇਹ ਝੂਠ ਕਿੰਨਾ ਕੁ ਚਿਰ ਪ੍ਰਬਲ ਰਹੇਗਾ। ਗੁਰੂ ਮਹਾਰਾਜ ਨੇ ਕਿਹਾ, ਭਾਈ ਗੁਰਦਾਸ ਜੀ! ਇਹ ਜੋ ਰਿਜ਼ਕ ਮਾਲਕ ਆਪ ਰਾਜ਼ਕ ਕਹਾਉਂਦਾ ਹੈ, ਬਿਸੰਭਰ ਕਹਿੰਦੇ ਨੇ ਉਹਨੂੰ। ਸਾਰਿਆਂ ਦੇ ਪੇਟ ਨੂੰ ਭਰਨ ਵਾਲਾ। ਇਥੇ ਤਾਂ ਤੁਸੀਂ ਕਰ ਲਓਗੇ ਤੇ ਬਾਕੀ ਜਿਹੜਾ ਸੰਸਾਰ ਹੈ, ਜਾਨਵਰ ਐਨੇ ਨੇ, ਪੰਛੀ ਐਨੇ ਨੇ, 83 ਲੱਖ, 99 ਹਜ਼ਾਰ, 999 ਜੂਨੀਆਂ ਨੇ। ਬਾਕੀ ਸਾਰਾ ਸੰਸਾਰ ਪਿਆ ਹੈ ਮਨੁੱਖਾਂ ਦਾ। ਉਹ ਇਕੋ ਹੀ ਹੈ ਜਿਹੜਾ ਸਾਰਿਆਂ ਨੂੰ ਦਿੰਦਾ ਹੈ। ਤੁਸੀਂ ਇਸ ਦੇ ਵਾਸਤੇ ਚਿੰਤਾ ਨਾ ਕਰੋ।

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਅੰਗ - 10*

ਕਹਿਣ ਲੱਗੇ, ਭਾਈ ਗੁਰਦਾਸ ਜੀ! ਪੱਥਰ ਦੇ ਅੰਦਰ ਕੀੜਾ ਰਹਿੰਦਾ ਹੈ –

*ਪਾਖਣਿ ਕੀਟੁ ਗੁਪਤੁ ਹੋਇ ਰਹਤਾ*
*ਤਾ ਚੋ ਮਾਰਗੁ ਨਾਹੀ॥ ਅੰਗ - 488*

ਉਹਨੂੰ ਕੋਈ ਰਸਤਾ ਹੀ ਨਹੀਂ ਹੈ ਰੋਜ਼ੀ ਦੇਣ ਦਾ।

*ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥*
*ਅੰਗ - 488*

ਆਦਮੀ ਨੂੰ ਤਾਂ ਡਰਨਾ ਹੀ ਨਹੀਂ ਚਾਹੀਦਾ। ਇਹ ਤਾਂ ਉਨ੍ਹਾਂ ਕੀੜਿਆਂ ਨੂੰ ਵੀ ਰੋਜ਼ੀ ਪਹੁੰਚਾਉਂਦਾ ਹੈ ਜਿਥੇ ਰਾਹ ਹੀ ਨਹੀਂ ਪਹੁੰਚਣ ਦਾ, ਰੋਟੀ ਨਹੀਂ ਪਹੁੰਚਦੀ, ਪਾਣੀ ਨਹੀਂ ਪਹੁੰਚਦਾ, ਵਿਚਾਲੇ ਹੁੰਦਾ ਹੈ ਕੀੜਾ। ਉਥੇ ਪ੍ਰਮੇਸ਼ਰ ਉਨ੍ਹਾਂ ਨੂੰ ਰੋਟੀ ਦਿੰਦਾ ਹੈ।

ਸੋ ਦੂਸਰੀ ਮਿਸਾਲ ਦਿੰਦੇ ਨੇ –

*ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥*
*ਅੰਗ - 10*

ਕੂੰਜਾਂ ਆਂਡੇ ਦੇ ਕੇ ਚਲੀਆਂ ਆਉਂਦੀਆਂ ਨੇ, ਪਿਛੋਂ ਬੱਚੇ ਨਿਕਲਦੇ ਨੇ, ਜਦੋਂ ਇਥੋਂ ਛੇ ਮਹੀਨੇ ਬਾਅਦ ਮੁੜ ਕੇ ਜਾਂਦੀਆਂ ਨੇ, ਗਰਮ ਦੇਸਾਂ 'ਚੋਂ, ਤਾਂ ਜਾਂਦੀਆਂ ਨੂੰ ਉਨ੍ਹਾਂ ਦੇ ਬੱਚੇ ਪਲੇ-ਪਲਾਏ ਹੋ ਜਾਂਦੇ ਨੇ। ਸੋ ਇਹ ਤਾਂ ਅਕਾਲ ਪੁਰਖ ਦਾ ਕੰਮ ਹੈ। ਕਹਿੰਦੇ ਸੱਚੇ ਪਾਤਸ਼ਾਹ! ਠੀਕ ਹੈ, ਰੋਜ਼ੀ ਦਾ ਨਹੀਂ ਸਹੀ, ਪਰ ਇਹ ਜਿਹੜਾ ਝੂਠ ਦਾ ਕਿਲਾ ਉਸਾਰਿਆ ਹੈ ਇਨ੍ਹਾਂ ਨੇ। ਝੂਠ ਦੇ ਖਿਲਾਫ ਤਾਂ ਸੱਚ ਨੂੰ ਪ੍ਰਕਾਸ਼ ਕਰਨਾ ਚਾਹੀਦਾ ਹੈ। ਸੋ ਆਪ ਨੇ ਬਾਬਾ ਬੁੱਢਾ ਜੀ ਸਮੇਤ ਦੂਰ ਦਰਾਜ਼ ਜਾ ਕੇ, ਪਿਪਲੀ ਸਾਹਿਬ ਦੇ ਰਾਹ ਤੇ ਹੋਰ ਰਾਹਾਂ ਤੇ ਉਥੇ ਜਾ ਕੇ ਦੱਸਿਆ ਕਿ ਭੋਲਿਓ! ਪਾਤਸ਼ਾਹ ਸਮੇਂ ਦਾ, ਜਿਹਨੇ ਸੰਸਾਰ ਦਾ ਉਧਾਰ ਕਰਨਾ ਹੈ, ਉਹ ਤਾਂ ਗੁਰੂ ਅਰਜਨ ਪਾਤਸ਼ਾਹ ਨੇ। ਸੰਗਤਾਂ ਨੂੰ ਪਤਾ ਲਗ ਗਿਆ।

ਅਖੀਰ ਚਲਦੇ-ਚਲਦੇ ਆਪ ਦੇ ਓਲਾਦ ਨਹੀਂ ਬੜੀ ਦੇਰ ਤਕ ਹੋਈ। ਉਨ੍ਹਾਂ ਦਾ ਲੜਕਾ ਜੋ ਸੀ ਪ੍ਰਿਥੀਚੰਦ ਦਾ, ਮਿਹਰਵਾਨ ਉਹ ਜ਼ਿਆਦਾ ਕੋਲ ਰਿਹਾ ਕਰਦਾ ਹੈ ਤੇ ਜਾ ਕੇ ਘਰ ਵਿਚ ਵਿਚ ਗੱਲ ਕਰਨੀ ਕਿ ਇਨ੍ਹਾਂ ਦੇ ਤਾਂ ਓਲਾਦ ਹੀ ਨਹੀਂ ਹੈ। ਗੁਰਗੱਦੀ ਹੁਣ ਕਿਹਨੂੰ ਦੇਣਗੇ। ਬਚਨ ਇਹ ਹੋਇਆ ਹੋਇਆ ਹੈ ਕਿ ਗੱਦੀ ਹੁਣ ਘਰ 'ਚ ਰਹੇਗੀ। ਆਟੋਮੈਟਿਕ ਮੇਰੇ ਕੋਲ ਆ ਜਾਣੀ ਹੈ। ਸੋ ਇਸ ਤੋਂ ਵੀ ਜ਼ਿਆਦਾ ਤਾਹਨੇ ਮਾਰੇ।

ਇਕ ਦਿਨ ਮਾਤਾ ਜੀ ਕੋਠੇ ਤੇ ਖੜ੍ਹੇ ਆਪਣੇ ਕੇਸ ਹਰੇ ਕਰ ਰਹੇ ਸੀ। ਵਾਲ ਝਟਕੇ, ਇਕ ਕਤਰਾ ਨਾਲ ਦੇ ਕੋਠੇ ਤੇ, ਨੀਵਾਂ ਸੀ ਥੋੜ੍ਹਾ, ਉਪਰ ਜਾ ਪਿਆ। ਉਸ ਵੇਲੇ ਤਾਹਨਾ ਦਿਤਾ ਕਿ ਤੇਰੇ ਤਾਂ ਓਲਾਦ ਨਹੀਂ ਹੋਈ, ਤੂੰ ਮੇਰੇ ਉਪਰ ਕੇਸਾਂ ਦਾ ਕਤਰਾ ਕਿਉਂ ਪਾਇਆ ਹੈ। ਕਪੜੇ ਸੁਕਣੇ ਪਾ ਦਿਤੇ, ਗੋਲੀ ਨੇ ਕਿਹਾ ਕਿ ਦੇਖੋ! ਕਿੰਨੇ ਵਧੀਆ ਕਪੜੇ ਗੁਰਸਿੱਖ ਲਿਆਉਂਦੇ ਨੇ। ਕਹਿੰਦੀ ਸਾਰੇ ਆਪਣੇ ਹੀ ਨੇ, ਇਨ੍ਹਾਂ ਦੇ ਤਾਂ ਹੁੰਦਾ ਹੀ ਨਹੀਂ ਕੋਈ। ਅਖੀਰ ਬਾਬਾ ਬੁੱਢਾ

ਜੀ ਤੋਂ ਬਚਨ ਦੇ ਨਾਲ, ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ। ਪ੍ਰਿਥੀਚੰਦ ਇਸ ਗੱਲ ਤੇ ਚਿੜ ਗਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜੋ ਉਸ ਵੇਲੇ ਸਾਹਿਬਜ਼ਾਦੇ ਸੀ ਕਿ ਇਨ੍ਹਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਮਾਰ ਦੇਵਾਂ। ਪਹਿਲੀ ਗੱਲ ਇਹ ਕਰੀ ਕਿ ਇਕ ਜਾਦੂਗਰ ਦੇ ਕੋਲ ਗਿਆ। ਜਦੋਂ ਆਪ ਪੇਟ ਵਿਚ ਸੀ, ਉਸ ਵੇਲੇ ਇਕ ਮੁੱਠ ਸੁਟਵਾਈ ਗਈ। ਕੋਈ ਅਸਰ ਨਾ ਹੋਇਆ। ਕਿਉਂਕਿ ਜਿਹਦਾ ਰਾਖਾ ਆਪ ਵਾਹਿਗੁਰੂ ਹੋਵੇ, ਉਹਦਾ ਕੋਈ ਨੁਕਸਾਨ ਨਹੀਂ ਕਰ ਸਕਿਆ ਕਰਦਾ। ਬਾਕੀ ਜੋ ਨਿਰਵੈਰਾਂ ਦੇ ਨਾਲ ਵੈਰ ਕਰਦੇ ਨੇ, ਸਾਧੂਆਂ ਦੇ ਨਾਲ ਵੈਰ ਕਰਦੇ ਨੇ, ਬੰਦਗੀ ਵਾਲਿਆਂ ਦੇ ਨਾਲ ਵੈਰ ਕਰਦੇ ਨੇ, ਉਨ੍ਹਾਂ ਨੂੰ ਕਦੇ ਸੁਖ ਨਹੀਂ ਹੋਇਆ ਕਰਦਾ।

***ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ॥***
***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥***
***ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ॥***
***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥***

***ਅੰਗ - 306***

ਸਾਰੇ ਸਾਧੂ, ਮੁਨੀ ਤੇ ਪੀਰ ਪੈਗੰਬਰ, ਔਲੀਏ ਤੇ ਚਾਰੇ ਵੇਦ ਇਹ ਕਹਿੰਦੇ ਨੇ ਕਿ ਜਿਹੜਾ ਕੁਛ ਸੰਤਾਂ ਦੇ ਮੂੰਹੋਂ ਨਿਕਲ ਜਾਵੇ ਉਹ ਬਚਨ ਹੋਇਆ ਕਰਦਾ ਹੈ। ਜੋ-ਜੋ ਵੀ ਸੰਤਾਂ ਦੇ ਨਾਲ ਖਹੇਗਾ ਉਹ ਆਪਣੇ ਨਾਸ਼ ਨੂੰ ਨੇੜੇ ਬੁਲਾਉਂਦਾ ਚਲਿਆ ਜਾਏਗਾ।

***ਸੰਤਨ ਸੇਤੀ ਮਸਖਰੀ ਇਹ ਡੁਬਨ ਕੀ ਰੀਤ।***

ਡੁੱਬ ਜਾਏਗਾ ਉਹ ਬੰਦਾ, ਕੋਈ ਹੋਵੇ ਚਾਹੇ। ਦੁਨੀਆਂ ਦੇਖਦੀ ਹੈ, ਮਹਾਰਾਜ ਕਹਿੰਦੇ ਸਾਰਾ ਸੰਸਾਰ ਦੇਖਦਾ ਹੈ ਡੁਬਦਿਆਂ ਨੂੰ। ਪਰ ਫੇਰ ਮੂਰਖ ਸਮਝਦੇ ਨਹੀਂ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਆਪ ਜੀ ਦੇ ਆਸ਼ਰਮ ਦੇ ਅੱਗੇ ਇਕ ਬੜਾ ਜਬਰਦਸਤ ਪਿੰਡ ਸੀ ਤਰਖਾਣਾਂ ਦਾ। ਬੜੇ ਹੰਕਾਰੇ ਬੰਦੇ ਸੀ। ਗੁਰੂ ਸੰਗਤਾਂ ਉਥੋਂ ਦੀ ਲੰਘ ਕੇ ਜਾਇਆ ਕਰਦੀਆਂ ਸੀ। ਪੂਰਨਮਾਸ਼ੀ ਤੇ ਜਾਣਾ, ਸੰਗਰਾਂਦ ਤੇ ਜਾਣਾ, ਹੋਰ ਜਿਸ ਤਰ੍ਹਾਂ ਗੁਰਪੁਰਬ ਮਨਾਏ ਜਾਂਦੇ ਨੇ, ਉਸ ਤਰ੍ਹਾਂ ਜਾਣਾ। ਪਰ ਉਹ ਪਿੰਡ ਵਾਲੇ ਹਮੇਸ਼ਾਂ ਲੰਘਣ ਵਾਲੀਆਂ ਸੰਗਤਾਂ ਨੂੰ ਤੰਗ ਕਰਿਆ ਕਰਦੇ ਸੀ। ਤਰ੍ਹਾਂ-ਤਰ੍ਹਾਂ ਦੇ ਮਿਹਣੇ, ਤਰ੍ਹਾਂ-ਤਰ੍ਹਾਂ ਦੀਆਂ ਬੋਲੀਆਂ ਬੀਬੀਆਂ ਨੂੰ ਮਾਰਨੀਆਂ। ਚੁੱਪ ਕਰ ਰਹਿੰਦੇ ਸੀ, ਅੱਗੋਂ ਕੋਈ ਕੁਛ ਨਹੀਂ ਸੀ ਕਹਿੰਦਾ, ਕਿਉਂਕਿ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਜਾਂਦੇ ਸੀ। ਅਖੀਰ ਜਦ ਕੁਛ ਨਾ ਕਿਹਾ ਤਾਂ ਐਸਾ ਹੋਇਆ ਤਾਂ ਉਨ੍ਹਾਂ ਨੇ ਪਾਲਤੂ ਕੁੱਤੇ ਜਿਹੜੇ ਸੀਗੇ, ਸ਼ਿਕਾਰੀ ਉਹ ਲੈ ਆਉਣੇ, ਜਦੋਂ ਕਿਸੇ ਜਥੇ ਦੀਆਂ ਦੋ ਚਾਰ ਬੀਬੀਆਂ, ਦੋ ਚਾਰ ਭਾਈ ਆਏ, ਕੁੱਤਾ ਛੱਡ ਦੇਣਾ, ਦੋ ਤਿੰਨ ਕੁੱਤੇ ਛੱਡ ਦੇਣੇ। ਉਨ੍ਹਾਂ ਕੁੱਤਿਆਂ ਨੇ ਜ਼ਖਮ ਕਰ ਦੇਣੇ, ਕਪੜੇ ਪਾੜ ਦੇਣੇ। ਬਾਬਾ ਜੀ ਕੋਲ ਰੋਜ਼ ਸ਼ਿਕਾਇਤਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ। ਅਖੀਰ ਸੰਗਤ ਬਹੁਤ ਜ਼ਖਮੀ ਹੋਣ ਲੱਗ ਗਈ। ਕਹਿਣ ਲੱਗੇ, ਬਾਬਾ ਜੀ! ਕੋਈ ਉਪਾਅ ਦੱਸੋ, ਅਸੀਂ ਤੁਹਾਡੇ ਪਾਸ ਆਏ ਤੋਂ ਬਗੈਰ ਤਾਂ ਰਹਿ ਨਹੀਂ ਸਕਦੇ। ਮਹਾਰਾਜ ਕਹਿੰਦੇ, ਤੁਸੀਂ ਐਉਂ ਕਰੋ ਪ੍ਰੇਮੀਓ! ਤੁਸੀਂ ਏਸ ਪਿੰਡ ਤੋਂ ਆਉਂਦੇ ਹੋ, ਦੂਸਰੇ ਰਸਤੇ ਤੋਂ ਆ ਜਾਇਆ ਕਰੋ। ਥੋੜ੍ਹਾ ਜਿਹਾ ਵਲ ਪਏਗਾ, ਪਿੰਡਾਂ 'ਚੋਂ ਨਾ ਆਓ,ਸੁੰਨੇ-ਸੁੰਨੇ ਆ ਜਾਓ। ਉਸੇ ਤਰ੍ਹਾਂ ਆਉਣਾ ਸ਼ੁਰੂ ਕਰ ਦਿਤਾ, ਉਹ ਆਪਣੇ ਪਿੰਡ 'ਚੋਂ ਕੁੱਤੇ ਫੜਿਆ ਕਰਨ ਤੇ ਕਿਹਾ ਕਰਨ ਓਧਰ ਦੀ ਲੰਘਦੇ ਨੇ, ਉਥੇ ਜਾ ਕੇ ਫੇਰ ਛੱਡ ਦਿਆ ਕਰਨ। ਉਨ੍ਹਾਂ ਕੁੱਤਿਆਂ ਨੇ ਕਪੜੇ ਫਾੜ ਦੇਣੇ ਬੱਚਿਆਂ ਦੇ ਜ਼ਖਮ ਹੋ ਜਾਣੇ। ਅਖੀਰ ਬਾਬਾ ਜੀ ਨੂੰ ਕਿਹਾ, ਹੁਣ ਤਾਂ ਉਥੋਂ ਵੀ ਸਾਨੂੰ ਲੰਘਣ ਨਹੀਂ ਦਿੰਦੇ। ਉਥੇ ਢਾਹਣੀਆਂ ਲਾ ਕੇ ਕੁੱਤੇ ਲੈ ਕੇ ਬਹਿ ਜਾਂਦੇ ਨੇ। ਬਾਬਾ ਜੀ ਕਹਿੰਦੇ ਕੋਈ ਨਾ ਪ੍ਰੇਮੀਓ! ਅਤਿ ਦਾ ਤੇ ਖੁਦਾ ਦਾ ਵੈਰ ਹੁੰਦਾ ਹੈ। ਜਿਹੜਾ ਸੰਗਤ ਨੂੰ ਦੁਖੀ ਕਰੇਗਾ, ਉਹ ਆਪ ਦੁਖੀ ਹੋ ਕੇ ਮਰ ਜਾਏਗਾ। ਖਤਮ ਹੋ ਜਾਏਗਾ, ਘਰ ਖਤਮ ਹੋ ਜਾਏਗਾ, ਬਾਲ ਬੱਚਾ ਕੋਈ ਨਹੀਂ ਰਹਿੰਦਾ।

***ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ॥ ਅੰਗ - 306***

ਜੇ ਦਰਖਤ ਦਾ ਮੁੱਢ ਕੱਟ ਦਿਓ ਫੇਰ ਡਾਲ ਕੀ ਕਰਨੇ ਨੇ। ਜਿਹੜਾ ਸੰਤਾਂ ਨੂੰ ਦੁਖੀ ਕਰੇ ਉਹਦਾ ਮੁੱਢ ਕਟਿਆ ਜਾਂਦਾ ਹੈ। ਫੇਰ ਉਹ ਮਰਨਾ ਸ਼ੁਰੂ ਹੋ ਜਾਂਦਾ ਹੈ। ਖਤਮ ਹੋ ਜਾਂਦਾ ਹੈ। ਕਹਿੰਦੇ ਕੋਈ ਨਾ, ਸਾਧਸੰਗਤ ਜੀ! ਤੁਸੀਂ ਵਾਹਿਗੁਰੂ ਤੇ ਭਰੋਸਾ ਰੱਖੋ। ਥੋੜ੍ਹੇ ਦਿਨਾਂ ਤੋਂ ਬਾਅਦ ਕੀ ਹੋਇਆ। ਰੋਜ਼ ਇਕ ਬੰਦਾ ਮਰਨ ਲਗ ਗਿਆ, ਦੋ-ਦੋ ਮਰਨ ਲਗ ਗਏ, ਫੇਰ ਤਿੰਨ-ਤਿੰਨ ਮਰਨ ਲਗ ਗਏ। ਐਸੇ ਢੀਠ ਨੇ, ਪਤਾ ਹੈ ਕਿ ਅਸੀਂ ਆਹ ਕਰਦੇ ਹਾਂ। ਲੇਕਿਨ ਹੰਕਾਰ ਐਨਾ ਵਧਿਆ ਹੋਇਆ ਹੈ ਤੇ ਕਹਿੰਦੇ ਸੰਤ ਸਾਨੂੰ ਕੀ ਕਰ ਦਏਗਾ। ਮਰਦੇ ਨੇ ਰੋਜ਼ਾਨਾ। ਅਖੀਰ ਐਸਾ ਹੋਇਆ ਕਿ ਸਾਰੇ ਹੀ ਮਰਦ ਮਰ ਗਏ, ਛੋਟੇ ਬੱਚੇ ਵੀ, ਵੱਡੇ ਵੀ, ਇਕ ਬੱਚਾ ਬਚ ਗਿਆ, ਉਹਦੀ ਮਾਤਾ ਨੇ ਉਸੇ ਵੇਲੇ ਲਿਆ ਕੇ ਮਹਾਂਪੁਰਸ਼ਾਂ ਦੇ ਚਰਨਾਂ 'ਚ ਲਿਟਾ ਦਿਤਾ ਬੱਚਾ। ਪਾਤਸ਼ਾਹ! ਜੜ੍ਹ ਰਖ ਲਓ ਪਿੰਡ ਦੀ, ਕਹਿੰਦੇ ਬੀਬੀ! ਇਹ ਪਿੰਡ ਜੜ੍ਹ ਰੱਖਣ ਵਾਲਾ ਹੈ, ਇਹ ਗਰਕ ਹੋਣ ਵਾਲਾ ਪਿੰਡ ਹੈ। ਇਨ੍ਹਾਂ ਨੇ ਸੰਗਤਾਂ ਦੀ ਬੇਅਦਬੀ ਕਰੀ ਹੈ, ਚਾਹੀਦਾ ਇਹ ਹੈ, ਅੱਲਾਹ ਤਾਲਾ ਹੋਇਆ, ਵਾਹਿਗੁਰੂ ਹੋਇਆ, ਰਾਮ ਹੋਇਆ, ਜਿਥੇ ਸੰਗਤਾਂ ਹਰੀ ਦੇ ਜਸ ਵਾਸਤੇ ਜਾਂਦੀਆਂ ਨੇ। ਉਥੇ ਦੇ ਪਿੰਡਾਂ ਨੂੰ ਇਹ ਚਾਹੀਦਾ ਹੈ ਕਿ ਰਸਤੇ ਵੀ ਠੀਕ ਕਰੋ ਤੇ ਉਨ੍ਹਾਂ ਦਾ ਆਦਰ ਸਤਿਕਾਰ ਵੀ ਕਰੋ। ਕੁਛ ਨਹੀਂ ਹੋ ਸਕਦਾ ਫਤਹਿ ਹੀ ਬੁਲਾ ਦਿਓ। ਐਨੇ ਨਾਲ ਹੀ ਪਿੰਡ ਦਾ ਭਲਾ ਹੋ ਜਾਏਗਾ। ਇਹ ਤਾਂ ਨਹੀਂ

ਹੈ ਕਿ ਸੰਗਤਾਂ ਦੀ ਵਿਰੋਧਤਾ ਕਰੋ। ਜਾਹ, ਤੂੰ ਹੁਣ ਗੁਰੂ ਨਾਨਕ ਦੀ ਸ਼ਰਨ ਆ ਗਈ ਹੈਂ ਤੇ ਇਹਦਾ ਨਾਉਂ ਅੱਲਾਹ ਦਿਤਾ ਰੱਖ ਲੈ। ਬੱਚਾ ਬਚ ਗਿਆ, ਸੋ ਇਕ ਬਚਾ ਲਿਆ। ਸੋ ਮਹਾਰਾਜ ਕਹਿੰਦੇ –

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥*
*ਅੰਗ - 306*

ਪ੍ਰਿਥੀ ਚੰਦ ਜੀ ਨੇ ਇਕ ਦਾਈ ਨੂੰ ਪੈਸੇ ਦੇ ਦਿਤੇ। ਕਹਿੰਦੇ ਇਹ ਤਾਂ ਲੈ ਲੈ ਤੂੰ ਅਗੇਤੇ ਤੇ ਆਪਣੇ ਦੁੱਧਾਂ ਨੂੰ ਜ਼ਹਿਰ ਲਾ ਕੇ, ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਜਾ ਕੇ ਦੁੱਧ ਪਿਲਾ ਦੇ। ਬਹੁਤ ਤੇਜ਼ ਕਿਸਮ ਦੀ ਦਾਈ ਨੇ ਦਵਾਈ ਲਾ ਲਈ ਕਿ ਮੂੰਹ ਨੂੰ ਲਗ ਵੀ ਜਾਵੇ ਉਸੇ ਵੇਲੇ ਚੜ੍ਹਾਈ ਕਰ ਜਾਏ। ਸੋ ਉਹਨੇ ਆ ਕੇ ਮਾਤਾ ਜੀ ਤੋਂ ਬੱਚਾ ਫੜ ਲਿਆ। ਫੜਿਆ ਹੋਇਆ, ਇਕ ਪਾਸੇ ਲੈ ਗਈ। ਬਟਨ ਖੋਲ੍ਹ ਕੇ ਦੁੱਧ ਮੂੰਹ ’ਚ ਪਾਉਣਾ ਚਾਹੁੰਦੀ ਹੈ, ਮਹਾਰਾਜ ਫੜਦੇ ਨਹੀਂ। ਉਹ ਕਦੇ ਇਧਰੋਂ ਕਰਦੀ ਹੈ, ਕਦੇ ਇਧਰੋਂ ਕਰਦੀ ਹੈ। ਉਹ ਫੜਦੇ ਨਹੀਂ। ਅਖੀਰ ਕੁਦਰਤ ਐਸੀ ਹੋਈ ਕਿ ਉਸੇ ਨੂੰ ਜ਼ਹਿਰ ਚੜ੍ਹ ਗਈ, ਆਕੜ ਗਈ, ਗਿਰ ਗਈ ਦੜੰਮ ਕਰਕੇ। ਸਾਰੇ ਇਕੱਠੇ ਹੋ ਗਏ, ਮਹਾਰਾਜ ਆ ਗਏ, ਕਹਿੰਦੀ ਮੈਂ ਪਾਪ ਕਰਿਆ ਹੈ, ਪਾਪ ਦਾ ਫਲ ਭੋਗਿਆ ਹੈ, ਮੈਨੂੰ ਪ੍ਰਿਥੀ ਚੰਦ ਜੀ ਨੇ ਪੈਸੇ ਦਿਤੇ ਸੀ। ਅਜੇ ਹੋਰ ਦੇਣ ਦਾ ਮੇਰੇ ਨਾਲ ਵਾਇਦਾ ਕਰਿਆ ਸੀ। ਮੈਂ ਜਾ ਰਹੀ ਹਾਂ, ਮੇਰੇ ਗੁਨਾਹ ਬਖ਼ਸ਼ ਦਿਓ। ਦੇਖਦੇ-ਦੇਖਦੇ ਮਰ ਗਈ। ਇਹ ਵੀ ਵਾਰ ਨਾ ਚੱਲਿਆ।

ਦੂਸਰੀ ਵਾਰੀ ਇਕ ਸਪੇਰਾ ਸੀ। ਉਹਨੂੰ ਕਿਹਾ ਕਿ ਤੇਰੇ ਕੋਲ ਸਭ ਤੋਂ ਜ਼ਹਿਰੀ ਸੱਪ ਕਿਹੜਾ ਹੈ? ਕਹਿਣ ਲੱਗਿਆ, ਗੁਰੂ ਲੋਕੋ! ਮੇਰੇ ਕੋਲ ਸਭ ਤੋਂ ਜ਼ਹਿਰੀ ਆਹ ਸੱਪ ਹੈ। ਕਹਿੰਦਾ, ਇਹਦੇ ਵਿਚ ਇਕ ਸਿਫਤ ਹੈ? ਕਹਿੰਦਾ, ਜੇ ਇਹ ਮੂੰਹ ਲਾ ਦੇਵੇ ਨਾ ਤਾਂ ਹਾਇ ਨਹੀਂ ਕਹਿਣ ਦਿੰਦਾ। ਐਨੀ ਜ਼ਹਿਰ ਤੇਜ਼ੀ ਨਾਲ ਚੜ੍ਹਦੀ ਹੈ। ਪਿਛੇ ਨੂੰ ਸੁੱਟਦਾ ਹੈ, ਮੂਹਰੇ ਨੂੰ ਨਹੀਂ ਸੁਟਦਾ। ਕਹਿਣ ਲੱਗਿਆ, ਆਹ ਲੈ ਫੜ ਪੰਜ ਸੋ ਰੁਪਿਆ। ਉਹ ਬੱਚਾ ਖੇਲ੍ਹਦਾ ਹੈ ਤੇ ਜੇ ਇਹ ਸੱਪ ਲੜਾ ਦੇਵੇਂ ਤਾਂ ਮੂੰਹ ਮੰਗਿਆ ਇਨਾਮ ਦੇਵਾਂਗਾ। ਸਪੇਰਾ ਗਿਆ, ਜਾ ਕੇ ਮਲਕ ਦੇ ਕੇ ਸੱਪ ਛੱਡ ਦਿਤਾ। ਮਹਾਰਾਜ ਜੀ ਦੇ ਪਾਸ ਚਲਿਆ ਗਿਆ, ਹੁਣ ਡੰਗ ਨਹੀਂ ਮਾਰਦਾ, ਖੇਲ੍ਹਦਾ ਹੈ ਉਨ੍ਹਾਂ ਨਾਲ, ਕਦੇ ਏਧਰ ਹੋ ਜਾਂਦੈ, ਕਦੇ ਓਧਰ ਹੋ ਜਾਂਦਾ ਹੈ। ਮਹਾਰਾਜ ਜੀ ਨੇ ਸਿਰੀ ਤੋਂ ਫੜ ਲਿਆ। ਦੇਖ ਲਿਆ ਕਿ ਸੱਪ ਹੈ। ਸਪੇਰਾ ਵੀ ਫੜ ਲਿਆ, ਜਦੋਂ ਮਾਰ ਪਈ, ਤਾਂ ਕਹਿਣ ਲੱਗਿਆ ਕਿ ਮੈਨੂੰ ਤਾਂ ਪੈਸੇ ਦਿਤੇ ਨੇ, ਕਿ ਆਹ ਸੱਪ ਲੜਾ ਦਿਓ। ਇਥੇ ਹੀ ਬੱਸ ਨਹੀਂ ਕਰੀ। ਜਿਹੜਾ ਖਡਾਵਾ ਸੀ, ਉਹ ਬ੍ਰਾਹਮਣ ਖਿਡਾਇਆ ਕਰਦਾ ਸੀ, ਉਸ ਨੂੰ ਕਿਹਾ ਕਿ ਤੈਨੂੰ ਐਨੇ ਪੈਸੇ ਦੇਵਾਂਗੇ। ਤੂੰ ਇਸ ਬੱਚੇ ਨੂੰ ਜ਼ਹਿਰੀਲਾ ਦੁੱਧ ਪਿਲਾ ਦੇ। ਕਿਉਂਕਿ ਉਹ ਰੋਜ਼ ਆਪਣੇ ਹੱਥ ਦੇ ਨਾਲ ਦਹੀਂ ਖਿਲਾਇਆ ਕਰਦਾ ਸੀ। ਬਹੁਤ ਤੇਜ਼ ਕਿਸਮ ਦੀ ਜ਼ਹਿਰ ਪਾ ਦਿਤੀ। ਜਦੋਂ ਖਿਲਾਉਣ ਲੱਗਿਆ, ਮਹਾਰਾਜ ਜੀ ਮੂੰਹ ਹੀ ਨਹੀਂ ਖੋਲ੍ਹਦੇ। ਦੂਸਰੇ ਪਾਸੇ ਮੂੰਹ ਕਰਕੇ ਜ਼ੋਰ ਨਾਲ ਚੀਕ ਮਾਰੀ। ਉਹਦਾ ਸੀ ਕਿ ਜਦ ਮੂੰਹ ਖੋਲ੍ਹਣਗੇ ਉਦੋਂ ਹੀ ਮੂੰਹ ਵਿਚ ਪਾ ਦੇਵਾਂਗਾ। ਜ਼ਹਿਰ ਐਨੀ ਤੇਜ਼ ਹੈ ਉਥੇ ਹੀ ਖਤਮ ਹੋ ਜਾਣਾ ਹੈ। ਮੂੰਹ ਨਹੀਂ ਖੋਲ੍ਹਦੇ, ਹੱਥ ਮੂਹਰੇ ਕਰਿਆ ਹੋਇਆ ਹੈ, ਛੋਟੇ ਜਿਹੇ ਬੱਚੇ ਨੇ। ਰੌਲਾ ਪਿਆ, ਨੱਠ ਕੇ ਗੁਰੂ ਮਹਾਰਾਜ ਆ ਗਏ, ਮਾਤਾ ਜੀ ਆ ਗਏ। ਪੁਛਿਆ, ਕੀ ਗੱਲ? ਕਹਿੰਦਾ, ਦਹੀਂ ਨਹੀਂ ਖਾਂਦੇ। ਕਹਿੰਦੇ, ਕੀ ਗੱਲ ਦਹੀਂ ’ਚ ਕੋਈ ਗੱਲ ਹੋਣੀ ਹੈ, ਤਾਂ ਹੀ ਨਹੀਂ ਖਾਂਦੇ। ਪਤਾ ਤਾਂ ਸਭ ਨੂੰ ਸੀ ਕਿ ਇਹ ਕਰਨ ਕਾਰਨ ਸਮਰੱਥ ਸਭ ਆਪੇ ਹੀ ਨੇ। ਚਾਹੇ ਬੱਚਾ ਸਰੀਰ ਹੋਵੇ, ਚਾਹੇ ਵੱਡਾ ਹੋਵੇ, ਸ਼ਕਤੀ ਨਹੀਂ ਘੱਟ ਹੋਇਆ ਕਰਦੀ, ਸ਼ਕਤੀ ਓਨੀ ਹੀ ਹੋਇਆ ਕਰਦੀ ਹੈ।

ਕੋਈ ਗੁਰੂ ਹਰਿ ਕ੍ਰਿਸ਼ਨ ਮਹਾਰਾਜ ਵਿਚ ਸ਼ਕਤੀ ਘੱਟ ਸੀ? ਛਟੀ ਰੱਖ ਦਿਤੀ, ਗੂੰਗੇ, ਬੋਲੇ ਦੇ ਸਿਰ ਦੇ ਉਤੇ, ਅਰਥ ਕਰਾ ਦਿੰਦੇ ਨੇ ਗੀਤਾ ਦੇ। ਕਿੰਨੀ ਉਮਰ ਸੀ ਸਾਢੇ ਸੱਤ ਸਾਲ।

ਸੋ ਇਸ ਤਰ੍ਹਾਂ ਦੇ ਨਾਲ ਦਹੀਂ ਲੈ ਕੇ ਕੁੱਤੇ ਨੂੰ ਪਾ ਦਿਤਾ। ਕੁੱਤੇ ਨੇ ਅਜੇ ਮਾੜਾ ਜਿਹਾ ਹੀ ਅੰਦਰ ਨੂੰ ਕਰਿਆ, ਦੜੰਮ ਕਰਕੇ ਗਿਆ। ਐਡੀ ਤੇਜ਼ ਜ਼ਹਿਰ ਪਾਈ। ਸੋ ਇਹ ਵੈਰ ਹੋਇਆ ਕਰਦਾ ਹੈ ਸਾਧਸੰਗਤ ਜੀ। ਇਹ ਸੁਖ ਨਹੀਂ ਪਾਇਆ ਕਰਦੇ, ਵੈਰ ਕਰਨ ਵਾਲੇ।

ਬ੍ਰਾਹਮਣ ਦੇ ਪੇਟ ਵਿਚ ਸੂਲ ਐਸਾ ਉਠਿਆ, ਉਹ ਵੀ ਚੜ੍ਹਾਈ ਕਰ ਗਿਆ। ਸੋ ਇਸ ਤਰ੍ਹਾਂ ਦੇ ਨਾਲ ਵੈਰ ਵਧਦਾ ਹੀ ਜਾਂਦਾ ਹੈ ਦਿਨੋਂ ਦਿਨ। ਇਕ ਤਾਂ ਇਹ ਹੁੰਦਾ ਹੈ ਕਿ ਇਕ ਪਾਸਾ ਵੈਰ ਨਾ ਕਰੇ, ਤਾਂ ਦੂਸਰਾ ਹੌਲੀ-ਹੌਲੀ ਦਬ ਜਾਂਦਾ ਹੈ। ਇਕ ਐਸਾ ਹੁੰਦਾ ਹੈ ਕਿ ਦਬਦਾ ਨਹੀਂ, ਸੁਭਾਅ ਐਸਾ ਹੁੰਦਾ ਹੈ ਕਿ ਸਾਰੀ ਜ਼ਿੰਦਗੀ ਵੈਰ ਕਰੀ ਜਾਂਦਾ ਹੈ। ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ। ਮਹਾਰਾਜ ਕਹਿੰਦੇ, ਪਰ ਇਹ ਤਾਂ ਹੁੰਦਾ ਨਹੀਂ ਪਿਆਰਿਓ –

*ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ॥*
*ਅੰਗ - 306*

ਪਚਦੇ ਨੇ ਜਿਹੜੇ ਨਿਰਵੈਰ ਦੇ ਨਾਲ ਵੈਰ ਕਰਦੇ ਨੇ। ਸੋ ਹੁਣ ਪੇਸ਼ ਨਹੀਂ ਜਾਂਦੀ।

ਗੁਰਦਾਸਪੁਰ ਜ਼ਿਲੇ ਦਾ ਇਕ ਬ੍ਰਾਹਮਣ ਜਿਸਦਾ ਨਾਮ ਬੀਰਬਲ ਸੀ। ਇਹ ਕਿਸੇ ਰਾਜੇ ਪਾਸ ਨੌਕਰ ਸੀ। ਉਸ ਰਾਜੇ

ਨੇ ਹੌਲੀ-ਹੌਲੀ ਅਕਬਰ ਦੇ ਪਾਸ ਭੇਜ ਦਿਤਾ। ਹੁਸ਼ਿਆਰ ਬੜਾ ਸੀ, ਹਾਜ਼ਰ ਜਵਾਬ ਸੀ, ਪੂਜਾ ਪਾਠ ਬਹੁਤ ਕਰਿਆ ਕਰਦਾ ਸੀ, ਕਥਾ ਕਰਨੀ, ਬ੍ਰਾਹਮਣਾਂ ਵਾਲੇ ਕਰਮ ਵੀ ਪੂਰੇ ਕਰਨੇ ਤੇ ਨਾਲ ਲਤੀਫੇ ਵੀ ਸੁਣਾਉਣੇ ਉਸ ਨੇ। ਬੀਰਬਲ ਦੇ ਲਤੀਫੇ ਵੀ ਮਸ਼ਹੂਰ ਸੀ ਤੇ ਮਾਲ ਆਫੀਸਰ ਸੀ। ਸੋ ਉਸ ਨੇ, ਇਕ ਵਾਰ ਯੁੱਧ ਲੱਗਿਆ ਹੋਇਆ ਸੀ, ਯੂਸਫ਼ ਦੇਹੀ ਦੇ ਵਿਚ, ਅਫ਼ਗਾਨਿਸਤਾਨ 'ਚ। ਉਸ ਥਾਂ ਤੇ ਇਕ ਜਰਨੈਲ ਜੈਨ ਖਾਨ ਨਾਮ ਦਾ ਭੇਜਿਆ ਤੇ ਅਕਬਰ ਇਥੇ ਆਇਆ ਹੋਇਆ ਸੀ। ਉਸ ਨੂੰ ਪਤਾ ਲੱਗਿਆ ਕਿ ਜੈਨ ਖਾਂ ਕਾਮਯਾਬ ਨਹੀਂ ਹੋ ਸਕਦਾ। ਤਾਂ ਅਕਬਰ ਨੇ ਖੁਦ ਤਿਆਰੀ ਕਰੀ ਤੇ ਬੀਰਬਲ ਨੂੰ ਕਿਹਾ ਕਿ ਤੂੰ ਪੰਜਾਬ ਵਿਚੋਂ ਲੰਘ। ਕਹਿਣ ਲੱਗਿਆ, ਮੈਂ ਪੰਜਾਬ ਦਾ ਬ੍ਰਾਹਮਣ ਹਾਂ ਤੇ ਕ੍ਰਿਪਾ ਕਰਕੇ ਮੈਨੂੰ ਇਹ ਹੱਕ ਦੇ ਦਿਓ ਕਿ ਮੈਂ ਸਾਰੇ ਖੱਤਰੀਆਂ ਤੋਂ ਜਜਮਾਨੀ ਪਰੋਹਤੀ ਲੈਂਦਾ ਚਲਿਆ ਜਾਵਾਂ। ਜਿਹੜਾ ਨਾ ਦੇਵੇ, ਮੈਨੂੰ ਅਖਤਿਆਰ ਦੇ ਦਿਓ ਕਿ ਜੋ ਮੈਂ ਸਜ਼ਾ ਚਾਹਵਾਂ, ਉਹ ਮੈਂ ਦੇਵਾਂ। ਯਾਨਿ ਇਕ ਟੈਕਸ ਉਗਰਾਹੁਣ ਵਾਸਤੇ ਤੁਰਿਆ ਆਉਂਦਾ ਹੈ। ਜਿਥੇ-ਜਿਥੇ ਵੀ ਦੇਖਦਾ ਹੈ, ਜਿਹੜੇ-ਜਿਹੜੇ ਪਿੰਡ ਦੇਖਦਾ ਹੈ, ਚਾਹੇ ਜੱਟਾਂ ਦੇ ਨੇ, ਚਾਹੇ ਖਤਰੀਆਂ ਦੇ ਨੇ, ਸਾਰਿਆਂ ਤੋਂ ਦੱਛਣਾ ਲੈਂਦਾ ਤੁਰਿਆ ਜਾਂਦਾ ਹੈ। ਚਲਦਾ-ਚਲਦਾ, ਜਦ ਰਾਮਦਾਸਪੁਰੇ ਆਇਆ, ਅੰਮ੍ਰਿਤਸਰ ਦੇ ਨੇੜੇ ਆਇਆ। ਉਥੇ ਪ੍ਰਿਥੀਚੰਦ ਮਿਲ ਗਿਆ, ਭੇਟਾ ਲੈ ਕੇ। ਕਹਿੰਦਾ ਲਓ ਪ੍ਰੋਹਤ ਜੀ! ਤੁਸੀਂ ਤਾਂ ਸਾਡੇ ਪ੍ਰੋਹਤ ਹੋ। ਮੈਂ ਤਾਂ ਦੇ ਦਿਤੀ, ਪਰ ਮੇਰਾ ਭਰਾ ਜਿਹੜਾ ਅੱਜਕਲ੍ਹ ਗੁਰਿਆਈ ਤੇ ਬੈਠਾ, ਗੁਰੂ ਅਰਜਨ ਦੇਵ ਕਹਾਉਂਦਾ ਹੈ, ਉਹ ਐਡਾ ਅਭਿਮਾਨੀ ਹੈ ਕਿ ਉਸ ਨੇ ਤੁਹਾਨੂੰ ਇਕ ਪੈਸਾ ਨਹੀਂ ਦੇਣਾ, ਜੇ ਮੇਰੇ ਤੇ ਇਤਬਾਰ ਨਹੀਂ ਹੈ ਤਾਂ ਪ੍ਰਤਿਆ ਕੇ ਦੇਖ ਲਓ। ਉਹਨੇ ਮੈਨੂੰ ਬੜਾ ਦੁਖੀ ਕਰਿਆ ਹੈ, ਵਲ ਛਲ ਦੇ ਨਾਲ ਗੁਰਿਆਈ ਲੈ ਲਈ ਹੈ। ਮੈਂ ਵਾਂਝਾ ਰਹਿ ਗਿਆ, ਰੋਟੀ ਤੋਂ ਮੁਹਤਾਜ਼ ਫਿਰਦਾ ਹਾਂ। ਉਹਦੇ ਕੋਲ ਅੰਬਾਰ ਲਗਦੇ ਨੇ। ਤੁਸੀਂ ਜੀਅ ਭਰ ਕੇ ਦੱਛਣਾ ਲੈਣਾ। ਮਿਲ ਗਏ ਦੋਵੇਂ ਗੱਲਾਂ ਕਰੀ ਜਾਂਦੇ ਨੇ। ਉਹ ਵੀ ਬੜਾ ਖਿਝਿਆ ਹੋਇਆ ਸੀ, ਉਹਨੇ ਕਿਹਾ ਕਿ ਇਨ੍ਹਾਂ ਨੇ ਸਾਰੇ ਬ੍ਰਾਹਮਣੀ ਕਰਮ ਤੋੜ ਦਿਤੇ। ਤੀਰਥਾਂ ਨੂੰ ਇਹ ਪਸੰਦ ਨਹੀਂ ਕਰਦੇ, ਵਰਤਾਂ ਨੂੰ ਇਹ ਪਸੰਦ ਨਹੀਂ ਕਰਦੇ, ਚੰਦਰਮਾ ਦੀ ਪੂਜਾ ਨੂੰ, ਦਰਖਤਾਂ ਦੀ ਪੂਜਾ ਨੂੰ, ਇਹ ਤਾਂ ਸਾਰੀਆਂ ਚੀਜ਼ਾਂ ਨੂੰ ਗਲਤ ਕਹੀ ਜਾਂਦੇ ਨੇ। ਮੈਂ ਤਾਂ ਪ੍ਰਿਥੀ ਚੰਦ ਤੇਰੇ ਤੋਂ ਵੀ ਪਹਿਲਾਂ ਤਿਆਰ ਹਾਂ ਕਿ ਮੈਂ ਇਹਨੂੰ ਚੰਗੀ ਤਰ੍ਹਾਂ ਸਜ਼ਾ ਦੇਵਾਂ। ਇਹ ਦੇਖੀ ਜਾਏਗੀ, ਜੇ ਇਹ ਪੂਰਾ ਨਹੀਂ ਦੇਏਗਾ, ਫੇਰ ਤਾਂ ਮੈਨੂੰ ਪੂਰਾ ਬਹਾਨਾ ਮਿਲ ਜਾਏਗਾ, ਫੇਰ ਤੂੰ ਦੇਖੀਂ ਮੈਂ ਕੀ ਕਰਦਾ ਹਾਂ।

ਸੋ ਗੁਰੂ ਮਹਾਰਾਜ ਦੇ ਕੋਲ ਆਪਣੇ ਪਿਆਦੇ ਭੇਜ ਦਿਤੇ। ਕਹਿੰਦੇ ਦੇਖੋ ਤੁਸੀਂ ਓਂ ਖਤਰੀ, ਕਹਿ ਦਿਓ ਓਹਨੂੰ ਕਿ ਬ੍ਰਾਹਮਣ ਬੀਰਬਲ ਨੇ ਭੇਜੇ ਨੇ ਤੇ ਐਨੇ ਹਜ਼ਾਰ ਦੱਛਣਾ ਦੇਵੇ, ਜੇ ਨਾ ਦੇਵੇ ਤਾਂ ਤਿਆਰ ਹੋ ਜਾਵੇ, ਸਜ਼ਾ ਭੁਗਤਣ ਵਾਸਤੇ। ਮਹਾਰਾਜ ਜੀ ਦੇ ਪਾਸ ਚਲੇ ਗਏ। ਜਾ ਕੇ ਉਨ੍ਹਾਂ ਨੇ ਕੁਛ ਅਦਬ ਰੱਖਿਆ ਥੋੜ੍ਹਾ, ਸਮਝਦਾਰ ਸੀ। ਕਹਿਣ ਲੱਗੇ, ਪਾਤਸ਼ਾਹ! ਅਕਬਰ ਤੋਂ ਬੀਰਬਲ ਹੁਕਮ ਲੈ ਆਇਆ। ਉਹ ਹਰ ਥਾਂ ਤੋਂ ਆਪਣੀ ਦੱਛਣਾ ਲੈਂਦਾ ਫਿਰਦਾ ਹੈ, ਪੈਸੇ ਉਗਰਾਹੁੰਦਾ ਫਿਰਦਾ ਹੈ। ਤੁਹਾਡੇ ਭਰਾਤਾ ਜੀ ਨੇ ਵੀ ਦੇ ਦਿਤੇ। ਕੁਛ ਗੁਪਤ ਗੱਲਾਂ ਵੀ ਇਨ੍ਹਾਂ ਨੇ ਆਪਸ ਵਿਚ ਕਰੀਆਂ ਨੇ। ਕਿਤੇ ਐਸਾ ਨਾ ਹੋਵੇ, ਆਪ ਨੂੰ ਕੋਈ ਸੰਕਟ ਖੜ੍ਹਾ ਹੋ ਜਾਵੇ, ਚੰਗਾ ਇਹ ਹੈ ਕਿ ਬਲਾ ਗਲੋਂ ਲਾਹੋ ਤੇ ਜਿਹੜਾ ਮੰਗਿਆ ਹੈ ਉਹ ਦੇ ਦਿਓ। ਮਹਾਰਾਜ ਕਹਿੰਦੇ, ਪ੍ਰੇਮੀਓ ਆਹ ਜਿੰਨਾ ਤੁਹਾਨੂੰ ਪੈਸਾ ਟਕਾ ਨਜ਼ਰ ਆਉਂਦਾ ਹੈ ਇਹ ਮੇਰਾ ਤਾਂ ਹੈ ਨਹੀਂ। ਮੈਂ ਤਾਂ ਇਹਦੇ ਵਿਚੋਂ ਪ੍ਰਸ਼ਾਦਾ ਵੀ ਨਹੀਂ ਛਕਦਾ, ਵਸਤਰ ਵੀ ਨਹੀਂ ਪਹਿਨਦਾ। ਇਹ ਤਾਂ ਸਾਰਾ ਸੰਗਤਾਂ ਲਿਆਉਂਦੀਆਂ ਨੇ, ਸੰਗਤਾਂ ਤੇ ਲੱਗ ਜਾਂਦਾ ਹੈ। ਅਸੀਂ ਤਾਂ ਆਪਣਾ ਪ੍ਰਸ਼ਾਦਾ ਪਾਣੀ, ਜਿਹੜੀ ਸਾਡੇ ਕੋਲ ਜ਼ਮੀਨ ਹੈ ਉਹਦੇ 'ਚੋਂ ਖਾਂਦੇ, ਉਹਦੇ 'ਚੋਂ ਵੀ ਅਸੀਂ ਗੁਰੂ ਦੇ ਲੰਗਰ ਵਿਚ ਪਾ ਦਿੰਦੇ ਹਾਂ ਜਿੰਨਾ ਵਾਧੂ ਹੁੰਦਾ ਹੈ। ਸੋ ਪੈਸਾ ਤਾਂ ਸੰਗਤਾਂ ਦਾ ਹੈ। ਸੰਗਤਾਂ ਦਾ ਪੈਸਾ ਕਿਸੇ ਨੂੰ ਦੇਣਾ ਮੇਰਾ ਅਖਤਿਆਰ ਨਹੀਂ।

ਉਹ ਕਹਿਣ ਲੱਗੇ, ਮਹਾਰਾਜ! ਜਿੱਦੀ ਬੰਦਾ ਹੈ, ਅਕਬਰ ਦੇ ਮੂੰਹ ਬਹੁਤ ਚੜ੍ਹਿਆ ਹੋਇਆ ਹੈ ਤੇ ਆਪ ਜੇ ਦੇ ਦਿਓਂ ਤਾਂ ਚੰਗਾ ਹੈ। ਨੁਕਸਾਨ ਬਹੁਤ ਹੋ ਜਾਂਦਾ ਹੈ, ਅਸੀਂ ਤਾਂ ਤੁਹਾਡਾ ਵੀ ਸਤਿਕਾਰ ਰੱਖਣਾ ਹੈ ਤੇ ਓਧਰ ਵੀ ਰੱਖਣਾ ਹੈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਆਹ ਗੱਲ ਨਹੀਂ ਹੈ, ਵਿਚੋਂ ਜਿਹੜੀ ਗੱਲ ਹੈ ਕਿ ਇਹਨੂੰ ਬਹੁਤ ਅਭਿਮਾਨ ਹੈ ਬ੍ਰਾਹਮਣਪੁਣੇ ਦਾ ਤੇ ਇਹ ਸਿੱਖੀ ਨੂੰ ਮੇਟਣਾ ਚਾਹੁੰਦਾ ਹੈ ਕਿ ਮੈਂ ਇਹਨੂੰ ਖਤਮ ਕਰ ਦੇਵਾਂ। ਪਰ ਵਾਹਿਗੁਰੂ ਦਾ ਅਸੂਲ ਕੁਛ ਹੋਰ ਹੈ।

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥***
***ਅੰਗ - 1089***

ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਸਾਰੇ ਧਰਮ ਗ੍ਰੰਥ ਇਹੀ ਕਹਿੰਦੇ ਨੇ ਕਿ ਰੱਬ ਨੂੰ ਹੰਕਾਰ ਨਹੀਂ ਭਾਇਆ ਕਰਦਾ। ਅਹੰਕਾਰੀ ਜਿਹੜਾ ਪੁਰਸ਼ ਹੈ ਉਹਨੂੰ ਹਾਰਨਾ ਪਏਗਾ। ਮਹਾਰਾਜ ਕਹਿੰਦੇ, ਤੁਸੀਂ ਅਕਾਲ ਪੁਰਖ ਤੇ ਭਰੋਸਾ ਰੱਖੋ, ਪਿਆਦਿਆਂ ਨੂੰ ਕਹਿਣ ਲੱਗੇ, ਦੇਖਿਓ! ਤੁਸੀਂ ਉਨ੍ਹਾਂ ਨੂੰ ਕਹਿ ਦਿਓ, ਲੰਗਰ ਛਕਣਾ ਹੈ ਤਿਆਰ ਹੈ, ਕਿਉਂਕਿ ਗੁਰੂ ਨਾਨਕ ਦੇ ਦਰ ਦੇ ਉਤੇ ਕੋਈ ਫਰਕ

ਨਹੀਂ ਹੈ। ਲੇਕਿਨ ਅਸੀਂ ਜਾਤ-ਪਾਤ ਨੂੰ ਨਹੀਂ ਮੰਨਦੇ ਕਿ ਬ੍ਰਾਹਮਣਾਂ ਨੂੰ ਕਿਸੇ ਥਾਂ ਬਿਠਾ ਕੇ ਪ੍ਰਸ਼ਾਦਾ ਛਕਾਇਆ ਜਾਵੇ। ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਦਰਬਾਰ ਵਿਚ ਅਕਬਰ ਬਾਦਸ਼ਾਹ ਨੇ, ਭੁੰਜੇ ਬੈਠ ਕੇ, ਹੱਥਾਂ ਤੇ ਲੈ ਕੇ ਪ੍ਰਸ਼ਾਦੇ ਛਕੇ। ਇਹ ਗੁਰੂ ਨਾਨਕ ਦਾ ਲੰਗਰ ਹੈ, ਇਹਦਾ ਪ੍ਰਸ਼ਾਦਾ ਮਿਲ ਜਾਣਾ ਹੀ ਬਹੁਤ ਵੱਡੀ ਕਿਸਮਤ ਹੋਇਆ ਕਰਦੀ ਹੈ। ਬਾਕੀ ਜਿਹੜਾ ਜਜਮਾਨੀ ਪਰੋਹਤੀ ਦੀ ਗੱਲ ਕਰਦੇ ਨੇ ਇਹ, ਅਸੀਂ ਤਾਂ ਨਾ ਕਿਸੇ ਤੀਰਥ ਨੂੰ ਮੰਨਦੇ ਹਾਂ, ਨਾ ਚੰਦ ਨੂੰ, ਨਾ ਸੂਰਜ ਨੂੰ, ਨਾ ਕਿਸੇ ਗ੍ਰਹਿ ਨੂੰ ਮੰਨਦੇ ਹਾਂ, ਨਾ ਕਿਸੇ ਨਖਸ਼ਤ੍ਰ ਨੂੰ ਮੰਨਦੇ ਹਾਂ, ਨਾ ਕਿਸੇ ਦੇਵੀ ਨੂੰ ਮੰਨਦੇ ਹਾਂ, ਨਾ ਦੇਵਤਾ ਨੂੰ ਮੰਨਦੇ ਹਾਂ। ਸਾਡਾ ਤਾਂ ਜਜ਼ਮਾਨ ਸਿੱਧਾ ਹੀ ਵਾਹਿਗੁਰੂ ਹੈ। ਸੋ ਇਨ੍ਹਾਂ ਨੂੰ ਕਹਿ ਦੇਣਾ ਕਿ ਅਸੀਂ ਤਾਂ ਗੁਰੂ ਨਾਨਕ ਦਾ ਜੋ ਧਰਮ ਹੈ ਉਹ ਮੰਨਦਾ ਨਹੀਂ ਹੈ ਕਿਸੇ ਨੂੰ, ਦੱਛਣਾ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਸੋ ਉਹ ਜਵਾਬ ਲੈ ਕੇ ਚਲੇ ਜਾਂਦੇ ਨੇ।

ਉਸ ਵੇਲੇ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿਤੀਆਂ ਉਸ ਨੇ। ਨਾਲ ਇਹ ਗੱਲ ਕਹੀ ਕਿ ਦੇਖਾਂਗਾ, ਮੇਰੀ ਤਾਕਤ ਨੂੰ ਲਲਕਾਰਿਆ ਹੈ। ਮੈਂ ਦੱਸਾਂਗਾ ਕਿ ਕੀ ਤਾਕਤ ਹੋਇਆ ਕਰਦੀ ਹੈ ਬ੍ਰਾਹਮਣ ਦੇ ਅੰਦਰ। ਕਿੱਡੀਆਂ-ਕਿੱਡੀਆਂ ਬਾਦਸ਼ਾਹੀਆਂ ਬ੍ਰਾਹਮਣ ਨੇ ਗਰਕ ਕਰ ਦਿਤੀਆਂ। ਅਭਿਮਾਨ ਦੇ, ਅਹੰਕਾਰੇ ਹੋਏ ਬਚਨ ਕਰਦਾ ਹੈ। ਆ ਕੇ ਗੁਰਸਿੱਖਾਂ ਨੇ ਦੱਸਿਆ, ਸੱਚੇ ਪਾਤਸ਼ਾਹ! ਉਹ ਤਾਂ ਬਹੁਤ ਹੰਕਾਰੇ ਹੋਏ ਬਚਨ ਕਰ ਰਿਹਾ ਹੈ। ਮਹਾਰਾਜ ਕਹਿੰਦੇ, ਕੋਈ ਨਾ ਪ੍ਰੇਮੀਓ! ਨਿਰਵੈਰਾਂ ਦੇ ਉਤੇ ਵੈਰ ਕਰਨ ਵਾਸਤੇ ਚੜ੍ਹ ਕੇ ਆਉਂਦਾ ਹੈ, ਉਹ ਫੇਰ ਵਾਹਿਗੁਰੂ ਜੀ ਦਾ ਫਰਜ਼ ਬਣ ਜਾਂਦਾ ਹੈ, ਆਪਾਂ ਤਾਂ ਸਰਬੱਤ ਦਾ ਭਲਾ ਮੰਗੋ। ਜੇ ਫੇਰ ਵੀ ਕੋਈ ਨਹੀਂ ਹਟਦਾ ਫੇਰ ਵਾਹਿਗੁਰੂ ਜੀ ਦੀ ਡਿਊਟੀ ਹੁੰਦੀ ਹੈ ਕਿ ਦੈਂਤਾਂ ਨੂੰ ਮਾਰਦਾ ਹੈ ਤੇ ਸੰਤਾਂ ਨੂੰ ਉਭਾਰਦਾ ਹੈ।

***ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥***
***ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥***
***ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥***
***ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥***
***ਅੰਗ - 451***

ਸਾਧਸੰਗਤ ਜੀ! ਘਬਰਾਉਣ ਦੀ ਲੋੜ ਨਹੀਂ ਹੈ। ਅਕਾਲ ਪੁਰਖ ਨੇ ਜੁਗਾਂ-ਜੁਗਾਤਰਾਂ ਤੋਂ ਭਗਤਾਂ ਦੀ ਰਾਖੀ ਆਪ ਕਰੀ ਹੈ। ਪ੍ਰਹਿਲਾਦ ਦੀ ਰਾਖੀ ਵਾਸਤੇ ਹਰਨਾਖਸ਼ ਦੇ ਨਾਸ਼ ਵਾਸਤੇ ਨਰਸਿੰਘ ਦਾ ਰੂਪ ਧਾਰਨਾ ਪਿਆ। ਅਨੇਕਾਂ ਦੀ ਰਾਕੀ ਕਰੀ ਹੈ -

***ਸਹਸਬਾਹੁ ਮਧੁਕੀਟ ਮਹਖਾਸਾ॥***
***ਹਰਣਾਖਸੁ ਲੇ ਨਖਹੁ ਬਿਧਾਸਾ॥***
***ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ॥***
***ਜਰਾਸੰਧਿ ਕਾਲਜਮੁਨ ਸੰਘਾਰੇ॥***
***ਰਕਤਬੀਜੁ ਕਾਲੁਨੇਮੁ ਬਿਦਾਰੇ॥***
***ਦੈਤ ਸੰਘਾਰਿ ਸੰਤ ਨਿਸਤਾਰੇ॥*** ***ਅੰਗ - 224***

ਦੈਂਤਾਂ ਦਾ ਸ਼ੰਗਾਰ ਕਰਨਾ ਵਾਹਿਗੁਰੂ ਦੀ ਆਪਣੀ ਡਿਊਟੀ ਹੈ ਤੁਸੀਂ ਬੇਫਿਕਰ ਰਹੋ। ਪਾਤਸ਼ਾਹ! ਉਹ ਤਾਂ ਬੜੇ ਹੰਕਾਰ ਦੇ ਬਚਨ ਕਰਦਾ ਹੈ, ਕਹਿੰਦੇ ਕੋਈ ਨਹੀਂ। ਐਨੇ ਨੂੰ ਅਕਬਰ ਨੂੰ ਖਬਰ ਆਈ, ਲਾਹੌਰ ਜੈਨ ਖਾਂ ਭੱਜਣ ਦੀਆਂ ਤਿਆਰੀਆਂ ਕਰਦਾ ਹੈ, ਛੇਤੀ ਫੌਜ ਭੇਜ ਦਿਓ। ਉਸ ਵੇਲੇ ਉਨ੍ਹਾਂ ਨੇ ਫੌਰਨ ਬੀਰਬਲ ਨੂੰ ਸੁਨੇਹਾ ਭੇਜਿਆ ਕਿ ਇਕ ਦਮ ਡਬਲ ਮਾਰਚ ਕਰਦਾ ਕਰਦਾ ਪਹੁੰਚ ਜਾ। ਜਾ ਕੇ ਯੁੱਧ ਦਾ ਪਲਟਾ ਪਲਟ। ਉਸੇ ਵਲੇ ਜਦੋਂ ਤੁਰਨ ਲੱਗਿਆ ਤਾਂ ਪ੍ਰਿਥੀ ਚੰਦ ਕਹਿਣ ਲੱਗਿਆ ਕਿ ਬੀਰਬਲ ਜੀ! ਦੱਛਣਾ ਤਾਂ ਤੁਹਾਨੂੰ ਦਿਤੀ ਨਹੀਂ। ਕਹਿੰਦਾ ਕੋਈ ਨਾ, ਮੈਂ ਆ ਕੇ ਦੇਖਾਂਗਾ ਕਿ ਮੈਂ ਕਿਸ ਤਰ੍ਹਾਂ ਦੇ ਨਾਲ ਦੱਛਣਾ ਲੈਂਦਾ ਹਾਂ।

ਮਹਾਰਾਜ ਜੀ ਨੂੰ ਆ ਕੇ ਬੇਨਤੀ ਕਰੀ ਕਿ ਪਾਤਸ਼ਾਹ! ਉਹ ਤਾਂ ਐਸ ਤਰ੍ਹਾਂ ਕਹਿੰਦਾ ਹੈ ਕਿ ਮੈਂ ਯੁੱਧ ਤੋਂ ਹੁਣੇ ਹੀ ਆਇਆ ਤੇ ਬਾਦਸ਼ਾਹ ਵੀ ਮੇਰੇ ਤੇ ਬਹੁਤ ਖੁਸ਼ ਹੋਏਗਾ। ਫੇਰ ਮੈਂ ਮਨਮਰਜ਼ੀ ਕਰਾਂਗਾ। ਫੇਰ ਅਗਲਾ ਪਿਛਲਾ ਹਿਸਾਬ ਕਿਤਾਬ ਸਭ ਨਿਬੇੜ ਦੇਵਾਂਗਾ। ਮਹਾਰਾਜ ਕਹਿੰਦੇ ਇਹਦਾ ਕੀ ਭਰੋਸਾ ਹੈ, ਇਹਨੇ ਆਉਣਾ ਵੀ ਹੈ ਕਿ ਨਹੀਂ ਆਉਣਾ। ਕੋਈ ਪਤਾ ਨਹੀਂ ਹੈ।

***ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥***
***ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥***
***ਅੰਗ - 1366***

ਕੀ ਪਤਾ ਕੀ ਹੋ ਜਾਵੇ, ਦੂਸਰੇ ਨੂੰ ਹਾਸਾ ਮਖੌਲ ਮਸਕਰੀਆਂ ਕਰਦਾ ਹੈ। ਮਹਾਰਾਜ ਕਹਿੰਦੇ ਜਦੋਂ ਆਏਗਾ, ਉਦੋਂ ਹੀ ਕੁਛ ਕਰੇਗਾ। ਉਥੇ ਜਾਂਦਾ ਹੀ ਪਠਾਣਾਂ ਨੇ ਮਾਰ ਦਿਤਾ। ਬੜਾ ਉਦਾਸ ਹੋਇਆ ਪ੍ਰਿਥੀ ਚੰਦ। ਸਭ ਤੋਂ ਜ਼ਿਆਦਾ ਸਦਮਾ ਇਹਨੂੰ ਪਹੁੰਚਿਆ। ਮਸਾਂ-ਮਸਾਂ ਤਿਆਰ ਕਰਿਆ ਸੀ, ਉਹ ਵੀ ਜਾਂਦਾ ਰਿਹਾ। ਚਾਰ-ਪੰਜ ਵਾਰ ਕਰੇ ਸਾਰੇ ਖਾਲੀ ਗਏ। ਕੀ ਪਤਾ ਕੈਸੀ ਕਿਸਮਤ ਹੈ ਮੇਰੀ? ਅਜੇ ਵੀ ਪਛਤਾਉਂਦਾ ਨਹੀਂ ਹੈ। ਪਹਿਲੇ ਗੁਰੂਆਂ ਦੀ ਵੀ ਲਿਹਾਜ਼ ਨਹੀਂ ਹੈ ਅੰਦਰ। ਚਲੋ ਇਨ੍ਹਾਂ ਦੀ ਨਾ ਕਰ, ਪਹਿਲਿਆਂ ਦੀ ਤਾਂ ਕਰ ਕਿ ਗੁਰਿਆਈ ਗੁਰੂ ਨਾਨਕ ਦੀ ਐਵੇਂ ਤਾਂ ਨਹੀਂ ਚਲੀ ਆਉਂਦੀ। ਬੇ-ਭਰੋਸੇ ਵਾਲਾ ਬੰਦਾ ਸੀ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਵਾਪਸ ਚਲਦੇ ਨੇ ਤੇ ਜਾਂਦੇ-ਜਾਂਦੇ ਜਦੋਂ ਖਡੂਰ ਸਾਹਿਬ ਪਹੁੰਚਦੇ ਨੇ। ਉਸ ਥਾਂ ਦੇ ਉਤੇ ਦਾਸੂ ਜੀ ਜੋ ਗੁਰੂ ਅੰਗਦ ਸਾਹਿਬ ਮਹਾਰਾਜ ਦੇ ਸਾਹਿਬਜ਼ਾਦੇ ਸੀ, ਉਨ੍ਹਾਂ ਨੂੰ ਮਿਲਣ ਆਪ ਗਏ। ਆਪ ਸਮਾਧੀ ਸਥਿਤ ਬੈਠੇ ਸਨ, ਆਪ ਨੇ ਸਮਾਧੀ ਖੁਲ੍ਹਾਈ ਤੇ

ਫੇਰ ਦਰਸ਼ਨ ਮੇਲੇ ਕਰੇ। ਐਨੇ ਨੂੰ ਦਾਤੂ ਜੀ ਆ ਗਏ। ਦਾਤੂ ਜੀ ਆ ਕੇ ਕਹਿਣ ਲੱਗੇ, ਮਹਾਰਾਜ! ਅਸੀਂ ਬਹੁਤ ਭਾਰੀ ਭੁੱਲ ਕੀਤੀ ਹੈ ਕਿ ਪਿਤਾ ਜੀ ਨੇ ਗੁਰਿਆਈ ਜਦੋਂ ਗੁਰੂ ਅਮਰਦਾਸ ਮਹਾਰਾਜ ਨੂੰ ਦਿਤੀ ਤਾਂ ਮੈਨੂੰ ਕੋਹੜਿਆਂ ਮਸੰਦਾਂ ਨੇ ਚੁੱਕ-ਚੁਕਾ ਕੇ ਇਹ ਗੱਲ ਕਹੀ ਕਿ ਦੇਖ, ਗੁਰਿਆਈ ਉਨ੍ਹਾਂ ਨੇ ਅਮਰਦਾਸ ਜੀ ਨੂੰ ਕਿਵੇਂ ਦੇ ਦਿਤੀ, ਤੁਸੀਂ ਪੁੱਤਰ ਓਂ, ਜੇ ਹੁਣ ਨਾ ਤੁਸੀਂ ਗੁਰਿਆਈ ਸੰਭਾਲੀ ਇਹ ਬਾਹਰ ਚਲੀ ਜਾਏਗੀ। ਪਹਿਲਾਂ ਸ੍ਰੀ ਚੰਦ ਜੀ ਨੇ ਗੁਰਿਆਈ ਨਾ ਸੰਭਾਲੀ, ਗੁਰੂ ਨਾਨਕ ਦੇ ਘਰ 'ਚੋਂ ਬਾਹਰ ਚਲੀ ਗਈ। ਹੁਣ ਤੁਹਾਡੇ ਪਾਸੋਂ ਚਲੀ ਗਈ। ਉਹ ਕੱਲ੍ਹ ਤੱਕ ਤਾਂ ਤੁਹਾਡੀ ਸੇਵਾ ਕਰਦਾ ਰਿਹਾ। ਜਾਓ, ਤੁਸੀਂ ਜਾ ਕੇ ਤਖਤ ਲਾ ਕੇ ਬੈਠੋ, ਉਹਦੀ ਕੀ ਮਜ਼ਾਲ ਹੈ ਕਿ ਤੁਹਾਡੇ ਬਰਾਬਰ ਬੈਠ ਜਾਵੇ। ਸੋ ਇਹ ਦਾਤੂ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਆ ਗਏ। ਅੱਗੇ ਦਰਬਾਰ ਲੱਗਿਆ ਹੋਇਆ ਸੀ, ਸੰਗਤ ਆਈ ਬੈਠੀ ਸੀ, ਦੂਰ ਤੱਕ ਬੈਠੀ ਹੈ ਹਜ਼ਾਰਾਂ ਦੀ ਤਾਦਾਦ 'ਚ। ਅੰਬਾਰ ਲੱਗੇ ਪਏ ਨੇ ਭੇਟਾਵਾਂ ਦੇ, ਸੰਗਤਾਂ ਵਲੋਂ। ਮਹਾਰਾਜ ਜੀ ਨੇ ਵੀ ਦੇਖ ਲਿਆ ਕਿ ਦਾਤੂ ਜੀ ਆ ਰਹੇ ਨੇ। ਕਿਹਾ ਕਿ ਇਹਨੂੰ ਆਦਰ ਸਤਿਕਾਰ ਦੇ ਨਾਲ ਬਿਠਾ ਦਿਓ। ਲੇਕਿਨ ਉਹ ਤਾਂ ਅੱਗ ਬਗੋਲਾ ਹੋਏ ਹੋਏ ਸੀ, ਉਨ੍ਹਾਂ ਨੇ ਆਉਂਦੇ ਹੀ ਮਹਾਰਾਜ ਦੇ ਪਿੱਠ ਵਿਚ ਜ਼ੋਰ ਨਾਲ ਲੱਤ ਮਾਰੀ ਤੇ ਭੁੰਜੇ ਸੁੱਟ ਦਿਤਾ। ਮਹਾਰਾਜ ਜੀ ਜਦੋਂ ਹੇਠਾਂ ਗਿਰੇ, ਇਕ ਬਚਨ ਕਰ ਦਿੰਦੇ, ਮਾੜੀ ਜਿਹੀ ਇਛਿਆ ਕਰ ਦਿੰਦੇ, ਫਨਾਹ ਕਰ ਦਿੰਦੇ ਸਭ ਚੀਜ਼ਾਂ ਨੂੰ। ਕਿਉਂਕਿ ਮਹਾਂਪੁਰਸ਼ ਐਵੇਂ ਨਹੀਂ ਹੋਇਆ ਕਰਦੇ ਸਾਧਸੰਗਤ ਜੀ! ਏਸੇ ਕਰਕੇ ਕਹਿੰਦੇ ਨੇ ਕਿ ਕਿਸੇ ਨਾਲ ਐਵੇਂ ਨਾ ਝਗੜਾ ਕਰੋ। ਪਤਾ ਨਹੀਂ ਕਿਸੇ ਪੂਰੇ ਨਾਲ ਹੀ ਵਾਹ ਪੈ ਜਾਵੇ।

ਬਾਬਾ ਫਰੀਦ ਜੀ, ਉਨ੍ਹਾਂ ਦੇ ਭੈਣ ਦੇ ਲੜਕੇ ਦਾ ਨਾਮ ਮਖਦੂਮ ਸੀ। ਉਹ ਬਹੁਤ ਤਪਸਿਆ ਕਰਿਆ ਕਰਦਾ ਸੀ। ਭੈਣ ਨੇ ਦੇ ਦਿਤਾ ਕਿ ਤੁਸੀਂ ਭਰਾਤਾ ਜੀ ਮੇਰੇ ਪੁੱਤਰ ਨੂੰ ਆਪਣੇ ਕੋਲ ਰੱਖੋ। ਪਾਕਪਟਨ ਰਹਿਣਾ ਸ਼ੁਰੂ ਕਰ ਦਿਤਾ, ਬਾਬਾ ਜੀ ਦੇ। ਬਾਬਾ ਜੀ ਦੀਆਂ ਤਿੰਨ ਸ਼ਾਦੀਆਂ ਸੀ। ਉਨ੍ਹਾਂ 'ਚੋਂ ਇਕ ਸ਼ਾਦੀ ਦਿੱਲੀ ਦੇ ਬਾਦਸ਼ਾਹ ਦੀ ਲੜਕੀ ਨਾਲ, ਜਸਨਦੀਨ ਬਲਬਨ ਦੀ ਲੜਕੀ ਨਾਲ ਹੋਈ-ਹੋਈ ਸੀ। ਇਹ ਹਜ਼ਰਤ ਮੁਹੰਮਦ ਸਾਹਿਬ ਦੇ ਖਾਨਦਾਨ ਵਿਚੋਂ ਸੀਗੇ। ਬੜਾ ਸਤਿਕਾਰ ਸੀ ਮੁਸਲਿਮ ਸੰਸਾਰ ਦੇ ਅੰਦਰ, ਬਾਬਾ ਜੀ ਦਾ। ਤੇ ਇਹ ਭੇਜ ਦਿਤੇ। ਕਿਉਂਕਿ ਸੂਫੀ ਪੀਰਾਂ ਦੇ ਅੰਦਰ ਹੱਠ ਯੋਗ ਬੜਾ ਜ਼ਬਰਦਸਤ ਹੋਇਆ ਕਰਦਾ ਸੀ। ਉਹਦੇ ਨਾਲ ਰਿੱਧੀਆਂ-ਸਿੱਧੀਆਂ ਸ਼ਕਤੀਆਂ ਬੇਅੰਤ ਪ੍ਰਾਪਤ ਕਰ ਲੈਂਦੇ ਸੀ। ਫੇਰ ਦੂਜਾ ਪਾਸਾ ਵੀ ਪੂਰਾ ਹੁੰਦਾ। ਕਿਉਂਕਿ ਸਾਧੂ ਦੇ ਕੋਲ ਸ਼ਕਤੀ ਨਾ ਹੋਵੇ, ਸ਼ਿੰਗਾਰ ਨਹੀਂ ਹੋਇਆ ਕਰਦਾ। ਵਰਤੇ ਨਾ ਵਰਤੇ। ਲੇਕਿਨ ਹੋਇਆ ਕੁਦਰਤੀ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਉਨ੍ਹਾਂ ਨੂੰ ਬਾਬਾ ਜੀ ਨੇ ਲੰਗਰ ਵਰਤਾਉਣ ਦੀ ਡਿਊਟੀ ਦੇ ਦਿਤੀ। ਇਕ ਦਿਨ ਲੰਗਰ ਸਮੇਂ ਤੇ ਜਾ ਕੇ ਵਰਤਾਅ ਨਾ ਸਕੇ। ਅਜੇ ਸਮਾਧੀ ਵਿਚ ਬੈਠੇ ਨੇ ਤਾਂ ਬਾਬਾ ਜੀ ਦਾ ਵੱਡਾ ਲੜਕਾ, ਜਮਾਲ ਸੀ ਜਿਸਦਾ ਨਾਮ। ਉਹਨੇ ਕਿਹਾ ਕਿ ਲੰਗਰ ਨਹੀਂ ਵਰਤਿਆ ਅਜੇ। ਕਹਿੰਦੇ ਨਹੀਂ ਜੀ ਲੰਗਰ ਤਾਂ ਅਜੇ ਵਰਤਿਆ ਨਹੀਂ। ਚਲੋ, ਕਹਿੰਦੇ ਲੰਗਰ ਮੈਂ ਵਰਤਾਉਂਦਾ ਹਾਂ। ਜਾ ਕੇ ਲੰਗਰ ਵਰਤਾਅ ਦਿਤਾ।

ਜਦੋਂ ਇਨ੍ਹਾਂ ਦੀ ਸਮਾਧੀ ਖੁਲ੍ਹੀ ਤਾਂ ਇਨ੍ਹਾਂ ਨੇ ਕਿਹਾ ਕਿ ਲੰਗਰ ਵਰਤ ਗਿਆ?

ਕਹਿੰਦੇ ਹਾਂ ਜੀ।

ਕਹਿੰਦੇ ਕਿਹਨੇ ਵਰਤਾਇਆ ਹੈ?

ਕਹਿੰਦੇ ਜੀ, ਵੱਡੇ ਸਾਹਿਬਜ਼ਾਦੇ ਨੇ, ਜਮਾਲ ਨੇ।

ਉਥੇ ਗਏ, ਜਾ ਕੇ ਕਹਿੰਦੇ ਕੁਛ ਬਚਿਆ ਹੋਇਆ ਹੈ, ਦਾਲ ਲੱਗੀ ਹੋਈ ਸੀ, ਮੂੰਹ ਵਿਚ ਪਾ ਲਈ ਲਾਹ ਕੇ। ਪਤਾ ਨਹੀਂ ਕੀ ਮਨ ਵਿਚ ਆਇਆ। ਉਹ ਲੜਕਾ ਉਥੇ ਹੀ ਸੁਆਹ ਦੀ ਢੇਰੀ ਹੋ ਗਿਆ। ਜਿਹੜਾ ਛੋਟਾ ਲੜਕਾ ਸੀ, ਇਹ ਭਜਨ ਕਰਦੇ ਸੀ ਇਕ ਦਿਨ, ਝੀਥਾਂ ਥਾਈਂ ਦੇਖਣ ਲੱਗ ਗਿਆ, ਇਨ੍ਹਾਂ ਨੇ ਜਦੋਂ ਅੱਖ ਖੋਲ੍ਹ ਉਹਦੇ ਵਲ ਦੇਖਿਆ, ਉਹ ਵੀ ਸੁਆਹ ਦੀ ਢੇਰੀ ਬਣਾ ਦਿਤਾ। ਦੋ ਬੱਚੇ ਮਾਰ ਦਿਤੇ।

ਬਾਬਾ ਫਰੀਦ ਸਮਚਿਤ, ਕੋਈ ਗੱਲ ਉਤਾਂਹ ਨਾ ਚੜ੍ਹਾਅ, ਨਾ ਇਹਨੂੰ ਕੋਈ ਗੱਲ ਕਹੀ। ਭੈਣ ਆ ਗਈ 10 ਸਾਲ ਬਾਅਦ ਈਰਾਨ ਤੋਂ ਆਈ। ਕਹਿਣ ਲੱਗੀ, ਭਰਾਤਾ! ਹੁਣ ਇਨ੍ਹਾਂ ਦੀ ਸ਼ਾਦੀ ਦਾ ਬੰਦੋਬਸਤ ਕਰੋ। ਕਹਿਣ ਲੱਗੇ, ਬੀਬੀ! ਇਹ ਸ਼ਾਦੀ ਵਾਲਾ ਤਾਂ ਹੁਣ ਹੈ ਨਹੀਂ। ਇਹਦੇ ਕੋਲ ਕੋਈ ਬੈਠੇਗਾ, ਇਹ ਤਾਂ ਅੱਖ ਖੋਲ੍ਹ ਕੇ ਜਾਲ ਦਏਗਾ। ਕਹਿੰਦੇ ਫੇਰ ਤੁਸੀਂ ਆਪਣੀ ਲੜਕੀ ਦੀ ਸ਼ਾਦੀ ਕਰ ਦਿਓ। ਉਨ੍ਹਾਂ ਨੇ ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ, ਸ਼ਾਦੀ ਹੋ ਗਈ। ਉਸ ਤੋਂ ਬਾਅਦ ਮਾਂ ਨੇ ਕਿਹਾ ਕਿ ਜਾਹ, ਤੂੰ ਉਹਦੇ ਕੋਲ, ਮਖਦੂਮ ਕੋਲ ਜਾਹ। ਲੜਕੀ ਹੁਕਮ ਮੰਨ ਕੇ ਚਲੀ ਗਈ ਤੇ ਉਹ ਸਮਾਧੀ ਲਾਈ ਬੈਠਾ ਸੀ। ਸਵੇਰ ਤਕ ਖੜ੍ਹੀ ਰਹੀ ਸਾਰੀ ਰਾਤ। ਸਵੇਰੇ ਉਹਨੇ ਨੇਤਰ ਖੋਲ੍ਹੇ, ਨੇਤਰ ਖੋਲ੍ਹ ਕੇ ਕਹਿਣ ਲੱਗਿਆ, ਤੈਨੂੰ ਕਿਹਨੇ ਭੇਜਿਆ ਹੈ, ਇਥੇ ਮੇਰੇ ਕੋਲ। ਕਹਿੰਦੀ ਮਾਤਾ ਜੀ ਨੇ। ਕਹਿੰਦਾ ਤੂੰ ਕਿਉਂ ਆਈ? ਐਨੀ ਹੀ ਗੱਲ ਕਹੀ ਸੀ, ਜਦੋਂ ਅੱਖ ਚੁਕ ਕੇ ਦੇਖਿਆ, ਉਥੇ ਹੀ ਸੁਆਹ ਦੀ ਢੇਰੀ

ਉਹ ਬਣਾ ਦਿਤੀ। ਤਿੰਨ ਮਾਰ ਦਿਤੇ। ਉਸ ਤੋਂ ਬਾਅਦ ਬਾਬਾ ਜੀ ਕਹਿੰਦੇ ਮਖਦੂਮ, ਦਿੱਲੀ ਤੈਨੂੰ ਦਿਤੀ, ਉਥੇ ਚਲਿਆ ਜਾਹ। ਉਥੇ ਪ੍ਰਚਾਰ ਕਰ। ਕਿਉਂਕਿ ਸੰਤ ਇਹ ਗੱਲ ਕਹਿੰਦੇ ਹੁੰਦੇ ਨੇ ਕਿ ਤੈਨੂੰ ਫਲਾਣਾ ਇਲਾਕਾ ਦਿਤਾ। ਉਸ ਇਲਾਕੇ ਤੇ ਹੱਕ ਹੋ ਜਾਂਦਾ ਹੈ, ਸ਼ਕਤੀ ਨਾਲ ਆਇਆ ਕਰਦੀ ਹੈ। ਜਦੋਂ ਇਹ ਕਹਿ ਦਿੰਦੇ ਨੇ ਤੈਨੂੰ ਇਹ ਇਲਾਕੇ ਵਿਚ ਪ੍ਰਚਾਰ ਕਰਨ ਲਈ ਥਾਪਿਆ, ਨਾਲ ਸ਼ਕਤੀ ਦਿੰਦੇ ਨੇ। ਐਵੇਂ ਨਹੀਂ ਫਿਰਦੇ ਹੁੰਦੇ। ਪਿਛੇ ਹੱਥ ਹੁੰਦਾ ਹੈ ਪੂਰਨ ਮਹਾਂਪੁਰਸ਼ਾਂ ਦਾ। ਲੇਕਿਨ ਐਉਂ ਕਰੀਂ ਜਾਂਦਾ-ਜਾਂਦਾ ਪਾਣੀਪਤ, ਮੇਰੇ ਛੋਟੇ ਭਰਾ ਤੋਂ ਬਹੁਰ ਲਵਾ ਜਾਈਂ। ਹੁਕਮਨਾਮਾ ਲੈ ਲਿਆ ਤੇ ਬਹੁਰ ਲਵਾਉਣ ਲਈ ਜਦੋਂ ਪਾਣੀਪਤ ਦੇ ਕੋਲ ਗਿਆ। ਉਥੇ ਜਾ ਕੇ ਸੂਰਜ ਛਿਪ ਗਿਆ, ਜਾ ਕੇ ਪਰਵਾਨਾ ਕੱਢ ਕੇ ਫੜਾ ਦਿਤਾ, ਛੋਟੇ ਭਰਾ ਨੂੰ। ਫੜਾਇਆ ਤਾਂ, ਐਨੇ ਨੂੰ ਦੀਵੇ ਬੁੱਝ ਗਏ। ਉਹ ਇਧਰ ਉਧਰ ਦੇਖਦੇ ਨੇ ਕਿ ਕਿਸੇ ਨੂੰ ਆਵਾਜ਼ ਦੇਵਾਂ ਕਿ ਦੀਵੇ ਜਾਲ ਦੇਵੇ। ਇਹਨੇ ਫੂਕ ਮਾਰੀ ਸਾਰੇ ਹੀ ਦੀਵੇ ਜਾਲ ਦਿਤੇ। ਕਹਿੰਦੇ, ਕੀਹਨੇ ਜਾਲੇ ਨੇ, ਕਹਿੰਦਾ ਮੈਂ ਜਾਲ ਦਿਤੇ ਸੀ ਕਿ ਹਨ੍ਹੇਰਾ ਹੈ। ਉਹਨੇ ਪਰਵਾਨੇ ਦਾ ਟੁਕੜਾ-ਟੁਕੜਾ ਕਰਕੇ ਪਰ੍ਹੇ ਸੁੱਟ ਦਿਤਾ। ਕਹਿੰਦੇ, ਤੂੰ ਤਾਂ ਦਿੱਲੀ ਜਾਲ ਦਏਗਾ ਸਾਰੀ। ਭੋਰਾ ਵੀ ਜ਼ਬਤ ਨਹੀਂ ਤੇਰੇ ਵਿਚ ਤਾਂ। ਕਹਿੰਦੇ ਜਾਹ, ਭਰਾ ਨੂੰ ਕਹਿ ਦੇ, ਉਹ ਨਹੀਂ ਮੁੜਨਾ। ਵਾਪਸ ਆ ਗਿਆ, ਬਾਬਾ ਫਰੀਦ ਜੀ ਦੇ ਕੋਲ। ਕਹਿਣ ਲੱਗੇ, ਜੀ ਉਨ੍ਹਾਂ ਨੇ ਐਉਂ ਕਰਿਆ। ਕਹਿੰਦੇ ਉਨ੍ਹਾਂ ਦਾ ਪਾਟਿਆ ਹੋਇਆ ਮੈਂ ਨਹੀਂ ਸਿਉਂ ਸਕਦਾ। ਤੂੰ ਐਉਂ ਕਰ ਤੈਨੂੰ ਕਾਵੇਰੀ ਦਿਤੀ, ਕਾਵੇਰੀ ਚਲਿਆ ਜਾਹ। ਉਥੇ ਚਲਿਆ ਗਿਆ ਜਾ ਕੇ ਬਹੁਤ ਸਾਰੇ ਮੁਰੀਦ ਹੋ ਗਏ ਥੋੜ੍ਹੇ ਦਿਨਾਂ 'ਚ। ਨਮਾਜ਼ ਪੜ੍ਹਨ ਵਾਸਤੇ ਮਸਜਿਦ ਵਿਚ ਆ ਗਿਆ। ਉਥੇ ਕੱਟਣਾ ਦਾ ਤੇ ਸੰਤਾਂ ਦਾ ਆਪਸ ਵਿਚ ਮੁੱਢ ਤੋਂ ਚਲਦਾ ਹੈ। ਕਿਉਂਕਿ ਸੰਤ ਹੁੰਦੇ ਨੇ ਤਰੀਕਤ, ਹਕੀਕਤ ਤੇ ਮਾਰਫਤ ਵਿਚ। ਦੂਜੇ ਹੁੰਦੇ ਨੇ ਸ਼ਰ੍ਹਾ ਵਿਚ। ਸ਼ਰ੍ਹਾ ਦੇ ਸੰਗਲ ਨਹੀਂ ਆਗਿਆ ਦਿੰਦੇ ਤਰੀਕਤ, ਹਰੀਕਤ ਤੇ ਮਾਰਫਤ ਦੀ ਅਵਸਥਾ ਨੂੰ। ਤਾਂ ਉਸ ਵੇਲੇ ਉਨ੍ਹਾਂ ਨੇ ਧੱਕੇ ਮਾਰਨੇ ਸ਼ੁਰੂ ਕਰ ਦਿਤੇ, ਕਹਿੰਦੇ ਤੁਸੀਂ ਇਥੇ ਆ ਕੇ ਕਿਉਂ ਖੜ੍ਹੇ ਓਂ। ਉਹ ਕਹਿੰਦੇ ਜੀ, ਪੀਰ ਜੀ ਬੈਠੇ ਨੇ, ਕਹਿੰਦੇ ਨਾਲ ਹੀ ਅਸੀਂ ਤੁਹਾਡੇ ਪੀਰ ਨੂੰ ਦੇਖ ਲਵਾਂਗੇ। ਐਨੇ ਨੂੰ ਧੱਕਾ ਮਾਰਿਆ, ਇਕ ਬੰਦਾ ਉਹਦੇ ਉਤੇ ਗਿਰ ਗਿਆ। ਉਹਨੇ ਨੇਤਰ ਖੋਲ੍ਹੇ, ਤੁਸੀਂ ਇਹ ਕੀ ਕਰਦੇ ਓਂ? ਕਹਿੰਦੇ, ਤੈਨੂੰ ਕੀਹਨੇ ਕਿਹਾ ਹੈ ਇਸ ਮਸਜਿਦ ਵਿਚ ਆਉਣ ਨੂੰ? ਕਹਿਣ ਲੱਗੇ, ਮੈਨੂੰ ਬਾਬਾ ਫਰੀਦ ਜੀ ਨੇ ਬਖਸ਼ਿਆ ਹੈ ਇਹ ਇਲਾਕਾ, ਇਹ ਸ਼ਹਿਰ ਬਖਸ਼ਿਆ ਹੈ। ਉਹ ਕਹਿੰਦੇ, ਨਿਕਲ ਜਾ ਬਾਹਰ, ਫਰੀਦ ਦਾ ਕੀ ਅਖਤਿਆਰ ਹੈ, ਸ਼ਹਿਰ ਬਖਸ਼ਣ ਦਾ? ਬਾਹਰ ਨਿਕਲ ਆਇਆ, ਛੱਤ ਵਲ ਦੇਖਿਆ, ਉਹ ਦੜੰਮ ਕਰਕੇ ਗਿਰ ਗਈ, ਤਿੰਨ ਹਜ਼ਾਰ ਬੰਦਾ ਥੱਲੇ ਆ ਗਿਆ। ਐਨਾ ਜਲਾਲ ਵਧਿਆ, ਜਿਧਰ ਦੇਖੇ, ਅੱਗ ਲਗ ਜਾਵੇ, ਜਿਧਰ ਦੇਖੇ ਅੱਗ ਲਗ ਜਾਵੇ। ਸਾਰਾ ਹੀ ਸ਼ਹਿਰ ਅੱਗ ਲਾ ਕੇ ਜਾਲ ਦਿਤਾ। ਤੰਗ ਆ ਗਿਆ, ਜਿਧਰ ਦੇਖੇ, ਅੱਗ ਹੀ ਅੱਗ। ਨੱਠ ਕੇ ਆ ਕੇ ਪੱਟੀ ਬੰਨ੍ਹ ਲਈ। ਅੱਖਾਂ ਬੰਦ ਕਰ ਲਈਆਂ, ਇਕ ਗੁੱਲਰ ਦੇ ਦਰਖਤ ਨੂੰ ਫੜ ਕੇ ਖੜ੍ਹ ਗਿਆ। ਬਾਬਾ ਫਰੀਦ ਨੂੰ ਪਤਾ ਲੱਗਿਆ ਕਿ ਉਹ ਤਾਂ ਜਲ ਰਿਹਾ ਹੈ ਇਸ ਵੇਲੇ ਸ਼ਕਤੀ ਦੇ ਨਾਲ। ਐਨੀ ਸ਼ਕਤੀ ਉਸ ਵਿਚ ਆ ਗਈ ਹੈ, ਸਹਿ ਨਹੀਂ ਸਕਦਾ। ਬਾਬਾ ਜੀ ਨੇ ਕਿਹਾ ਕਿ ਮੇਰੀ ਸੰਗਤ ਵਿਚ ਕੋਈ ਹੈ ਜਿਹੜਾ ਇਹਨੂੰ ਬਿਠਾ ਦੇਵੇ। ਤਾਂ ਇਕ ਸ਼ਮਸ਼ ਨਾਮ ਦਾ ਸੀ। ਉਹ ਕੀਰਤਨੀਆਂ ਸੀ। ਕੀਰਤਨ ਦੇ ਵਿਚ ਇਹ ਰਸ ਹੈ, ਜਲਾਲ ਨੂੰ ਕਾਬੂ ਕਰ ਲੈਂਦਾ ਹੈ। ਹੋਰ ਨਹੀਂ ਕਿਸੇ ਚੀਜ਼ ਵਿਚ ਇਹ ਸ਼ਕਤੀ। ਜੇ ਸੰਤਾਂ ਦੇ ਜਲਾਲ ਨੂੰ ਕਾਬੂ ਕਰਨਾ ਹੈ ਤਾਂ ਕੇਵਲ ਕੀਰਤਨ ਕਰਦਾ ਹੈ, ਹੋਰ ਕੋਈ ਚੀਜ਼ ਕਰ ਨਹੀਂ ਸਕਦੀ। ਭੇਜ ਦਿਤਾ, ਜਾ ਕੇ 24 ਘੰਟੇ ਸਿਤਾਰ ਵਜਾਉਂਦਾ ਰਿਹਾ। ਉਹਦੇ ਨਾਲ ਉਹਨੇ 24 ਘੰਟੇ ਬਾਅਦ ਬੈਠ ਕੇ ਪੁਛਿਆ ਕਿ ਕੌਣ? ਕਹਿੰਦਾ, ਸ਼ਮਸ਼ ਮੇਰਾ ਨਾਉਂ ਹੈ।

ਕਹਿੰਦੇ ਕੀ ਗੱਲ? ਕਹਿੰਦਾ ਮੈਂ ਤੁਹਾਡੀ ਸੇਵਾ ਕਰਨੀ ਹੈ।

ਕਹਿੰਦਾ, ਤੂੰ ਮੇਰੀਆਂ ਅੱਖਾਂ ਸਾਮ੍ਹਣੇ ਨਾ ਆਈਂ। ਪਿਛੇ ਰਹਿ ਕੇ ਪਿੱਠ ਵਲ ਕਰੀਂ।

ਪਿੱਠ ਵਲ ਰਹਿ ਕੇ, ਕਿੰਨੇ ਹੀ ਸਾਲ ਸੇਵਾ ਕਰੀ। ਕਹਿਣ ਲੱਗਿਆ, ਹੁਣ ਤੂੰ ਜਾਹ, ਮੈਨੂੰ ਸ਼ਾਂਤੀ ਆ ਗਈ। ਕਹਿੰਦਾ, ਮਹਾਰਾਜ! ਮੈਂ ਕਿਵੇਂ ਜਾਵਾਂ? ਮੈਨੂੰ ਕਿਵੇਂ ਪਤਾ ਲੱਗੇਗਾ ਕਿ ਤੁਹਾਡਾ ਸਰੀਰ ਛੁੱਟ ਗਿਆ। ਕਹਿੰਦੇ, ਤੂੰ ਜਿਸ ਦਿਨ ਪਹਿਲੀ ਕਰਾਮਾਤ ਦਿਖਾਵੇਂਗਾ, ਉਸ ਦਿਨ ਮੈਂ ਸਰੀਰ ਛੱਡ ਦੇਵਾਂਗਾ। ਅਲਾਉਦੀਨ ਦੀ ਫੌਜ ਵਿਚ ਆ ਗਿਆ। ਭੀਮਚੰਦ ਨਾਲ ਯੁੱਧ ਹੋ ਰਿਹਾ ਸੀ, ਚਿਤੌੜ। ਜਦੋਂ ਚਿਤੌੜ ਦੀ ਅਰਦਾਸ ਇਸ ਤੋਂ ਕਰਾਈ, ਇਹਨੇ ਸ਼ਕਤੀ ਦਿਖਾ ਦਿਤੀ, ਚਿਤੌੜ ਫਤਹਿ ਹੋ ਗਿਆ, ਇਹਨੇ ਸਮਝ ਲਿਆ ਕਿ ਉਹ ਮਰ ਗਿਆ। ਇਹ ਜਦੋਂ ਉਥੇ ਆਇਆ ਕਾਵੇਰੀ, ਇਹਨੇ ਦੇਖਿਆ ਉਥੇ ਚਾਰ ਸ਼ੇਰ ਬੈਠੇ ਨੇ, ਇਹਦੀ ਲਾਸ਼ ਤੇ ਪਹਿਰਾ ਦੇ ਰਹੇ ਨੇ। ਇਹਨੇ ਦਫਨਾਅ ਦਿਤਾ। ਦਫਨਾਉਣ ਤੋਂ ਬਾਅਦ ਵੀ ਇਹਦਾ ਜਲਾਲ ਐਨਾ ਰਿਹਾ ਕਿ ਜਿਹੜਾ ਜਾਨਵਰ ਉਤੋਂ ਦੀ ਲੰਘ ਜਾਵੇ, ਉਹ ਹੀ ਮਰ ਜਾਵੇ। ਫੇਰ ਕੋਈ ਮਹਾਤਮਾ ਆਏ, ਉਹਨੇ ਸ਼ਾਂਤ ਕਰਿਆ।

ਬੇਨਤੀ ਕਰਨ ਦਾ ਮਤਲਬ ਹੈ ਕਿ ਐਨੀਆਂ

ਸ਼ਕਤੀਆਂ ਦੇ ਮਾਲਕ, ਅੰਦਰ ਹੀ ਜਰ ਲੈਂਦੇ ਨੇ। ਗੁਰੂ ਅਮਰਦਾਸ ਮਹਾਰਾਜ ਕੁਲ ਸ਼ਕਤੀਆਂ ਦੇ ਮਾਲਕ ਸੀ, ਅਕਾਲ ਪੁਰਖ ਦਾ ਰੂਪ। ਉਨ੍ਹਾਂ ਦੇ ਲੱਤ ਮਾਰੀ ਤੇ ਲੱਤ ਮਾਰ ਕੇ ਥੱਲੇ ਸੁੱਟ ਦਿਤੇ। ਆਪ ਦੇ ਮਨ ਵਿਚ ਕੋਈ ਫੁਰਨਾ ਨਹੀਂ ਆਇਆ, ਸ਼ਾਂਤ ਚਿੱਤ ਰਹੇ। ਸਗੋਂ ਬਚਨ ਕਰੇ ਹੱਥ ਜੋੜ ਕੇ ਕਿ ਮਹਾਰਾਜ, ਤੁਹਾਡੀ ਕਿਸ਼ੋਰ ਉਮਰ ਹੈ, ਤੁਹਾਡੇ ਨਰਮ ਹੱਡ ਨੇ, ਮੇਰਾ ਬੁੱਢਾ ਸਰੀਰ ਹੈ, ਮੇਰੀਆਂ ਹੱਡੀਆਂ ਤਾਂ ਬੱਜਰ ਵਰਗੀਆਂ ਨੇ, ਤੁਹਾਡੇ ਸੱਟ ਤਾਂ ਨਹੀਂ ਕਿਤੇ ਆਈ? ਨਿਮਰਤਾ ਦਾ ਕੋਈ ਜਵਾਬ ਨਹੀਂ ਦਿਤਾ, ਸਗੋਂ ਹੋਰ ਕਰੜਾ ਹੋ ਕੇ ਕਿਹਾ ਕਿ ਤੈਨੂੰ ਕੀਹਨੇ ਕਿਹਾ ਹੈ ਕਿ ਇਥੇ ਤਖਤ ਤੇ ਬੈਠ। ਖਬਰਦਾਰ ਜੇ ਤੂੰ ਮੇਰੀਆਂ ਅੱਖਾਂ ਸਾਮ੍ਹਣੇ ਆਇਆ। ਜਿਧਰ ਨੂੰ ਮੂੰਹ ਹੈ ਚਲਿਆ ਜਾਹ। ਮਹਾਰਾਜ ਅੱਧੀ ਰਾਤ, ਸੰਨ੍ਹ ਸਾਹਿਬ ਗੁਰਦੁਆਰੇ ਵਲ ਨੂੰ ਚਲੇ ਗਏ। ਮਤਲਬ ਇਹ ਕਿ ਉਹ ਦੂਜੇ ਦਿਨ, ਤੀਜੇ ਉਡੀਕਦਾ ਰਿਹਾ ਕੋਈ ਸੰਗਤ ਨਾ ਆਈ। ਅਖੀਰ ਜਿੰਨਾ ਸਮਾਨ ਸੀ, ਸਭ ਲੁੱਟ ਕੇ ਲਿਆ ਕੇ, ਖਡੂਰ ਸਾਹਿਬ ਰੱਖ ਦਿਤਾ। ਉਸ ਦਿਨ ਤੋਂ ਨਾ ਮਨ ਨੂੰ ਚੈਨ ਆਈ, ਨਾ ਤਨ ਨੂੰ ਆਈ, ਜਿਹੜੇ ਪੈਰ ਨਾਲ ਲੱਤ ਮਾਰੀ ਸੀ, ਸਾਰੀ ਰਾਤ ਹਾਏ-ਹਾਏ ਕਰੀ ਜਾਂਦਾ ਹੈ। ਨਾ ਕਿਸੇ ਹਕੀਮ ਤੋਂ ਇਲਾਜ ਹੁੰਦਾ ਹੈ।

ਜਦੋਂ ਗੁਰੂ ਮਹਾਰਾਜ ਉਥੇ ਪਹੁੰਚੇ ਤੇ ਦਾਤੂ ਜੀ ਨੇ ਬੇਨਤੀ ਕਰੀ ਕਿ ਮਹਾਰਾਜ, ਅਸੀਂ ਬੜੀ ਭੁੱਲ ਕਰੀ ਹੈ। ਅਸੀਂ ਭੁੱਲਦੇ ਹਾਂ, ਗੁਰੂ ਨਾਨਕ ਦੀ ਗੱਦੀ ਦਾ ਇਹ ਬਿਰਦ ਹੈ ਕਿ ਮਾੜਿਆਂ ਨੂੰ ਉਬਾਰਨਾ। ਅਸੀਂ ਲੋਕ ਜੋ ਦੁਨੀਆਂਦਾਰ ਹਾਂ, ਅਸੀਂ ਭੁੱਲਦੇ ਹੀ ਚਲੇ ਜਾਂਦੇ ਹਾਂ।

ਪਾਤਸ਼ਾਹ ਮੇਰੇ ਤੇ ਕ੍ਰਿਪਾ ਕਰੋ, ਕਿਉਂਕਿ ਮੈਂ ਗੁਰੂ ਦੋਖੀ ਹਾਂ। ਬਹੁਤ ਵੱਡੀ ਬੇਅਦਬੀ ਕਰ ਚੁੱਕਿਆ ਹਾਂ। ਮਹਾਰਾਜ ਕਹਿੰਦੇ, ਗੁਰੂ ਅਮਰਦਾਸ ਤਾਂ ਦਿਆਲੂ ਕ੍ਰਿਪਾਲੂ ਸੀ, ਤੁਸੀਂ ਉਨ੍ਹਾਂ ਤੋਂ ਹੀ ਬਖਸ਼ਵਾ ਲੈਣਾ ਸੀ। ਕਹਿੰਦੇ, ਮੈਂ ਗਿਆ ਸੀ। ਪਰ ਉਨ੍ਹਾਂ ਨੇ ਕਿਹਾ, ਪੁਰਖਾ! ਅਸੀਂ ਨਹੀਂ ਬਖਸ਼ ਸਕਦੇ। ਸਾਡੇ ਦੋਤਰਾ ਆਏਗਾ, ਪੰਜਵੀਂ ਪਾਤਸ਼ਾਹੀ ਉਹਦੇ ਕੋਲ ਜਾਈਂ, ਉਹ ਬਖਸ਼ੇਗਾ। ਸੋ ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ, ਕਰਨ ਦੇ ਨਾਲ ਰਾਜ਼ੀ-ਬਾਜ਼ੀ ਨੌਂ-ਬਰ-ਨੌਂ ਕਰ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਦਿੱਲੀ ਦੇ ਅੰਦਰ ਇਕ ਚੰਦੂ ਨਾਮ ਦਾ ਵੱਡਾ ਸਰਕਾਰੀ ਆਫੀਸਰ ਰਿਹਾ ਕਰਦਾ ਸੀ। ਪਹਿਲਾਂ ਅਕਬਰ ਦੇ ਵੇਲੇ ਵੀ ਸੀਗਾ, ਜਹਾਂਗੀਰ ਵੇਲੇ ਉਹਨੇ ਬਹੁਤ ਹੱਥ ਪੈਰ ਮਾਰ ਕੇ ਆਪਣੀ ਤਾਕਤ ਬਣਾ ਲਈ ਸੀ। ਬੜੇ ਦੋਸਤ ਮਿੱਤਰ ਬਣਾ ਲਏ ਅਤੇ ਇਕ ਗੁੱਟ ਕਾਇਮ ਕਰ ਲਿਆ। ਬੜੀ ਤਾਕਤ ਦਾ ਮਾਲਕ ਹੋ ਗਿਆ। ਉਹਦੀ ਲੜਕੀ ਜਦੋਂ ਸੱਤ-ਅੱਠ ਸਾਲ ਦੀ ਹੋਈ। ਉਸ ਵੇਲੇ ਰਿਵਾਜ ਸੀ ਕਿ ਛੋਟੀ ਉਮਰ ਦੇ ਅੰਦਰ ਲੜਕੀਆਂ ਵਿਆਹ ਦਿੰਦੇ ਸੀ। ਕਿਉਂਕਿ ਇਥੇ ਮੁਗਲਾਂ ਦਾ ਰਾਜ ਹੋਣ ਕਰਕੇ, ਇਹ ਡਰ ਰਹਿੰਦਾ ਸੀ ਕਿ ਵੱਡੀ ਲੜਕੀ ਨੂੰ ਚੁੱਕ ਕੇ ਨਾ ਲੈ ਜਾਣ। ਛੋਟੀ ਅੱਠ-ਨੌਂ ਸਾਲ 'ਚ ਹੀ ਸ਼ਾਦੀ ਕਰ ਦਿੰਦੇ ਸੀ। 14-15 ਸਾਲ ਦੇ ਅੰਦਰ-ਅੰਦਰ ਘਰ ਭੇਜ ਦਿੰਦੇ ਸੀ। ਲੇਕਿਨ ਆਪ ਨਹੀਂ ਸੀ ਜਾਇਆ ਕਰਦੇ। ਬ੍ਰਾਹਮਣ, ਨਾਈ ਵਗੈਰਾ ਜਾ ਕੇ ਇਹ ਰਿਸ਼ਤਾ ਕਰਿਆ ਆਉਂਦੇ ਸੀ। ਉਹਦੇ ਉਤੇ ਹੀ ਇਤਬਾਰ ਕਰਦੇ ਸੀ। ਕਈ ਗੱਲਾਂ ਗਲਤ ਵੀ ਹੋ ਜਾਂਦੀਆਂ ਸੀ। ਪਰ ਬਹੁਤ ਸਾਵਧਾਨੀ ਦੇ ਨਾਲ, ਰੋਜ਼ ਦਾ ਪੇਸ਼ਾ ਹੋਣ ਕਰਕੇ, ਹੁਸ਼ਿਆਰ ਸੀਗੇ ਸਾਰੇ। ਭੇਤ ਕੱਢ ਲੈਂਦੇ ਸੀ ਬੰਦਿਆਂ ਦਾ। ਅਸਲੀ ਗੱਲ ਟੋਲ੍ਹ ਲੈਂਦੇ ਸੀ। ਸੋ ਉਹਨੇ ਭੇਜ ਦਿਤੇ ਲਾਗੀ। ਕਹਿਣ ਲੱਗੇ, ਘਰ ਐਹੋ ਜਿਹਾ ਹੋਣਾ ਚਾਹੀਦਾ ਹੈ ਕਿ ਜਿਥੇ ਐਉਂ ਨਾ ਕਹਿਣ ਕਿ ਮੰਜੇ ਮੰਗ ਕੇ ਲਿਆਉਣੇ ਨੇ, ਮੇਰੇ ਨਾਲ ਸੌ ਬੰਦਾ ਵੀ ਜਾ ਸਕਦਾ ਹੈ, ਦੋ ਸੌ ਵੀ ਜਾ ਸਕਦਾ ਹੈ। ਤੇ ਮੇਰੇ ਵਰਗਾ ਹੀ ਹੋਵੇ ਤੇ ਮੇਰੇ ਤੋਂ ਵੱਡਾ ਹੀ ਹੋਵੇ ਥੋੜ੍ਹਾ। ਫਿਰਦੇ-ਫਿਰਦੇ ਜਦੋਂ ਅੰਮ੍ਰਿਤਸਰ ਸਾਹਿਬ ਉਥੇ, ਸਾਹਿਬ ਹਰਿਗੋਬਿੰਦ ਸਾਹਿਬ ਖੇਲ੍ਹ ਰਹੇ ਨੇ। ਛੋਟੀ ਉਮਰ ਹੈ, ਪੁੱਛ ਪੁਛਾਕਾ ਕਰਿਆ, ਕਿੰਨ੍ਹਾਂ ਦੇ ਲੜਕੇ ਨੇ। ਅਖੀਰ ਪਤਾ ਲੱਗਿਆ ਕਿ ਸੋਢੀ ਖੱਤਰੀ ਇਨ੍ਹਾਂ ਦੀ ਜਾਤ ਹੈ ਤੇ ਬੱਚਾ ਦੇਖਿਆ, ਕਾਰੋਬਾਰ ਦੇਖਿਆ, ਬੇਅੰਤ ਮਾਨਤਾ ਦੇਖੀ। ਚਿੱਤ ਪ੍ਰਸੰਨ ਹੋ ਗਿਆ। ਵਾਪਸ ਚਲੇ ਗਏ, ਜਾ ਕੇ ਕਹਿਣ ਲੱਗੇ ਅਸੀਂ ਬਹੁਤ ਵੱਡਾ ਘਰ ਦੇਖ ਕੇ ਆਏ, ਜਿਥੇ ਕੋਈ ਅੰਤ ਨਹੀਂ, ਹਜ਼ਾਰਾਂ ਬੰਦੇ ਪਿਛੇ ਚਲਦੇ ਨੇ ਤੇ ਰਾਜਿਆਂ ਵਰਗਾ ਕੰਮ ਹੈ।

ਰਾਜਾ ਕਹਿਣਾ ਤਾਂ ਬਹੁਤ ਛੋਟਾ ਹੁੰਦਾ ਹੈ ਸਾਧਸੰਗਤ ਜੀ!

***ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥***
***ਅੰਗ - 749***

ਕੌਣ ਨੇ? ਜਿਹੜੇ ਵਾਹਿਗੁਰੂ ਦੀ ਬੰਦਗੀ ਕਰਦੇ ਨੇ, ਉਹਨੂੰ ਤਾਂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਰਾਜਾ ਕਹਿਣਾ ਹੱਤਕ ਹੋਇਆ ਕਰਦੀ ਹੈ। ਕਿਉਂਕਿ ਰਾਜਿਆਂ ਦੇ ਉਤੇ ਤਾਂ ਹਜ਼ਾਰਾਂ ਬੋਝ ਨੇ। ਬਾਕੀ ਇਹ ਜੋ ਰਾਜੇ ਨੇ ਇਨ੍ਹਾਂ ਦਾ ਕਹਿਆ ਹੋਇਆ ਇਥੇ ਹੀ ਨਹੀਂ, ਦਰਗਾਹ ਵਿਚ ਵੀ ਚਲਦਾ ਹੈ।

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਅੰਗ - 186***

ਦੁਨੀਆਦਾਰੀ ਦੀ ਨਿਗ੍ਹਾ ਦੇ ਨਾਲ ਗੱਲ ਕਰਕੇ ਦੱਸ ਦਿਤੀ। ਕਹਿਣ ਲੱਗਿਆ, ਕਿਥੇ ਕਰਕੇ ਆਇਆਂ ਹੈ? ਕਹਿਣ ਲੱਗੇ, ਗੁਰੂ ਅਰਜਨ ਸਾਹਿਬ ਪਾਤਸ਼ਾਹ ਜੀ ਦਾ

ਸਾਹਿਬਜ਼ਾਦਾ ਹੈ। ਬੜਾ ਹੋਣਹਾਰ ਹੈ। ਸਾਰੀ ਗੱਲ ਸੁਣੀ। ਕਹਿੰਦਾ ਹੁਣ ਮੈਂ ਕਹਿ ਤਾਂ ਕੁਛ ਨਹੀਂ ਸਕਦਾ। ਜੋ ਤੁਸੀਂ ਕਰ ਆਏ ਤੇ ਕਹੇ ਹੋਏ ਨੂੰ ਹੀ ਮੰਨ ਲਿਆ ਕਰਦੇ ਸੀ। ਪਰ ਇਕ ਗੱਲ ਤੁਸੀਂ ਮਾੜੀ ਕਰੀ। ਉਹ ਮਾੜੀ ਇਹ ਕਰੀ, ਮੈਂ ਹਾਂ ਚੁਬਾਰਾ, ਤੁਸੀਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਦਿਤੀ। ਗੁਰੂ ਘਰ ਨੂੰ ਮੋਰੀ ਕਹਿ ਦਿਤਾ ਤੇ ਆਪਣੇ ਆਪ ਨੂੰ ਅਭਿਮਾਨੀ ਚੁਬਾਰਾ ਕਹਿੰਦਾ ਹੈ। ਪਰ ਤੁਸੀਂ ਕਰ ਆਏ, ਹੁਣ ਮੈਂ ਜਵਾਬ ਨਹੀਂ ਦੇ ਸਕਦਾ। ਕਿਉਂਕਿ ਇਕ ਵਾਰੀ ਕਰ ਦਿਤਾ, ਹੁਣ ਮੈਂ ਲੜਕੀ ਨੂੰ ਦੁਬਾਰਾ ਨਹੀਂ ਕਿਸੇ ਹੋਰ ਥਾਂ ਬਿਠਾਉਣਾ। ਚਿਤਵੀ ਗਈ, ਸੋ ਚਿਤਵੀ ਗਈ। ਅਭਿਮਾਨ ਦੇ ਅੱਖਰ ਬਹੁਤ ਕਹਿ ਦਿਤੇ। ਸੰਗਤ ਦੇ ਸਰੀਰ ਉਥੇ ਖੜ੍ਹੇ ਸੁਣਦੇ ਸੀ। ਸੰਗਤ ਵਿਚ ਵਿਚਾਰ ਹੋਈ ਦਿੱਲੀ ਆ ਕੇ। ਕਹਿਣ ਲੱਗੇ, ਬੜਾ ਮਾੜਾ ਕੰਮ ਹੋਇਆ ਇਹ ਤਾਂ। ਉਹ ਤਾਂ ਮੂਰਖ ਨਾਸਤਕ ਪੁਰਸ਼ ਹੈ। ਇਹਦਾ ਤਾਂ ਗੁਰੂ ਘਰ ਨਾਲ ਰਿਸ਼ਤਾ ਹੋਣਾ ਨਹੀਂ ਚਾਹੀਦਾ। ਉਨ੍ਹਾਂ ਨੇ ਗੁਰੂ ਮਹਾਰਾਜ ਵਲ ਚਿੱਠੀ ਲਿਖੀ –

*ਲਿਖਤੁਮ ਸਭਿ ਦਿੱਲੀ ਕੀ ਸੰਗਤਿ*
*ਸਤਿਗੁਰ ਕੇ ਸਨਮੁਖ ਅਰਦਾਸਿ॥*
*ਸ਼ਾਹਿ ਦਿਵਾਨ ਸੁਤਾ ਕੋ ਨਾਤਾ ਭੇਜਯੋ*
*ਅਰੈ ਤੁਮਾਰੇ ਪਾਸਿ॥*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2240***

ਕਹਿੰਦਾ ਉਹ ਤੁਹਾਡੇ ਪਾਸ ਬ੍ਰਾਹਮਣਾਂ ਨੂੰ ਨਾਤਾ ਲਿਖ ਕੇ ਭੇਜ ਰਹੇ ਨੇ। ਸਮਾਨ ਵਗੈਰਾ ਇਨ੍ਹਾਂ ਨੇ ਖਰੀਦ ਲਿਆ ਹੈ ਤੇ ਬੰਦੇ ਮੰਗਣਾ ਕਰਨ ਆ ਰਹੇ ਨੇ। ਪਰ ਇਹ ਹੰਕਾਰੀ ਪੁਰਸ਼ ਹੈ। ਸੱਚੇ ਪਾਤਸ਼ਾਹ! ਇਹਨੇ ਗੁਰੂ ਘਰ ਨੂੰ ਨੀਵਾਂ ਕਿਹਾ ਹੈ, ਆਪਣੇ ਆਪ ਨੂੰ ਉਚਾ ਕਿਹਾ ਹੈ। ਸੰਗਤ ਦਾ ਦਿਲ ਦੁਖ ਗਿਆ ਇਹ ਗੱਲ ਸੁਣ ਕੇ। ਪਾਤਸ਼ਾਹ! ਐਡਾ ਅਭਿਮਾਨ ਹੈ, ਸਾਰੀ ਸ੍ਰਿਸ਼ਟੀ ਤੋਂ ਵੱਡਾ ਜਿਹੜਾ ਘਰ ਹੈ, ਉਹਨੂੰ ਨਾਲੀ ਕਹਿੰਦਾ ਹੈ, ਗੰਦੀ ਨਾਲੀ। ਤੇ ਆਪਣੇ ਆਪ ਨੂੰ ਚੁਬਾਰਾ ਕਹਿੰਦਾ ਹੈ –

*ਆਪ ਹੰਕਾਰੀ ਬਨਯੋ ਚੁਬਾਰਾ ਤੁਮਹਿ ਕਹਯੋ ਮੋਰੀ ਸੰਕਾਸ।*
*ਬਿਨ ਸ਼ਰਧਾ ਤੇ ਮੂਰਖ ਬੋਲਯੋ ਇੱਤਯਾਦਿਕ*
*ਨਿੰਦਾ ਕਰਿ ਰਾਸ॥*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2280***

ਹਾਸੇ ਕਰਦਾ ਹੈ, ਮਖੌਲ ਕਰਦਾ ਹੈ।

*ਹਮ ਕੋ ਨਹਿੰ ਸੁਖਾਇ ਤਿਸ ਕਹਿਬੋ*
*ਬਸਿ ਨਹਿੰ ਚਲਯੋ ਸੁ ਲਿਖਯੋ ਬ੍ਰਿਤੰਤ॥*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2280***

ਸਾਡਾ ਵਸ ਨਹੀਂ ਚਲਿਆ ਕਿ ਅਸੀਂ ਉਹਨੂੰ ਜਾ ਕੇ ਕੁਛ ਕਹਿ ਸਕੀਏ। ਅਸੀਂ ਵਿਰਤਾਂਤ ਲਿਖ ਦਿਤਾ ਹੈ ਤੇ ਇਹ ਸਾਕਤ ਹੈ।

*ਸੁਤਾ ਨ ਸਾਕਤ ਕੀ ਤੁਮ ਲੀਜਹੁ*
*ਇਹ ਸੰਗਤਿ ਕੋ ਅਹੈ ਮਤੰਤ॥*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2280***

ਸੰਗਤ ਇਹ ਮਤਾ ਪਕਾ ਕੇ ਭੇਜਦੀ ਹੈ ਕਿ ਤੁਸੀਂ ਇਹ ਰਿਸ਼ਤਾ ਨਾ ਲੈਣਾ। ਮਹਾਰਾਜ ਕੋਲ ਜਦੋਂ ਰਿਸ਼ਤਾ ਲੈ ਕੇ ਆਏ। ਚਿੱਠੀ ਪਹਿਲਾਂ ਪਹੁੰਚ ਗਈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਠੀਕ ਹੈ ਰਿਸ਼ਤਾ ਆਇਆ ਹੈ ਲੜਕੀ ਦਾ। ਕੋਈ ਵੀ ਚੰਗਾ ਬੰਦਾ ਮੋੜਿਆ ਨਹੀਂ ਕਰਦਾ। ਪਰ ਤੁਹਾਡਾ ਜੋ ਮਾਲਕ ਹੈ ਜਿਸਨੇ ਤੁਹਾਨੂੰ ਭੇਜਿਆ ਹੈ, ਉਹ ਤਾਂ ਚੁਬਾਰਾ ਹੈ, ਸਾਨੂੰ ਤਾਂ ਗੰਦੀ ਨਾਲੀ ਆਖਿਆ ਹੈ ਉਹਨੇ। ਉਹਦੀ ਲੜਕੀ ਕਿਵੇਂ ਰਹੇਗੀ, ਸਾਡੇ ਕੋਲ ਆ ਕੇ। ਉਹ ਕਿਸੇ ਚੰਗੇ ਥਾਂ, ਚੁਬਾਰੇ ਤੋਂ ਡਬਲ ਚੁਬਾਰੇ ਰਿਸ਼ਤਾ ਕਰ ਦੇਵੇ। ਅਸੀਂ ਤਾਂ ਨਹੀਂ ਲੈਂਦੇ। ਬੜਾ ਉਨ੍ਹਾਂ ਨੇ ਜ਼ੋਰ ਲਾਇਆ। ਅਖੀਰ ਕਹਿਣ ਲੱਗੇ, ਮਹਾਰਾਜ! ਚੰਦੂ ਨੂੰ ਅਸੀਂ ਜਾਣਦੇ ਹਾਂ, ਬੜਾ ਜਿੱਦੀ ਪੁਰਸ਼ ਹੈ ਇਹ। ਸਰਕਾਰ ਵਿਚ ਇਹਦੀ ਅੱਜ ਚਲਦੀ ਹੈ। ਐਸਾ ਨਾ ਹੋਵੇ, ਆਪ ਦਾ ਨੁਕਸਾਨ ਕਰ ਦੇਵੇ। ਸਾਹਿਬਜ਼ਾਦੇ ਦੇ ਨੁਕਸਾਨ ਕਰ ਦੇਵੇ। ਮਹਾਰਾਜ ਕਹਿੰਦੇ ਉਹ ਤਾਂ ਪ੍ਰਮੇਸ਼ਰ ਤੇ ਛੱਡੋ, ਜੋ ਹੋਣਾ ਹੈ ਪ੍ਰਮੇਸ਼ਰ ਦੀ ਰਜ਼ਾ ਨਾਲ ਹੋਣਾ। ਸੋ ਵਾਪਸ ਮੁੜ ਗਿਆ ਰਿਸ਼ਤਾ। ਇਹਨੇ ਇਰਾਦਾ ਕਰ ਲਿਆ ਕਿ ਮੈਂ ਬਦਲਾ ਜ਼ਰੂਰ ਲਵਾਂਗਾ।

ਅਜੇ ਤੱਕ ਗੁਰੂ ਘਰ ਦੀ ਸ਼ਰਧਾ ਅਕਬਰ ਦੇ ਮਨ ਵਿਚ ਹੋਣ ਕਰਕੇ ਚਲੀ ਆਉਂਦੀ ਸੀ। ਲੇਕਿਨ ਜਹਾਂਗੀਰ ਨੂੰ ਹੌਲੀ-ਹੌਲੀ ਚੁਗਲੀਆਂ ਕਰ-ਕਰ ਕੇ ਏਸ ਨੇ ਇਸ ਨਤੀਜੇ ਤੇ ਪਹੁੰਚਾ ਦਿਤਾ ਕਿ ਉਹਦੇ ਮਨ ਵਿਚ ਇਹ ਗੱਲ ਹੋ ਗਈ ਕਿ ਮੈਂ ਗੁਰੂ ਘਰ ਦਾ ਜੋ ਸਿਲਸਿਲਾ ਚਲ ਰਿਹਾ ਹੈ, ਇਹਨੂੰ ਖਤਮ ਕਰ ਦੇਵਾਂ। ਕੁਛ ਮਨ ਵਿਚ ਖਿਆਲ ਰਖਦਾ ਸੀ, ਦੂਜਾ ਚੰਦੂ ਵਗੈਰਾ ਤਿਆਰ ਹੋ ਗਏ। ਚੰਦੂ ਨੇ ਚਿੱਠੀ ਲਿਖੀ। ਪਤਾ ਲੱਗਿਆ ਕਿ ਕੁਛ ਪ੍ਰਿਥੀਚੰਦ ਦੀ ਨਰਾਜ਼ਗੀ ਹੈ। ਚਿੱਠੀ ਲਿਖ ਕੇ ਭੇਜੀ ਕਿ ਮੈਂ ਤੁਹਾਨੂੰ ਜਾਗੀਰ ਦਿਵਾਈ ਹੋਈ ਹੈ, ਪਿੰਡ ਕੋਠਾ ਜਿਹੜਾ ਹੈ ਇਹ ਤੁਹਾਨੂੰ ਦਿਤਾ ਹੋਇਆ। ਇਹ ਅਸੀਂ ਹੁਣ ਜ਼ਬਤ ਕਰ ਲੈਣਾ ਹੈ ਤੇ ਤੂੰ ਹੁਣ ਗਰੀਬ ਬਣ ਕੇ ਤੁਰਿਆ ਫਿਰੇਂਗਾ। ਨਹੀਂ ਤਾਂ ਆਪਣੇ ਭਰਾ ਨੂੰ ਕਹਿ ਕਿ ਰਿਸ਼ਤਾ ਲੈ ਲਵੇ। ਨਹੀਂ ਤਾਂ ਮੈਂ ਉਹਨੂੰ ਵੀ ਕੈਦ ਕਰਾਵਾਂਗਾ, ਨਾਲੇ ਤੈਨੂੰ ਕਰਾਵਾਂਗਾ। ਚਿੱਠੀ ਲੈ ਕੇ ਆਇਆ ਡਰ ਗਿਆ। ਪਹਿਲਾਂ ਹੀ ਕਹਿਣ ਲੱਗ ਗਿਆ ਕਿ ਮੈਂ ਤਾਂ ਆਪ ਹੀ ਉਹਦਾ ਦੁਸ਼ਮਣ ਹਾਂ। ਕਹਿ ਦੇਣਾ ਦੀਵਾਨ ਸਾਹਿਬ ਨੂੰ ਕਿ ਮੇਰੇ ਤੋਂ ਜੋ ਮਦਦ ਚਾਹੀਦੀ ਹੈ ਮੈਂ ਪੂਰੀ ਦੇਵਾਂਗਾ। ਡਾਹਢੇ ਭੇਤ ਦੇਵਾਂਗਾ। ਉਨ੍ਹਾਂ ਨੇ ਗ੍ਰੰਥ ਸਾਹਿਬ ਬਣਾਇਆ ਹੈ ਉਹਦੇ ਵਿਚ ਆਹ ਲਿਖਿਆ, ਆਹ ਲਿਖਿਆ ਹੈ। ਭੜਕਾ ਦਿਤਾ

ਉਨ੍ਹਾਂ ਨੂੰ। ਕਹਿਣ ਲੱਗਿਆ, ਮੈਨੂੰ ਜੇ ਕਹਿਣ ਮੈਂ ਉਨ੍ਹਾਂ ਨਾਲ ਹਾਜ਼ਰ ਹੋ ਕੇ ਗੱਲ ਕਰਾਂਗਾ। ਮੈਂ ਵੱਡਾ ਹੋ ਕੇ ਮੇਰੇ ਤੋਂ ਧੱਕੇ ਨਾਲ ਸਭ ਕੁਛ ਖੋਹ ਲਿਆ। ਚੋਰ ਚਕਾਰ ਆਪਣੇ ਨਾਲ ਰਖਦੇ, ਡਾਕੂ ਕੋਲ ਰਖਦੇ। ਬੜੀਆਂ ਹੀ ਲੂਤੀਆਂ ਲਾਈਆਂ। ਵਾਪਸ ਭੇਜ ਦਿਤਾ। ਜਦੋਂ ਜਾ ਕੇ ਚੰਦੂ ਨੂੰ ਦੱਸਿਆ, ਖੁਸ਼ ਹੋ ਗਿਆ। ਘਰ ਤਾਂ ਪਾਟ ਗਿਆ, ਭਰਾ ਤਾਂ ਮੇਰੇ ਨਾਲ ਹੈ। ਹੁਣ ਦੇਖਾਂਗਾ ਕੀ ਕਰਦੇ ਨੇ।

ਇਧਰਲੇ ਪਾਸੇ ਇਹਨੂੰ ਚੰਦੂ ਦਾ ਸੁਨੇਹਾ ਆ ਗਿਆ ਕਿ ਜਿਹੜਾ ਕੰਮ ਤੂੰ ਕਰੇਂਗਾ, ਤੇਰਾ ਪਰਵਾਨ ਹੀ ਪਰਵਾਨ ਸਹੀ। ਤਕੜਾ ਹੋ ਕੇ ਪਿਛੇ ਲਗ ਉਨ੍ਹਾਂ ਦੇ। ਇਹਦਾ ਇਕ ਮਿੱਤਰ ਸੀ ਜਿਹਦਾ ਨਾਮ ਸੁਲਹੀਖਾਨ ਸੀ। ਸੁਲਹੀਖਾਨ ਦਾ ਭਤੀਜਾ ਸੀ, ਉਹਦਾ ਨਾਉਂ ਸੀ ਸੁਲਭੀਖਾਨ। ਮਤਾ ਇਹ ਪਕਾਇਆ ਕਿ ਸੁਲਭੀਖਾਨ ਮਾਮਲਾ ਉਗਰਾਹੁਣ ਦੇ ਬਹਾਨੇ ਅੰਮ੍ਰਿਤਸਰ ਚਲਿਆ ਜਾਵੇ। ਉਥੇ ਜਾ ਕੇ ਗੁਰੂ ਅਰਜਨ ਸਾਹਿਬ ਨੂੰ ਇਕ ਵਾਰੀ ਕੈਦ ਕਰ ਲਿਆਵੇ। ਉਸ ਤੋਂ ਬਾਅਦ ਅਸੀਂ ਜਾਣੀਏ ਸਾਡਾ ਕੰਮ। ਅਸੀਂ ਆਪੇ ਕਰ ਲਵਾਂਗੇ, ਸਾਰਾ ਕੁਛ। ਸੋ ਮਹਾਰਾਜ ਜੀ ਨੂੰ ਖਬਰ ਪਹੁੰਚੀ ਪਾਤਸ਼ਾਹ! ਗੋਂਦ ਗੁੰਦੀ ਗਈ ਹੈ ਸੁਲਭੀਖਾਨ ਆ ਰਿਹਾ ਹੈ ਆਪ ਦੇ ਪਾਸ। ਕ੍ਰਿਪਾ ਕਰੋ, ਕੁਛ ਬੰਦੋਬਸਤ ਕਰੋ। ਮਹਾਰਾਜ ਜੀ ਨੂੰ ਜਾ ਕੇ ਚੰਗੇ-ਚੰਗੇ ਗੁਰਸਿੱਖਾਂ ਨੇ ਦੱਸਿਆ। ਤਾਂ ਉਸ ਵੇਲੇ ਮਹਾਰਾਜ ਨੇ ਕਿਹਾ ਕਿ ਦੇਖੋ, ਪ੍ਰੇਮੀਓ! ਸਾਡੇ ਕੋਲ ਤਾਂ ਨਿਮਰਤਾ ਦੀ ਗਦਾ ਹੈ, ਹਥਿਆਰ ਹੈ। ਇਹ ਜਿਹੜਾ ਨਿਮਰਤਾ ਦਾ ਹਥਿਆਰ ਹੈ, ਇਹਦੇ ਅੱਗੇ ਜਿਹੜੇ ਵਿਕਾਰੀ ਤੇ ਦੁਸ਼ਟ ਹੁੰਦੇ ਨੇ ਟਿਕਿਆ ਨਹੀਂ ਕਰਦੇ।

ਘਬਰਾਓ ਨਾ ਸਾਧਸੰਗਤ ਜੀ।

***ਗਰੀਬੀ ਗਦਾ ਹਮਾਰੀ॥***
***ਖੰਨਾ ਸਗਲ ਰੇਨੁ ਛਾਰੀ॥***
***ਇਸੁ ਆਗੈ ਕੋ ਨ ਟਿਕੈ ਵੇਕਾਰੀ॥***
***ਗੁਰ ਪੂਰੇ ਏਹ ਗਲ ਸਾਰੀ॥*** ***ਅੰਗ - 628***

ਪੂਰੇ ਸਤਿਗੁਰਾਂ ਦਾ ਬਚਨ ਹੈ ਕਿ ਨਿਮਰਤਾ ਦੇ ਅੱਗੇ ਵਿਕਾਰੀ ਪੁਰਸ਼ ਨਹੀਂ ਠਹਿਰਿਆ ਕਰਦੇ। ਕਿਉਂਕਿ ਉਹਦੇ ਹਿਰਦੇ ਵਿਚ ਨਾਮ ਚਲਦਾ ਹੈ।

***ਹਰਿ ਹਰਿ ਨਾਮੁ ਸੰਤਨ ਕੀ ਓਟਾ॥***
***ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ॥***
***ਅੰਗ - 628***

ਸੋ ਇਸ ਤਰ੍ਹਾਂ ਦੇ ਨਾਲ ਰਾਹ ਵਿਚ ਤੁਰਿਆ ਆਉਂਦਾ ਹੈ। ਉਥੇ ਇਕ ਉਹਦਾ ਕੋਈ ਸਿਪਾਹੀ ਸੀਗਾ, ਉਹ ਮਿਲ ਗਿਆ। ਉਹ ਕਹਿੰਦਾ ਤੂੰ ਮੇਰੀ ਦੋ ਸਾਲ ਦੀ ਤਨਖਾਹ ਨਹੀਂ ਦਿਤੀ। ਮੇਰੀ ਤਨਖਾਹ ਦੇਹ। ਉਥੇ ਖਹਿਬੜ-ਖਹਿਬਾੜੀ ਹੋਈ। ਤਲਵਾਰ ਪਹਿਨੀ ਹੋਈ ਸੀ, ਉਹਨੇ ਗਲ ਕੱਟ ਕੇ ਔਹ ਮਾਰਿਆ। ਮਹਾਰਾਜ ਨੂੰ ਖਬਰ ਪਹੁੰਚ ਗਈ। ਕਹਿੰਦੇ ਮਹਾਰਾਜ ਉਹ ਤਾਂ ਮਾਰਿਆ ਗਿਆ। ਕਹਿੰਦੇ ਜੋ ਸਾਧੂ ਨੂੰ ਤੰਗ ਕਰਦਾ ਹੈ ਉਹਦਾ ਹਾਲ ਇਹੀ ਹੋਇਆ ਕਰਦਾ ਹੈ।

***ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥***
***ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥***
***ਅੰਗ - 749***

ਖਾਤਮਾ ਹੋ ਗਿਆ। ਰਾਹ 'ਚ ਹੀ ਮਾਰਿਆ ਗਿਆ। ਖਬਰ ਪਹੁੰਚ ਗਈ ਪ੍ਰਿਥੀ ਚੰਦ ਨੂੰ। ਦੌੜਿਆ-ਦੌੜਿਆ ਗਿਆ ਉਹਦੇ ਚਾਚੇ ਦੇ ਪਾਸ। ਇਹਦਾ ਮਿਤਰ ਸੀ, ਕਹਿਣ ਲੱਗਿਆ, ਦੇਖਿਆ ਜਾਦੂ ਵਰਤ ਕੇ ਮਾਰ ਦਿਤਾ। ਜਾਂ ਮੈਨੂੰ ਲਗਦਾ ਹੈ ਕਿ ਪੈਸੇ ਦੇ ਕੇ ਬੰਦਾ ਭੇਜਿਆ ਹੈ ਉਹਨੇ। ਬੜਾ ਮਾੜਾ ਕੰਮ ਕਰਿਆ ਹੈ ਮੇਰੇ ਭਰਾ ਨੇ। ਆਫੀਸਰ ਬੰਦਾ ਮਾਰ ਦਿਤਾ। ਜਿੰਨਾ ਕਹਿਆ ਗਿਆ ਕਹਿ ਦਿਤਾ। ਕਹਿਣ ਲੱਗੇ, ਹੁਣ ਤੁਸੀਂ ਆਪ ਕੋਸ਼ਿਸ਼ ਕਰੋ। ਸੁਲਹੀਖਾਨ ਕਹਿਣ ਲੱਗਿਆ, ਇਨ੍ਹਾਂ ਤੋਂ ਤਾਂ ਬਚ ਗਿਆ ਤੇ ਮੈਂ ਨਹੀਂ ਹੁਣ ਛੱਡਣਾ ਕਿਸੇ ਤਰੀਕੇ ਨਾਲ ਵੀ। ਉਸ ਵੇਲੇ ਚੜ੍ਹਾਈ ਕਰ ਦਿਤੀ। ਬੜਾ ਜ਼ਾਲਮ ਆਫੀਸਰ ਸੀ। ਮਹਾਰਾਜ ਕੋਲ ਖਬਰ ਪਹੁੰਚ ਗਈ ਪਾਤਸ਼ਾਹ! ਭਤੀਜੇ ਦਾ ਬਦਲਾ ਲੈਣ ਵਾਸਤੇ ਆ ਰਿਹਾ ਹੈ ਤੁਹਾਡੇ ਕੋਲ। ਗੁਰਸਿੱਖ ਇਕੱਠੇ ਹੋ ਗਏ, ਪਾਤਸ਼ਾਹ ਬੜਾ ਜ਼ਾਲਮ ਹੈ। ਅਸੀਂ ਇਹ ਵਿਚਾਰ ਕਰਦੇ ਹਾਂ ਕਿ ਕੋਈ ਪੱਤਰ ਲਿਖ ਕੇ ਆਪਣੀ ਪੋਜੀਸ਼ਨ ਸਾਫ ਕਰੀਏ ਜਾਂ ਸੱਚੇ ਪਾਤਸ਼ਾਹ! ਕੋਈ ਸ੍ਰੇਸ਼ਟ ਪੁਰਸ਼, ਇਲਾਕੇ ਦੇ ਮੁਖੀ ਭੇਜ ਦੇਈਏ ਜਾਂ ਫੇਰ ਹੁਕਮ ਦਿਓ ਅਸੀਂ ਵੀ ਕੋਈ ਹਥਿਆਰ ਚੁੱਕੀਏ। ਐਉਂ ਤਾਂ ਮਰਨਾ ਫੇਰ ਔਖਾ ਹੈ। ਮਹਾਰਾਜ ਕਹਿੰਦੇ, ਤੁਸੀਂ ਪ੍ਰੇਮੀਓ! ਭਰੋਸਾ ਰੱਖੋ ਵਾਹਿਗੁਰੂ 'ਤੇ। ਕਹਿੰਦੇ ਆਪਾਂ ਵਾਹਿਗੁਰੂ-ਵਾਹਿਗੁਰੂ ਕਰੋ, ਆਪੇ ਹੀ ਉਹ ਮਾਲਕ ਹੈ। ਚਲਿਆ ਆਉਂਦਾ ਹੈ, ਆ ਕੇ ਪ੍ਰਿਥੀ ਚੰਦ ਦੇ ਕੋਲ ਆ ਗਿਆ। ਉਹਨੇ ਨਵੇਂ ਆਵੇ ਪਾਏ ਸੀ। ਕਿਉਂਕਿ ਉਹਨੇ ਰੀਸ ਕਰੀ ਕਿ ਹਰਿਮੰਦਰ ਸਾਹਿਬ ਵਰਗਾ ਮੈਂ ਬਣਾ ਲੈਂਦਾ ਹਾਂ, ਆਪੇ ਹੀ ਲੋਕ ਇਥੇ ਆਉਣਗੇ। ਉਹੋ ਜਿਹਾ ਹੀ ਮੰਦਰ ਰਚਣਾ ਸ਼ੁਰੂ ਕਰ ਦਿਤਾ। ਆਵੇ ਪਕਾਉਣ ਲੱਗਿਆ ਹੋਇਆ ਹੈ। ਉਥੇ ਆਪਣੀ ਜ਼ਮੀਨ ਦਿਖਾਉਂਦਾ-ਦਿਖਾਉਂਦਾ, ਹੋਰ ਕਾਰੋਬਾਰ ਦਿਖਾਉਂਦਾ-ਦਿਖਾਉਂਦਾ, ਜਦੋਂ ਆਵਿਆਂ ਦੇ ਕੋਲ ਗਿਆ, ਐਸਾ ਘੋੜਾ ਡਰਿਆ ਕਿ ਉਤੋਂ ਇਕ ਪੰਛੀ ਅਚਾਨਕ ਉਡ ਪਿਆ, ਘੋੜਾ ਅਲਫ ਹੋ ਗਿਆ, ਦੌੜ ਕੇ ਜਾ ਕੇ ਅੱਗ 'ਚ ਚਾਲ ਮਾਰ ਦਿਤੀ। ਘੋੜਾ ਵੀ ਗਿਰ ਗਿਆ ਤੇ ਨਾਲ ਹੀ ਇਹ ਗਿਰ ਗਿਆ। ਮਹਾਰਾਜ ਜੀ ਦੇ ਕੋਲ ਖਬਰ ਆਈ। ਮਹਾਰਾਜ ਕਹਿੰਦੇ, ਪ੍ਰੇਮੀਓ! ਤੁਸੀਂ ਪ੍ਰਭੂ ਦਾ ਧਿਆਨ ਕਰੋ। ਉਹ ਰਾਖਾ ਬਣ ਜਾਇਆ ਕਰਦਾ ਹੈ।

*ਸੁਲਹੀ ਕਾ ਹਾਥੁ ਕਹੀ ਨ ਪਹੁਚੈ*
*ਸੁਲਹੀ ਹੋਇ ਮੂਆ ਨਾਪਾਕੁ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ*
*ਖਿਨ ਮਹਿ ਹੋਇ ਗਇਆ ਹੈ ਖਾਕੁ॥*
*ਮੰਦਾ ਚਿਤਵਤ ਚਿਤਵਤ ਪਚਿਆ*
*ਜਿਨਿ ਰਚਿਆ ਤਿਨਿ ਦੀਨਾ ਧਾਕੁ॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓ*
*ਸੁ ਛੋਡਿ ਗਇਆ ਸਭ ਭਾਈ ਸਾਕੁ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ*
*ਜਿਨਿ ਜਨ ਕਾ ਕੀਆ ਪੂਰਨ ਵਾਕੁ॥ ਅੰਗ - 825*

ਮਹਾਰਾਜ ਕਹਿੰਦੇ ਆ ਨਹੀਂ ਸਕਦਾ ਪ੍ਰੇਮੀਓ! ਸੋ ਇਸ ਤਰ੍ਹਾਂ ਬੜੀਆਂ ਗੋਂਦਾਂ, ਗੁੰਦੀਆਂ ਗਈਆਂ। ਅਖੀਰ ਕਿੰਨੇ ਦੁਸ਼ਮਣ ਹੋ ਗਏ। ਸਰਕਾਰ ਦੇ ਅੰਦਰ, ਜਹਾਂਗੀਰ ਵੀ ਦੁਸ਼ਮਣ ਹੋ ਗਿਆ। ਐਸਾ ਧਰਮ ਚਲ ਪਿਆ ਕਿ ਮੁਸਲਮਾਨ ਵੀ ਜਾ-ਜਾ ਕੇ ਸਿੱਖ ਬਣੀ ਜਾਂਦੇ ਨੇ। ਹਿੰਦੂ ਵੀ ਬਣੀ ਜਾਂਦੇ ਨੇ। ਬੇਅੰਤ ਦੁਨੀਆਂ ਇਨ੍ਹਾਂ ਦੇ ਪਿਛੇ ਲਗ ਗਈ। ਕਹਾ ਦਿਤਾ ਗਿਆ ਕਿ ਬਾਦਸ਼ਾਹ ਸਲਾਮਤ! ਜੇ ਹੁਣ ਕੋਈ ਬੰਦੋਬਸਤ ਨਾ ਕੀਤਾ ਗਿਆ ਤਾਂ ਸਾਰਾ ਦੇਸ਼ ਇਹਦੇ ਪਿਛੇ ਲਗ ਜਾਏਗਾ। ਰਾਜ ਲੈ ਲਏਗਾ। ਕੰਨਾਂ ਦਾ ਕੱਚਾ ਸੀ ਰਾਜਾ। ਮੁਲਾਣਿਆਂ ਨੇ ਭੜਕਾਇਆ, ਬ੍ਰਾਹਮਣਾਂ ਨੇ ਭੜਕਾਇਆ, ਚੰਦੂ ਨੇ ਭੜਕਾਇਆ। ਅਖੀਰ ਜਹਾਂਗੀਰ ਦੇ ਲੜਕੇ ਖੁਸਰੋ ਨੇ ਬਗਾਵਤ ਕਰ ਦਿਤੀ। ਪਿਛੇ-ਪਿਛੇ ਜਹਾਂਗੀਰ ਹੋ ਗਿਆ, ਹੁਕਮ ਦੇ ਦਿਤਾ ਕਿ ਇਹਦੀ ਕੋਈ ਮਦਦ ਨਾ ਕਰਿਓ। ਜੋ ਕਰੇਗਾ ਸਖਤ ਸਜ਼ਾਵਾਂ ਦਿਤੀਆਂ ਜਾਣਗੀਆਂ। ਇਹ ਬਿਆਸਾ ਦੇ ਪੱਤਣ ਤੇ ਆ ਗਿਆ, ਉਸ ਵੇਲੇ ਗੁਰੂ ਮਹਾਰਾਜ ਗੋਇੰਦਵਾਲ ਸਾਹਿਬ ਠਹਿਰੇ ਹੋਏ ਕਹੇ ਜਾਂਦੇ ਨੇ। ਲੇਕਿਨ ਆਪ ਉਥੇ ਨਹੀਂ ਸੀਗੇ। ਗੱਲ ਬਣਾਈ ਗਈ ਸਾਰੀ ਕਿ ਗੁਰੂ ਮਹਾਰਾਜ ਉਥੇ ਨੇ। ਲੰਗਰ 'ਚੋਂ ਪ੍ਰਸ਼ਾਦਾ ਛਕਾਇਆ। ਉਹਦੀ ਮਦਦ ਕਰੀ। ਪੰਜ ਹਜ਼ਾਰ ਰੁਪਈਆ ਦਿਤਾ ਤੇ ਮੱਥੇ ਤੇ ਟਿਕਾ ਲਾਇਆ। ਪਹਿਲਾਂ ਤਾਂ ਗੁਰੂ ਕਿਸੇ ਦੇ ਮੱਥੇ ਤੇ ਟਿੱਕਾ ਲਾਉਂਦੇ ਹੀ ਨਹੀਂ ਸੀਗੇ, ਕਿੱਡਾ ਵੱਡਾ ਕਿਉਂ ਨਾ ਆ ਜਾਵੇ। ਅਕਬਰ ਦੇ ਨਹੀਂ ਲਾਇਆ। ਹਮਾਯੂੰ ਆਇਆ, ਬਾਬਰ ਆਇਆ ਕਿਸੇ ਦੇ ਨਹੀਂ ਲਾਇਆ। ਸੋ ਇਹ ਗੱਲਾਂ ਬਣਾ ਕੇ ਭੜਕਾ ਦਿਤਾ ਗਿਆ। ਚੰਦੂ ਨਾਲ ਚਲਿਆ ਆ ਰਿਹਾ ਹੈ। ਮਹਾਰਾਜ ਬਾਦਸ਼ਾਹ ਸਲਾਮਤ! ਐਸ ਵੇਲੇ ਜੇ ਖਤਰਾ ਆਪ ਦੇ ਰਾਜ ਨੂੰ ਹੈ, ਤਾਂ ਕੇਵਲ ਅਰਜਨ ਦੇਵ ਜੀ ਤੋਂ ਹੈ। ਜੋ ਗੁਰੂ ਕਹਾਉਂਦੇ ਨੇ ਆਪਣੇ ਆਪ ਨੂੰ, ਉਨ੍ਹਾਂ ਦਾ ਭਰਾ ਵਿਲਕਦਾ ਫਿਰਦਾ ਹੈ। ਉਹ ਮੇਰੇ ਕੋਲ ਕਿੰਨੀ ਵਾਰ ਆਇਆ ਹੈ ਕਿ ਆਪ ਦੇ ਪੇਸ਼ ਕਰਾਂ। ਲੇਕਿਨ ਇਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਿਆ ਪ੍ਰਿਥੀ ਚੰਦ।

ਬੀਬੀ ਕਰਮੋ ਨੇ ਆਪਣੇ ਪੁੱਤਰ ਮਿਹਰਵਾਨ ਨੂੰ ਬੁਲਾਇਆ ਕਹਿੰਦੀ ਮਿਹਰਵਾਨ! ਹੁਣ ਤੂੰ ਚੁੱਪ ਕਰਕੇ ਬਹਿ ਜਾ। ਦੇਖਿਆ, ਨਹੀਂ ਕਿੰਨੀ ਸ਼ਕਤੀ ਹੈ ਉਨ੍ਹਾਂ 'ਚ। ਕਿੰਨੇ ਵਾਰ ਤੇਰੇ ਪਿਤਾ ਜੀ ਨੇ ਕਰੇ, ਸਪੇਰਾ ਮਰਿਆ, ਦਾਈ ਮਰੀ, ਬ੍ਰਾਹਮਣ ਮਰਿਆ, ਸੁਲਹੀਖਾਂ ਮਰਿਆ, ਸੁਲਭੀਖਾਂ ਮਰਿਆ। ਹੋਰ ਵੀ ਜਿਹੜਾ ਗਿਆ, ਮਰਿਆ ਹੀ ਹੈ। ਤੇਰਾ ਪਿਤਾ ਕਹਿੰਦਾ ਰੋਜ਼ ਚਿਤਵੀ ਜਾਂਦਾ ਸੀ, ਬੁਰਿਆਈ, ਉਹ ਵੀ ਜਹਾਂਗੀਰ ਤੱਕ ਜਾ ਨਹੀਂ ਸਕਿਆ, ਰਾਹ 'ਚ ਮਰ ਗਿਆ। ਹੁਣ ਬੇਟਾ, ਜੋ ਕੁਛ ਆਪਣੇ ਕੋਲ ਹੈ ਇਸ ਤੇ ਸਬਰ ਕਰ। ਲੇਕਿਨ ਇਹ ਚੰਦੂ ਨੂੰ ਅੱਗ ਲੱਗੀ ਹੋਈ ਸੀ ਕਿ ਮੇਰੀ ਲੜਕੀ ਦਾ ਸਾਕ ਨਹੀਂ ਲਿਆ, ਮੇਰੀ ਲੜਕੀ ਕੁਆਰੀ ਰਹਿ ਜਾਏਗੀ। ਸੋ ਜਦੋਂ ਜਹਾਂਗੀਰ ਆ ਗਿਆ ਲਾਹੌਰ, ਖੁਸਰੋ ਵੀ ਫੜਿਆ ਗਿਆ, ਉਹਦੇ ਸਾਥੀ ਫੜੇ ਗਏ। ਸਾਥੀ ਜਿਹੜੇ ਜਰਨੈਲ ਸੀ ਉਨ੍ਹਾਂ ਨੂੰ ਗਊ ਦੀ ਖੱਲ੍ਹ ਵਿਚ ਮੜ੍ਹਾ ਕੇ ਧੁੱਪੇ ਰੱਖ ਦਿਤਾ, ਸੁੱਕ ਗਈਆਂ ਖੱਲ੍ਹਾਂ, ਵਿਚ ਹੀ ਮਰ ਗਏ। ਇਹਨੂੰ ਵੀ ਕਤਲ ਕਰ ਦਿਤਾ ਗਿਆ। 700 ਬੰਦੇ ਨੂੰ ਸੂਲੀ ਚਾੜ੍ਹ ਦਿਤਾ ਗਿਆ। ਜਦੋਂ ਇਹ ਚੀਕਾਂ ਮਾਰਦੇ ਸੀ, ਜਹਾਂਗੀਰ ਖੜ੍ਹਾ ਦੇਖਦਾ ਸੀ। ਕਹਿੰਦਾ, ਹੁਣ ਬੁਲਾਓ ਆਪਣੇ ਹਮਾਇਤੀ ਨੂੰ। ਮੇਖਾਂ ਗੱਡਦੇ ਸੀ, ਹੱਥਾਂ ਪੈਰਾਂ 'ਚ। ਸੋ ਇਸ ਤਰ੍ਹਾਂ ਦੀਆਂ ਭਿਆਨਕ ਸਜਾਵਾਂ ਦੇ ਕੇ, 13 ਦਿਨ ਰਹਿ ਗਏ। ਇਨ੍ਹਾਂ ਨੇ ਕਿਹਾ ਕਿ ਗੁਰੂ ਅਰਜਨ ਪਾਤਸ਼ਾਹ ਮਹਾਰਾਜ ਦਾ ਤਾਂ ਨਾਮ ਹੀ ਨਹੀਂ ਲਿਆ। ਐਨੀਆਂ ਗੱਲਾਂ ਕਰੀਆਂ। ਅਖੀਰ ਕਹਿਣ ਲੱਗੇ, ਬਾਦਸ਼ਾਹ ਸਲਾਮਤ! ਅਸਲੀ ਬੰਦਾ ਤਾਂ ਰਹਿ ਹੀ ਗਿਆ। ਉਹ ਹੈ ਅੰਮ੍ਰਿਤਸਰ ਦੇ ਅੰਦਰ, ਰਾਮਦਾਸਪੁਰੇ ਦੇ ਅੰਦਰ। ਅਰਜਨ ਮੱਲ ਉਸ ਨੂੰ ਆਖਦੇ ਨੇ। ਸਿੱਖਾਂ ਦਾ ਗੁਰੂ ਬਣਿਆ ਬੈਠਾ ਹੈ। ਸੋ ਬੜੀਆਂ ਲੂਤੀਆਂ ਲਾਈਆਂ।

ਅਖੀਰ ਉਸ ਨੇ ਭੇਜ ਦਿਤੇ ਸਿਪਾਹੀ ਕਿ ਜਾ ਕੇ ਲੈ ਕੇ ਆਓ। ਮਹਾਰਾਜ ਜੀ ਪਾਸ ਪਹੁੰਚ ਜਾਂਦੇ ਨੇ। ਮਹਾਰਾਜ ਜੀ ਨੇ ਦੇਖ ਲਿਆ, ਆਪਣਾ ਸਮਾਂ ਵਿਚਾਰ ਲਿਆ। ਉਸ ਵੇਲੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਬੁਲਾਇਆ। ਕਹਿਣ ਲੱਗੇ, ਅਸੀਂ ਤਾਂ ਹੁਣ ਲਾਹੌਰ ਜਾਣ ਦੀ ਤਿਆਰੀ ਕਰਨੀ ਹੈ। ਤੁਸੀਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਲੈ ਆਇਓ, ਮੈਂ ਉਨ੍ਹਾਂ ਨੂੰ ਤਿਲਕ ਦੇ ਦੇਵਾਂ, ਗੁਰਿਆਈ ਅਸੀਂ ਉਨ੍ਹਾਂ ਨੂੰ ਸੌਂਪਦੇ ਹਾਂ। ਹੁਣ ਤੁਹਾਡੇ ਤੱਕ ਗੱਲ ਹੈ, ਅਕਾਲ ਪੁਰਖ ਨੂੰ ਭਾਉਂਦਾ ਨਹੀਂ ਕਿ ਅਸੀਂ ਫੇਰ ਵਾਪਸ ਆਈਏ।

ਸੋ ਸੰਗਤ ਬੇਅੰਤ ਇਕੱਠੀ ਹੋ ਗਈ ਗੱਲ ਸੁਣ ਕੇ। ਜਾਣ ਨਹੀਂ ਦੇਣਾ ਚਾਹੁੰਦੇ। ਸੋ ਮਹਾਰਾਜ ਬਚਨ ਕਰਦੇ ਨੇ ਪ੍ਰੇਮੀਓ! ਦੇਖੋ ਗੁਰੂ ਦੇ ਭਾਣੇ ਵਿਚ ਰਹੀਦਾ ਹੁੰਦਾ ਹੈ -

***ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥***
***ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥***
***ਅੰਗ - 601***

ਭਾਣਾ ਮੰਨੋ ਪਿਆਰਿਓ! ਜਿਵੇਂ ਮੇਰੇ ਵਾਹਿਗੁਰੂ ਨੂੰ ਭਾਉਂਦਾ ਹੈ। ਸੋ ਮਹਾਰਾਜ ਜੀ ਨੇ ਅੰਮ੍ਰਿਤ ਵੇਲੇ ਸਾਰੀਆਂ ਸਿੱਖ ਸੰਗਤਾਂ ਨੂੰ ਉਪਦੇਸ਼ ਦਿਤਾ, ਦਿਲਾਸਾ ਦਿਤਾ। ਤੁਸੀਂ ਫਿਕਰ ਨਾ ਕਰੋ। ਦੂਸਰੇ ਦਿਨ ਪਿੱਪਲੀ ਸਾਹਿਬ ਤੱਕ ਸਾਰੀ ਸੰਗਤ ਛੱਡਣ ਆਉਂਦੀ ਹੈ। ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਵੀ ਨੇ। ਆਪ ਨੇ ਆ ਕੇ ਚਰਨਾਂ ਤੇ ਨਮਸਕਾਰ ਕਰੀ। ਬਾਬਾ ਬੁੱਢਾ ਜੀ ਨੇ ਕਰੀ। ਭਾਈ ਗੁਰਦਾਸ ਜੀ ਨੇ ਕਰੀ। ਮਹਾਰਾਜ ਕਹਿਣ ਲੱਗੇ, ਹਰਿਗੋਬਿੰਦ! ਐਹ ਬਾਬਾ ਜੀ ਦਾ ਸਤਿਕਾਰ ਰੱਖਿਓ। ਨੇਤਰਾਂ 'ਚ ਜਲ ਆ ਗਿਆ ਕਿ ਪਿਤਾ ਜੀ, ਜਾ ਰਹੇ ਨੇ। ਹੁਣ ਕਿਵੇਂ ਹੋਏਗਾ?

***ਨਦੀਆ ਵਾਹ ਵਿਛੰਨਿਆ ਮੇਲਾ ਸੰਜੋਗੀ ਰਾਮ॥***
***ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ॥***
***ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ॥***
***ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ॥***
***ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ॥***
***ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ॥***

***ਅੰਗ - 439***

ਕਹਿਣ ਲੱਗੇ, ਭਰੋਸਾ ਰੱਖਣਾ ਵਾਹਿਗੁਰੂ ਤੇ। ਉਪਦੇਸ਼ ਦਿਤੇ। ਬੜੀ ਦੂਰ ਜਾ ਕੇ ਆਪ ਨੇ ਫੇਰ ਪਿਛੇ ਮੁੜ ਕੇ ਦੇਖਿਆ। ਪੰਜ ਸਿੰਘ ਨਾਲ ਲੈ ਲਏ। ਭਾਈ ਪ੍ਰਾਣਾ ਹੈ, ਭਾਈ ਜੇਠਾ ਹੈ, ਭਾਈ ਬਿਧੀ ਚੰਦ ਹੈ, ਦੋ ਹੋਰ ਗੁਰਸਿੱਖ। ਸੋ ਆਪ ਲਾਹੌਰ ਦੇ ਰਸਤੇ ਪੈ ਗਏ। ਗੁਰਸਿੱਖ ਮੁੜ-ਮੁੜ ਦੇਖਦੇ ਜਾਂਦੇ ਨੇ। ਬੜਾ ਕੁਛ ਹੈ ਮਨ ਦੇ ਅੰਦਰ ਕਿ ਮਹਾਰਾਜ ਨੇ ਐਸੇ ਬਚਨ ਕਿਉਂ ਕਰ ਦਿਤੇ। ਅੱਗੇ ਵੀ ਜਾਂਦੇ ਨੇ, ਕਦੇ ਐਸਾ ਬਚਨ ਤਾਂ ਕਰਿਆ ਨਹੀਂ। ਸੋ ਅੱਜ ਧਰਮਸਾਲਾ ਨਹੀਂ ਗਏ। ਸਿੱਧੇ ਅਰਥਮੱਲ ਦੇ ਚਲੇ ਗਏ। ਉਥੇ ਜਾ ਕੇ ਉਹ ਇੰਤਜ਼ਾਰ ਕਰਦਾ ਹੈ, ਤੁਸੀਂ ਤਾਂ ਅੰਤਰਜਾਮੀ ਹੋਂ, ਘਟ-ਘਟ ਦੇ ਜਾਨਣਹਾਰ ਹੋ। ਮੈਂ ਤਾਂ ਕਈ ਦਿਨਾਂ ਤੋਂ ਦਿਨ ਰਾਤ ਆਪ ਦੀ ਯਾਦ ਵਿਚ ਮੱਛੀ ਵਾਂਗੂੰ ਤੜਫਦਾ ਸੀ। ਮਹਾਰਾਜ ਜੀ ਰਾਤ ਰਹੇ, ਕਹਿਣ ਲੱਗੇ, ਅਰਥਮੱਲ! ਅਸੀਂ ਹੁਣ ਸਰੀਰ ਇਥੇ ਛੱਡ ਦੇਣਾ ਹੈ। ਕਹਿੰਦਾ ਸੱਚੇ ਪਾਤਸ਼ਾਹ! ਐਸਾ ਭਾਣਾ ਵਰਤਾਉਣ ਆਏ ਓਂ। ਕਹਿੰਦੇ ਹਾਂ, ਅਗੰਮ ਵਾਚ ਲਿਆ ਅਸੀਂ। ਸਾਨੂੰ ਸਰੀਰ ਇਥੇ ਛੱਡਣਾ ਪੈਣਾ ਹੈ। ਸੋ ਉਸ ਵੇਲੇ ਉਸ ਨੇ ਬੜਾ ਵੈਰਾਗ ਕਰਿਆ।

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥***

***ਅੰਗ - 83***

ਪਾਤਸ਼ਾਹ! ਕਿਵੇਂ ਜੀਵਾਂਗਾ ਮੈਂ। ਮੈਂ ਨਹੀਂ ਜੀਉਂ ਸਕਦਾ। ਮਹਾਰਾਜ ਕਹਿੰਦੇ ਕੋਈ ਨਾ, ਅੱਜ ਤੋਂ 40ਵੇਂ ਦਿਨ ਤੂੰ ਸਾਡੇ ਕੋਲ ਹੀ ਆ ਜਾਣਾ ਹੈ। 40 ਦਿਨ ਇੰਤਜ਼ਾਰ ਕਰ ਲਈਂ। ਅਸੀਂ ਵੀ ਇਥੇ ਚਾਰ-ਪੰਜ ਦਿਨ ਰਹਿਣਾ ਹੈ। ਫੇਰ ਤਾਂ ਮਗਰੋਂ ਸਾਡੇ ਥੋੜ੍ਹੇ ਹੀ ਦਿਨ ਰਹਿ ਗਏ, 35 ਦਿਨ ਰਹਿ ਗਏ। ਐਉਂ ਨਾ ਕਰੀਂ, ਕਾਹਲੀ ਨਹੀਂ ਕਰੀਦੀ ਹੁੰਦੀ, ਸਮੇਂ ਸਿਰ ਜਿਹੜਾ ਫਲ ਪੱਕਦਾ ਹੈ, ਉਹ ਮਿੱਠਾ ਹੁੰਦਾ ਹੈ। ਕੱਚਾ ਫਲ ਨਹੀਂ ਤੋੜੀਦਾ। ਭਾਣਾ ਮੰਨ ਪ੍ਰੇਮੀਆ।

ਸੋ ਉਸ ਵੇਲੇ ਦੂਸਰੇ ਦਿਨ ਮਹਾਰਾਜ ਜੀ ਦਰਬਾਰ 'ਚ ਬੁਲਾਏ ਜਾਂਦੇ ਨੇ। ਜਹਾਂਗੀਰ ਨੇ ਤਿੰਨ ਚਾਰ ਸਵਾਲ ਕਰੇ। ਕਹਿਣ ਲੱਗਿਆ, ਇਕ ਤਾਂ ਤੁਸੀਂ ਗ੍ਰੰਥ ਰਚਿਆ ਹੈ। ਉਹਦੇ ਵਿਚ ਤੁਸੀਂ ਹਿੰਦੂਆਂ ਦੀ, ਮੁਸਲਮਾਨਾਂ ਦੀ, ਪੈਗੰਬਰਾਂ ਦੀ ਨਖੇਧੀ ਕਰੀ ਹੈ। ਦੂਸਰੀ ਇਹ ਹੈ ਕਿ ਤੁਸੀਂ ਚੋਰ ਚਕਾਰ ਬਹੁਤ ਰਖਦੇ ਓਂ। ਤੀਸਰਾ ਇਹ ਹੈ ਕਿ ਤੁਸੀਂ ਬਾਗੀ ਨੂੰ ਮਦਦ ਦਿਤੀ। ਟਿੱਕਾ ਲਾਇਆ ਹੈ, ਉਹਨੂੰ ਰੋਟੀ ਦਿਤੀ ਹੈ ਤੇ ਦੋ ਦਿਨ ਆਪਣੇ ਕੋਲ ਠਹਿਰਾਇਆ ਹੈ। ਚੌਥੀ ਗੱਲ ਇਹ ਹੈ ਕਿ ਤੁਸੀਂ ਹਿੰਦੂ ਦੇ ਵੀ ਵੈਰੀ ਤੇ ਮੁਸਲਮਾਨ ਦੇ ਵੈਰੀ। ਮਹਾਰਾਜ ਕਹਿੰਦੇ, ਜਹਾਂਗੀਰ ਬਾਦਸ਼ਾਹ! ਗੁਰੂ ਨਾਨਕ ਦਾ ਘਰ ਨਾ ਕਿਸੇ ਦਾ ਦੋਖੀ ਹੈ, ਸਭ ਦਾ ਮਿੱਤਰ ਹੈ।

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥***
***ਲੋਗਾ ਭਰਮਿ ਨ ਭੂਲਹੁ ਭਾਈ॥***
***ਖਾਲਿਕੁ ਖਲਕ ਖਲਕ ਮਹਿ ਖਾਲਿਕੁ***
***ਪੂਰਿ ਰਹਿਓ ਸ੍ਰਬ ਠਾਂਈ॥*** ***ਅੰਗ - 1350***

ਸਾਡਾ ਤਾਂ ਨਿਹਚਾ ਇਹ ਹੈ ਕਿ ਬਨੀ-ਨੋ ਇਨਸਾਨ ਜਿਹੜਾ ਹੈ ਉਹ ਸਭ ਇਕ ਹੈ ਦੋ ਨਹੀਂ ਹਨ। ਨੇਕ ਅਮਲਾਂ ਵਾਲਾ ਜੋ ਹੈ ਉਹ ਪਾਰ ਹੋ ਜਾਂਦਾ ਹੈ, ਜਿਹੜਾ ਬਦਅਮਲ ਕਰਦਾ ਹੈ ਉਹ ਕੁਫਰ ਕਰਦਾ ਹੈ ਤੇ ਉਹਨੂੰ ਦੋਜ਼ਕ ਵਿਚ ਜਾਣਾ ਪੈਂਦਾ ਹੈ। ਅੱਲਾਹ ਤਾਲਾ ਦੀ ਅਸੀਂ ਭਗਤੀ ਸਿਖਾਉਂਦੇ ਹਾਂ, ਪਿਆਰ ਸਿਖਾਉਂਦੇ ਹਾਂ, ਸਾਰੀ ਖਲਕਤ ਦੇ ਨਾਲ ਅਸੀਂ ਪਿਆਰ ਕਰਦੇ ਹਾਂ। ਅਸੀਂ ਹਿਰਦੇ ਤੋਂ ਕਹਿੰਦੇ ਹਾਂ ਕਿ ਇਹ ਜਿੰਨੀ ਖਲਕਤ ਨਜ਼ਰ ਆਉਂਦੀ ਹੈ, ਜਿੰਨੀ ਦੁਨੀਆਂ ਨਜ਼ਰ ਆਉਂਦੀ ਹੈ ਇਹ ਸਾਰੀ ਪ੍ਰਮੇਸ਼ਰ ਦਾ ਨੂਰ ਹੈ।

ਬਾਦਸ਼ਾਹ! ਗੁਰੂ ਨਾਨਕ ਦਾ ਇਹ ਮਤ ਹੈ ਕਿ ਸਾਰੀ ਸ੍ਰਿਸ਼ਟੀ ਅੱਲਾਹ ਦਾ ਨੂਰ ਹੈ। ਅਸੀਂ ਕਿਸੇ ਦੀ ਵਿਰੋਧਤਾ ਨਹੀਂ ਕਰਦੇ। ਜੇ ਅਸੀਂ ਕਰਦੇ ਹਾਂ ਨਮਾਜ਼ ਪੜ੍ਹਨ ਵਾਲੇ ਨੂੰ ਇਹ ਨਹੀਂ ਕਹਿੰਦੇ ਕਿ ਨਮਾਜ਼ ਨਾ ਪੜ੍ਹੇ। ਅਸੀਂ ਕਹਿੰਦੇ ਹਾਂ -

***ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥***
***ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥***
***ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥***

***ਅੰਗ - 141***

ਅਸੀਂ ਤਾਂ ਇਹ ਦਸਦੇ ਹਾਂ ਕਿ ਐਉਂ ਮਨ ਨੂੰ ਇਕਾਗਰ ਕਰਕੇ ਨਮਾਜ਼ ਪੜ੍ਹ। ਇਸੇ ਤਰ੍ਹਾਂ ਹਿੰਦੂ ਨੂੰ ਕਹਿੰਦੇ ਹਾਂ ਕਿ ਜੇ ਤੀਰਥ ਜਾਂਦਾ ਹੈ -

*ਤੀਰਥਿ ਨਾਵਾ ਜੇ ਤਿਸੁ ਭਾਵਾ*
*ਵਿਣੁ ਭਾਣੇ ਕਿ ਨਾਇ ਕਰੀ॥* *ਅੰਗ - 6*

ਪ੍ਰਮੇਸ਼ਰ ਨੂੰ ਭਾਅ ਕੇ ਤੀਰਥਾਂ ਦਾ ਇਸ਼ਨਾਨ ਕਰੋ। ਸੋ ਅਸੀਂ ਕਿਸੇ ਦੀ ਵਿਰੋਧਤਾ ਨਹੀਂ ਕਰਦੇ। ਤੁਹਾਨੂੰ ਕਿਸੇ ਨੇ ਐਵੇਂ ਗੱਲਾਂ-ਬਾਤਾਂ ਲਾਈਆਂ ਨੇ। ਬਹੁਤ ਵਾਰੀ ਪਹਿਲਾਂ ਵੀ ਪੁੱਛ-ਪੁਛਾਕਾ ਹੋ ਚੁੱਕਿਆ ਹੈ। ਰਿਪੋਰਟਾਂ ਤੁਹਾਡੇ ਦਫਤਰਾਂ 'ਚ ਨੇ। ਬਾਕੀ ਜਿਹੜਾ ਤੁਸੀਂ ਗ੍ਰੰਥ ਨੂੰ ਕਹਿੰਦੇ ਓਂ, ਉਹ ਤਾਂ ਆਪ ਜੀ ਦੇ ਪਿਤਾ ਨੇ ਚੰਗੀ ਤਰ੍ਹਾਂ ਗੁਰਦਾਸਪੁਰ ਇਥੇ, ਬਟਾਲੇ ਦੇ ਪਾਸ, ਉਨ੍ਹਾਂ ਨੇ ਸਾਰਾ ਚੰਗੀ ਤਰ੍ਹਾਂ ਹੱਥ ਰੱਖ-ਰੱਖ ਕੇ ਸੁਣਿਆ ਹੈ। ਅਖੀਰ ਉਨ੍ਹਾਂ ਨੇ ਨਮਸਕਾਰ ਕਰੀ। ਸਿਰੋਪਾਓ ਭੇਂਟ ਕਰਿਆ, ਮੋਹਰਾਂ ਭੇਟ ਕਰੀਆਂ। ਉਨ੍ਹਾਂ ਵਿਚ ਤਾਂ ਕਿਸੇ ਬਾਰੇ ਬੁਰਾ ਲਿਖਿਆ ਨਹੀਂ। ਕਹਿਣ ਲੱਗਿਆ, ਜੇ ਬੁਰਾ ਨਹੀਂ ਲਿਖਿਆ ਤਾਂ ਮੁਹੰਮਦ ਸਾਹਿਬ ਦੀ ਵਡਿਆਈ ਲਿਖ ਦਿਓ। ਉਹ ਕਹਿਣ ਲੱਗੇ, ਇਹ ਕਿਸੇ ਦਾ ਆਪਣਾ ਨਹੀਂ। ਇਹ ਤਾਂ ਧੁਰ ਦਰਗਾਹ ਦਾ ਅਲਹਾਮ ਹੈ, ਜੈਸਾ ਅਲਹਾਮ ਆਇਆ ਉਹ ਲਿਖ ਦਿਤਾ। ਤੀਸਰਾ ਆਪ ਦੇ ਸਾਹਿਬਜ਼ਾਦੇ ਨੂੰ ਮਦਦ ਦੇਣ ਦਾ ਸਵਾਲ, ਅਸੀਂ ਤਾਂ ਉਥੇ ਹੈ ਹੀ ਨਹੀਂ ਸੀ। ਇਹ ਤਾਂ ਤੁਹਾਨੂੰ ਐਵੇਂ ਐਨੀ ਦੇਰ ਤੋਂ ਬਾਅਦ ਇਹ ਗੱਲ ਕਹਿ ਦਿਤੀ ਹੈ। ਬਾਕੀ ਕਿਸੇ ਡਾਕੂ ਨੂੰ ਨਹੀਂ ਰਖਦੇ, ਸਾਡੇ ਕੋਲ ਤਾਂ ਸਾਰੇ ਸਾਧੂ ਨੇ, ਬੰਦਗੀ ਕਰਦੇ ਨੇ, ਅੰਮ੍ਰਿਤ ਵੇਲੇ ਜਾਗਦੇ ਨੇ। ਕਿਸੇ ਦਾ ਬੁਰਾ ਨਹੀਂ ਕਰਦੇ, ਸੰਸਾਰ ਦਾ ਭਲਾ ਕਰਦੇ ਨੇ। ਜਦੋਂ ਲਾਹੌਰ ਦੇ ਅੰਦਰ ਕਾਲ ਪਿਆ, ਇਹ ਲੋਥਾਂ ਨਾਲ ਭਰ ਗਿਆ ਸੀ। ਉਹ ਸਾਡੇ ਹੀ ਗੁਰਸਿੱਖ ਸੀ, ਜਿਹੜੇ ਲੋਥਾਂ ਨੂੰ ਚੁੱਕ-ਚੁੱਕ ਕੇ ਸਸਕਾਰ ਕਰਨ ਵਾਲੇ ਦਾ ਸਸਕਾਰ ਕਰਦੇ ਸੀ, ਦਬਾਉਣ ਵਾਲੇ ਨੂੰ ਦਬਦੇ ਸੀ। ਜਦੋਂ ਕਾਲ ਪਿਆ, ਉਸ ਵੇਲੇ ਸਾਡੇ ਹੀ ਗੁਰਸਿੱਖ ਸੀ ਜਿਹੜੇ ਪਿੰਡਾਂ ਵਿਚ ਜਾ ਕੇ ਤਕੜੇ ਗੁਰਸਿੱਖ ਨੂੰ ਕਹਿੰਦੇ ਸੀ ਦਾਣੇ ਦੇ ਦਿਓ। ਮਾੜਿਆਂ ਨੂੰ ਕਹਿੰਦੇ ਸੀ ਦੇ ਦਿਓ, ਵੰਡ ਕੇ ਖਾ ਲਓ। ਮਰਨ ਤੋਂ ਬਚਾਏ, ਇਹਦੇ ਵਿਚ ਲਿਹਾਜ਼ ਨਹੀਂ ਕਰਿਆ, ਨਾ ਹਿੰਦੂ ਦਾ, ਮੁਸਲਮਾਨ ਦਾ, ਨਾ ਸਿੱਖ ਦਾ। ਸਾਰੀ ਜਨਤਾ ਨੂੰ ਅਸੀਂ ਇਕ ਨਜ਼ਰ ਨਾਲ ਦੇਖਦੇ ਸੀ।

ਕਿਉਂਕਿ ਜਹਾਂਗੀਰ ਨੂੰ ਭਖਾਇਆ ਹੋਇਆ ਸੀ। ਆਪਣੇ ਹੱਥ ਨਾਲ ਤਾਉਜ਼ਕ-ਏ-ਜਹਾਂਗੀਰੀ 'ਚ ਲਿਖ ਦਿਤਾ ਸੀ ਇਹਨੇ। ਅਖੀਰ ਇਹ ਕਹਿਣ ਲੱਗਿਆ ਕਿ ਮੈਂ ਨਹੀਂ ਜਾਣ ਦੇਣਾ। ਮੇਰੇ ਕੋਲ ਸਮਾਂ ਨਹੀਂ ਹੈ ਹੁਣ ਤੈਕੀਕਾਤ ਕਰਨ ਦਾ। ਢਾਈ ਲੱਖ ਆਪ ਨੂੰ ਜੁਰਮਾਨਾ। ਇਹ ਭਰੋ। ਨਹੀਂ ਸਜ਼ਾਇ ਮੌਤ ਹੋਏਗੀ। ਨਹੀਂ ਦੀਨ-ਏ-ਇਸਲਾਮ ਕਬੂਲ ਕਰ ਲਓ। ਮਹਾਰਾਜ ਕਹਿੰਦੇ ਠੀਕ ਹੈ, ਮਾਰਨ ਜੀਵਾਲਣ ਵਾਲਾ ਤਾਂ ਪ੍ਰਭੂ ਹੈ। ਜੇ ਉਹਨੂੰ ਭਾਉਂਦਾ ਹੈ ਤਾਂ ਮਾਰੇਗਾ। ਜੇ ਉਹਨੂੰ ਨਹੀਂ ਭਾਉਂਦਾ ਤਾਂ ਨਹੀਂ ਮਾਰੇਗਾ। ਐਨਾ ਕਹਿ ਕੇ ਚਲੇ ਗਏ। ਚੰਦੂ ਕੋਲ ਸੀ ਕਹਿਣ ਲੱਗਿਆ, ਬਾਦਸ਼ਾਹ ਸਲਾਮਤ! ਜੇ ਆਗਿਆ ਹੋਵੇ ਤਾਂ ਮੈਂ ਦੋ ਚਾਰ ਦਿਨ ਠਹਿਰ ਜਾਵਾਂ। ਮੈਂ ਤੁਹਾਨੂੰ ਛੇਤੀ ਮਿਲਾਂਗਾ। ਮੈਂ ਇਸ ਤੋਂ ਜੁਰਮਾਨਾ ਲਵਾਂਗਾ, ਐਸ ਤਰ੍ਹਾਂ ਨਹੀਂ ਇਹਨੇ ਦੇਣਾ, ਮੈਂ ਜਾਣਦਾ ਹਾਂ। ਸਾਡੇ ਖਤਰੀ ਭਰਾ ਨੇ, ਅਸੀਂ ਜਾਣਦੇ ਹਾਂ ਕਿ ਪੈਸਾ ਕਿਵੇਂ ਕੱਢੀਦਾ ਹੁੰਦਾ ਹੈ। ਤੁਸੀਂ ਮੇਰੇ ਹਵਾਲੇ ਕਰ ਦਿਓ ਤੇ ਮੈਂ ਪੰਜ ਚਾਰ ਦਿਨ 'ਚ ਆਇਆ ਸਮਝੋ।

ਛੁੱਟੀ ਮਿਲ ਗਈ। ਲਾਲ ਹਵੇਲੀ ਸੀ ਜਿਥੇ ਜਾ ਕੇ ਮਹਾਰਾਜ ਜੀ ਨੂੰ ਕੈਦ ਕੀਤਾ, ਪੰਜਾਂ ਸਿੰਘਾਂ ਸਮੇਤ। ਪੰਜ ਸਿੰਘ ਪਹਿਲੇ ਕਮਰੇ 'ਚ ਬੰਦ ਕਰ ਦਿਤੇ। ਅੱਗੇ ਮਹਾਰਾਜ ਜੀ ਨੂੰ ਜਾ ਕੇ ਥੱਲੇ ਬਿਠਾ ਦਿਤਾ। ਪ੍ਰਸੰਨ ਚਿੱਤ ਨੇ, ਕੋਈ ਦਿਲ ਦੇ ਅੰਦਰ ਸ਼ਿਕਵਾ ਨਹੀਂ ਹੈ। ਅਕਾਲ ਪੁਰਖ ਦਾ ਧੰਨਵਾਦ ਕਰਦੇ ਨੇ। ਪਾਤਸ਼ਾਹ! ਜਿਥੇ ਬਿਠਾਉਂਦਾ ਹੈਂ ਉਹੀ ਸਵਰਗ ਹੈ –

*ਜਹ ਬੈਸਾਲਹਿ ਤਹ ਬੈਸਾ ਸੁਆਮੀ*
*ਜਹ ਭੇਜਹਿ ਤਹ ਜਾਵਾ॥*
*ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਰਿ ਥਾਵਾ॥*
*ਅੰਗ - 993*

ਤੇਰੀਆਂ ਥਾਵਾਂ ਸਾਰੀਆਂ ਪਵਿੱਤਰ ਨੇ। ਸੋ ਉਸ ਵੇਲੇ ਚੰਦੂ ਆ ਜਾਂਦਾ ਹੈ ਤੇ ਕਹਿੰਦਾ ਆ ਕੇ ਮਹਾਰਾਜ ਜੀ ਨੂੰ ਕਿ ਹੁਣ ਤੈਨੂੰ ਪਤਾ ਹੈ ਕਿ ਤੂੰ ਕੀਹਦੇ ਹੱਥ ਵਿਚ ਹੈਂ। ਅੱਜ ਤੱਕ ਤਾਂ ਬਚੀ ਗਿਆ, ਹੁਣ ਨਹੀਂ ਮੈਂ ਜਾਣ ਦੇਣਾ। ਹੁਣ ਤਾਂ ਜੇ ਛੁਟਣਾ ਹੈ ਤਾਂ ਮੇਰੀ ਲੜਕੀ ਦਾ ਰਿਸ਼ਤਾ ਕਬੂਲ ਕਰ ਲੈ।

ਮਹਾਰਾਜ ਕਹਿੰਦੇ ਕਿਉਂ ਇਸ ਤਰ੍ਹਾਂ ਦੇ ਡਰਾਵੇ ਦਿੰਦਾ ਹੈਂ। ਇਹ ਜਿਹੜੀ ਮੌਤ ਦਾ ਤੂੰ ਡਰਾਵਾ ਦਿੰਦਾ ਹੈਂ, ਇਹ ਸੰਤਾਂ ਲਈ ਕੋਈ ਮਾਇਨੇ ਨਹੀਂ ਰੱਖਦੀ।

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*
*ਅੰਗ - 1365*

ਕਹਿਣ ਲੱਗੇ, ਮੌਤ ਦੀ ਧਮਕੀ ਦੇ ਨਾਲ ਡਰਾਉਣਾ ਚਾਹੁੰਦੈ? ਮੌਤ ਹਿਯਾਤ ਹੈ, ਤੂੰ ਜੋ ਕੁਛ ਕਰਨਾ ਹੈ ਕਰ ਲੈ। ਠੀਕ ਹੈ ਇਹ ਤੇਰੀ ਗੱਲ ਸਾਨੂੰ ਕੋਈ ਵੀ ਪਰਵਾਨ ਨਹੀਂ, ਨਾ ਰਿਸ਼ਤਾ ਲੈਣਾ ਹੈ, ਤੂੰ ਉਚਾ ਬਣਿਆ ਸੀ। ਕਹਿੰਦਾ ਤੁਸੀਂ ਮੈਨੂੰ ਕੁੱਤਾ ਕਿਹਾ ਸੀ, ਆਪੇ ਹੀ ਕਹਿਣ ਲਗ ਗਿਆ। ਮਹਾਰਾਜ ਕਹਿੰਦੇ, ਅਸੀਂ ਤਾਂ ਨਹੀਂ ਕਿਹਾ ਹੈ, ਐਹੋ ਜਿਹੇ ਫਿੱਕੇ ਬੋਲ ਅਸੀਂ ਨਹੀਂ ਬੋਲਦੇ। ਹਾਂ ਜੇ ਕਿਸੇ ਗੁਰਸਿੱਖ ਨੇ ਕਹਿ ਦਿਤਾ ਹੋਵੇ। ਜੇ ਸਿੱਖ ਨੇ ਕਿਹਾ ਹੈ ਤਾਂ ਸਿੱਖ ਦਾ ਤੇ ਗੁਰੂ ਦਾ ਕੋਈ ਭੇਤ ਨਹੀਂ ਹੁੰਦਾ। ਫੇਰ ਸਮਝ ਲੈ ਕਿ ਅਸੀਂ ਹੀ ਕਿਹਾ ਹੈ। ਤੇਰੇ ਕੰਮ ਵੀ ਇਹੋ ਜਿਹੇ ਹੀ ਨੇ। ਤਲਮਮਿਲਾ ਗਿਆ। ਕਹਿਣ ਲੱਗਿਆ, ਅਜੇ ਮੌਕਾ ਹੈ,

ਪਤਾ ਨਹੀਂ ਤੁਹਾਨੂੰ ਮੈਂ ਕੀ ਕਰਨਾ ਹੈ।

ਉਸ ਵੇਲੇ ਹੁਕਮ ਕਰ ਦਿਤਾ ਕਿ ਨਾ ਇਨ੍ਹਾਂ ਨੂੰ ਪਾਣੀ ਦੇਣਾ ਹੈ, ਨਾ ਰੋਟੀ ਦੇਣੀ ਹੈ, ਨਾ ਬੈਠਣ ਦੇਣਾ ਹੈ, ਖੜ੍ਹੇ ਰੱਖਣਾ ਹੈ। ਜੇ ਕਹੇ ਕਿ ਪਾਣੀ ਲੈਣਾ ਹੈ ਤਾਂ ਇਕ ਲੱਖ ਰੁਪਏ ਦਾ ਪਾਣੀ ਦਾ ਗਿਲਾਸ ਦੇਣਾ ਹੈ। ਜੇ ਇਹ ਕਹਿਣ ਕਿ ਮੈਨੂੰ ਭੁੱਖ ਲੱਗੀ ਹੋਈ ਹੈ ਤਾਂ ਇਕ ਲੱਖ ਰੁਪਿਆ ਲੈ ਕੇ ਰੋਟੀ ਦਿਓ। ਜੇ ਕਹਿਣ ਕਿ ਮੈਂ ਲੇਟਣਾ ਹੈ ਤਾਂ ਇਕ ਲੱਖ ਰੁਪਿਆ ਲੇਟਣ ਦਾ। ਪੰਜੋ ਗੁਰਸਿੱਖ ਦੇਖਦੇ ਨੇ। ਸਾਰੀ ਰਾਤ ਮਹਾਰਾਜ ਨੇ ਤਕਲੀਫ ਦੀ ਕੱਟੀ।

ਦੂਸਰੇ ਦਿਨ ਫੇਰ ਆ ਗਿਆ। ਫੇਰ ਆ ਕੇ ਕਹਿਣ ਲੱਗਿਆ ਕਿ ਕੁਛ ਸੋਚਿਆ? ਮਹਾਰਾਜ ਕਹਿੰਦੇ, ਕੀ ਸੋਚਣਾ ਸੀ, ਸੋਚੀ ਹੋਈ ਹੈ ਜਿਹੜੀ ਗੱਲ ਅਸੀਂ ਸੋਚਣੀ ਸੀ। ਤੈਨੂੰ ਇਕ ਵਾਰ ਕਹਿ ਦਿਤਾ, ਬਾਰ-ਬਾਰ ਤੂੰ ਕਿਉਂ ਕਰੀ ਜਾਂਦਾ ਹੈਂ ਗੱਲਾਂ। ਡਰਦੇ ਨਹੀਂ ਹੈ –

***ਸੋ ਡਰੈ ਜਿ ਪਾਪ ਕਮਾਵਦਾ॥ ਅੰਗ - 84***

ਡਰਦਾ ਸੰਸਾਰ ਹੁੰਦਾ ਹੈ, ਸਤਿਪੁਰਸ਼ਾਂ ਨੂੰ ਕਿਸੇ ਦਾ ਡਰ ਨਹੀਂ ਹੁੰਦਾ, ਕਿਉਂਕਿ ਨਿਰਭਉ ਦੀ ਪੂਜਾ ਕਰਕੇ ਨਿਰਭਉ ਹੋ ਗਏ ਹੁੰਦੇ ਨੇ। ਮੌਤ ਉਨ੍ਹਾਂ ਵਾਸਤੇ ਕੋਈ ਚੀਜ਼ ਨਹੀਂ ਹੁੰਦੀ, ਮਰਦਾ ਸੰਸਾਰ ਹੈ। ਸਤਿਪੁਰਸ਼ ਨਹੀਂ ਮਰਿਆ ਕਰਦੇ। ਉਹ ਤਾਂ ਸਦਾ-ਸਦਾ ਜੀਵਨ ਪ੍ਰਾਪਤ ਕਰਕੇ ਜੀਉਂਦੇ ਰਹਿੰਦੇ ਹਨ।

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥***

***ਅੰਗ - 273***

ਮੌਤ ਦਾ ਡਰ ਕਿਸੇ ਹੋਰ ਨੂੰ ਦੇਈਂ। ਤੂੰ ਜਿਹੜਾ ਤੇਰੇ ਚਿੱਤ ਵਿਚ ਆਉਂਦਾ ਹੈ ਕਰ ਲੈ।

ਕਹਿਣ ਲੱਗਿਆ, ਠੀਕ ਹੈ। ਉਸ ਵੇਲੇ ਦੇਗਾ ਮੰਗਾ ਲਿਆ ਵੱਡਾ, ਪਾਣੀ ਉਬਾਲਣਾ ਸ਼ੁਰੂ ਕਰ ਦਿਤਾ। ਪਾਣੀ ਜਦੋਂ ਤੇਜ਼ ਉਬਲ ਗਿਆ ਤਾਂ ਕਹਿੰਦਾ ਦੇਖ ਲਓ ਇਹਦੇ ਵਿਚ ਉਬਾਲਾਂਗਾ, ਅਜੇ ਵੀ ਮੰਨ ਜਾਓ।

ਮਹਾਰਾਜ ਕਹਿੰਦੇ, ਜੋ ਕੁਛ ਕਰਨਾ ਹੈ ਕਰ ਲੈ।

ਅਖੀਰ ਕਹਿਣ ਲੱਗਿਆ ਕਿ ਇਹਦੇ ਵਿਚ ਬਹਿ ਜਾਓ। ਮਹਾਰਾਜ ਜੀ ਸਤਿਨਾਮ-ਵਾਹਿਗੁਰੂ ਕਹਿ ਕੇ ਬੈਠ ਗਏ। ਮੂਲਮੰਤ੍ਰ ਦਾ ਪਾਠ ਕਰਿਆ –

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। ਜਪੁ। ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਐਨਾ ਕਹਿ ਕੇ ਐਉਂ ਬੈਠ ਗਏ ਜਿਵੇਂ ਸੀਤਲ ਜਲ 'ਚ ਬੈਠ ਜਾਈਦੈ। ਅਸਮਾਨ ਕੰਬ ਗਿਆ ਸਾਰਾ ਸਾਧਸੰਗਤ ਜੀ। ਦੇਵੀ ਦੇਵਤੇ ਹਾਜ਼ਰ ਹੋ ਗਏ, ਪਾਤਸ਼ਾਹ! ਐਡੇ ਸਮਰੱਥ ਹੋ ਕੇ, ਸਾਰੀ ਸ੍ਰਿਸ਼ਟੀ ਨੂੰ ਇਕ ਨਿਗ੍ਹਾ ਦੇ ਨਾਲ ਖਤਮ ਕਰ ਦੇਵੋ। ਤੁਸੀਂ ਆਪ ਐਨੀਆਂ ਤਕਲੀਫਾਂ ਸਹਿ ਰਹੇ ਓਂ। ਕ੍ਰਿਪਾ ਕਰੋ। ਸੋ ਇਹ ਸਬਰ ਹੁੰਦਾ ਹੈ ਸਾਧਸੰਗਤ ਜੀ, ਜਿਸ ਨੂੰ ਇਸ ਫੁਰਮਾਨ ਕਰਦੇ ਨੇ –

***ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥***
***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥***

***ਅੰਗ - 1381***

ਕੋਈ ਟਾਹਣੇ ਭੰਨੀ ਜਾਂਦਾ ਹੈ, ਕੋਈ ਇੱਟਾਂ ਮਾਰੀ ਜਾਂਦਾ ਹੈ, ਪਰ ਰੁੱਖ ਫੇਰ ਵੀ ਫਲ ਸਿੱਟ ਦਿੰਦੇ ਨੇ। ਐਹੋ ਜਿਹਾ ਜਿਗਰਾ ਕਹਿੰਦੇ ਦਰਵੇਸ਼ ਨੂੰ ਚਾਹੀਦਾ ਹੈ। ਕਿਉਂਕਿ ਸਬਰ ਤੋਂ ਬਿਨਾਂ ਦਰਵੇਸ਼ ਦਾ ਕੰਮ ਨਹੀਂ ਚੱਲਿਆ ਕਰਦਾ।

ਸੋ ਓਧਰਲੇ ਪਾਸੇ ਭਾਈ ਪ੍ਰਾਣਾ ਦੇਖ ਰਿਹਾ ਹੈ, ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਹੁਕਮ ਦਿਓ। ਦੋਹਾਂ ਬਾਹਾਂ ਚੁੱਕ ਲਈਆਂ ਕਹਿਣ ਲੱਗਿਆ, ਇਕ ਵਾਰੀ 'ਚ ਹੀ ਲਾਹੌਰ ਤੇ ਦਿੱਲੀ ਗਰਕ ਹੋ ਜਾਏਗੀ। ਮਹਾਰਾਜ ਕਹਿੰਦੇ ਭਾਈ ਪ੍ਰਾਣਾ ਇਹ ਸ਼ਕਤੀ ਨੂੰ ਜਰ। ਕਿਥੋਂ ਮਿਲੀ ਹੈ ਤੈਨੂੰ? ਸਾਧਸੰਗਤ ਦੀ ਸੇਵਾ 'ਚੋਂ ਮਿਲੀ ਹੈ, ਗੁਰੂਆਂ ਦੀ ਸੇਵਾ 'ਚੋਂ ਮਿਲੀ ਹੈ, ਜਿਹਨੂੰ ਤੂੰ ਕਹਿ ਰਿਹਾ ਹੈਂ ਉਹਦੇ ਵਿਚ ਕਿੰਨੀ ਸ਼ਕਤੀ ਹੋਏਗੀ। ਜਰ, ਜਰਨਾ ਹੀ ਵੱਡੀ ਸ਼ਕਤੀ ਹੈ।

ਕਹਿਣ ਲੱਗਿਆ, ਪਾਤਸ਼ਾਹ! ਮੈਂ ਸਹਿ ਨਹੀਂ ਸਕਦਾ। ਮੇਰੇ ਤੋਂ ਦੇਖ ਨਹੀਂ ਹੁੰਦਾ। ਤੁਸੀਂ ਐਸਾ ਭਾਣਾ ਕਿਉਂ ਵਰਤਾਅ ਰਹੇ ਹੋਂ।

ਕਹਿਣ ਲੱਗੇ, ਭਾਈ ਪ੍ਰਾਣਾ! ਬਚਨ ਹੋਏ ਹੋਏ ਨੇ। ਅਸੀਂ ਉਹ ਪੂਰੇ ਕਰ ਰਹੇ ਹਾਂ। ਜਦੋਂ ਗੁਰਿਆਈ ਮੰਗੀ ਸੀ, ਮਾਤਾ ਜੀ ਨੇ ਕਿਹਾ ਸੀ ਘਰ 'ਚ ਰਹੇ। ਉਸ ਵੇਲੇ ਦਾਦਾ ਗੁਰੂ, ਗੁਰੂ ਅਮਰਦਾਸ ਜੀ ਨੇ ਕਿਹਾ ਕਿ ਚਲਦੀ ਰੌ ਜਿਹੜੀ ਹੈ ਤੁਸੀਂ ਰੋਕ ਲਈ ਤੇ ਘਰ ਵਿਚ ਹੀ ਸਾਰਾ ਕਸ਼ਟ ਆਏਗਾ। ਸਾਰੀਆਂ ਕੁਰਬਾਨੀਆਂ ਪਰਿਵਾਰ ਵਿਚ ਹੀ ਹੋਣੀਆਂ ਨੇ।

ਬਾਬਾ ਸ੍ਰੀ ਚੰਦ ਜੀ ਨੇ ਜਦੋਂ ਭਾਈ ਕਮਲੀਏ ਨੂੰ ਭੇਜਿਆ ਕਿ ਗੁਰੂ ਅਰਜਨ ਦੇਵ ਜੀ ਨੂੰ ਕਹਿ ਕੇ ਅਸੀਂ ਹੁਣ ਪੰਜ ਸੌ ਰੁਪਿਆ ਨਹੀਂ ਲਿਆ ਕਰਨਾ। ਹਜ਼ਾਰ ਲਿਆ ਕਰਾਂਗੇ, ਨਾਲ ਘੋੜਾ ਲਿਆ ਕਰਾਂਗੇ। ਉਸ ਨੇ ਮਹਾਰਾਜ ਕੋਲ ਆ ਕੇ ਕਿਹਾ ਕਿ ਪੰਜ ਸੌ ਰੁਪਿਆ ਨਹੀਂ ਹੁਣ ਹਜ਼ਾਰ ਭੇਜਿਆ ਕਰੋ। ਖਰਚੇ ਵਧ ਗਏ ਨੇ, ਨਾਲ ਇਕ ਘੋੜਾ ਦੇ ਦਿਓ। ਮਹਾਰਾਜ ਕਹਿੰਦੇ ਕੋਈ ਗੱਲ ਨਹੀਂ। ਹਜ਼ਾਰ ਰੁਪਿਆ ਵੀ ਤੇ ਘੋੜਾ ਵੀ ਮਿਲ ਜਾਏਗਾ। ਜਾ ਕੇ ਤੁਸੀਂ ਪ੍ਰਸ਼ਾਦਾ ਛਕੋ। ਬੈਠੋ ਕਹਿੰਦੇ ਮੈਨੂੰ ਬੈਠਣ ਦਾ ਹੁਕਮ ਨਹੀਂ, ਕਹਿੰਦੇ ਖੜ੍ਹ ਕੇ ਲੈ ਕੇ ਹੀ ਆਉਣਾ ਹੈ। ਮਹਾਰਾਜ

ਕਹਿੰਦੇ ਕੋਈ ਨੀਂ।

ਲੰਗਰ 'ਚ ਚਲੇ ਗਏ। ਉਥੇ ਮਾਤਾ ਗੰਗਾ ਜੀ ਲੰਗਰ ਵਰਤਾਅ ਰਹੇ ਸੀ। ਭੀੜ ਹੈ ਥੋੜ੍ਹੀ, ਭਾਈ ਕਮਲੀਏ ਨੇ ਕਿਹਾ ਕਿ ਮਾਤਾ ਜੀ! ਮੈਨੂੰ ਪ੍ਰਸ਼ਾਦਾ ਦਿਓ। ਕਹਿੰਦੇ ਤੂੰ ਬੈਠ ਜਾ। ਕਹਿੰਦਾ ਬੈਠਣ ਦਾ ਹੁਕਮ ਨਹੀਂ। ਕੋਲ ਦੀ ਲੰਘ ਗਏ।

ਦੂਜੀ ਵਾਰੀ ਫੇਰ ਆਏ ਕੋਲ ਦੀ। ਕਹਿੰਦੇ ਮਹਾਰਾਜ! ਮੈਨੂੰ ਪ੍ਰਸ਼ਾਦਾ ਦੇ ਦਿਓ ਤੇ ਮੈਨੂੰ ਬੈਠਣ ਦਾ ਹੁਕਮ ਨਹੀਂ।

ਮਾਤਾ ਜੀ ਨੇ ਕਿਹਾ ਕਿ ਐਉਂ ਕਰਦਾ ਹੈ ਜਿਵੇਂ ਅਹਦੀਏ ਕਰਦੇ ਹੁੰਦੇ ਨੇ। ਵਰੰਟ ਲਿਆਉਣ ਵਾਲੇ ਕਰਦੇ ਨੇ, ਐਉਂ ਕਰਦਾ ਹੈ। ਨਾਲੇ ਪ੍ਰਸ਼ਾਦੇ ਦੇ ਦਿਤੇ, ਹਜ਼ਾਰ ਰੁਪਿਆ ਤੇ ਘੋੜਾ ਦੇ ਕੇ ਮਹਾਰਾਜ ਨੇ ਸੇਵਾਦਾਰ ਨਾਲ ਭੇਜ ਦਿਤਾ। ਬਾਬਾ ਸ੍ਰੀ ਚੰਦ ਜੀ ਬਾਠੀਂ ਰਹਿੰਦੇ ਸੀ। ਉਥੇ ਜਾ ਕੇ ਕਹਿੰਦੇ ਭਾਈ ਰੁਪਈਆ ਗਿਣ ਲਓ। ਰੁਪਈਆ ਗਿਣ ਲਿਆ।

ਸ੍ਰੀ ਚੰਦ ਜੀ ਨੇ ਕਿਹਾ ਭਾਈ ਕਮਲੀਆ! ਗੁਰੂ ਅਰਜਨ ਦੇ ਮੁਖ ਤੇ ਕੋਈ ਮਲਾਲ ਤਾਂ ਨਹੀਂ ਆਇਆ, ਜਦੋਂ ਤੂੰ ਕਿਹਾ। ਕਹਿੰਦੇ ਨਾ ਮਹਾਰਾਜ, ਉਹ ਤਾਂ ਖਿੜੇ ਰਹੇ। ਫੇਰ ਕਹਿੰਦੇ ਤੂੰ ਬੈਠਿਆ ਤਾਂ ਨਹੀਂ ਨਾ ਹੈਂ। ਕਹਿੰਦਾ ਮਹਾਰਾਜ ਮੈਂ ਤਾਂ ਪ੍ਰਸ਼ਾਦਾ ਛਕਣ ਵੀ ਨਹੀਂ ਬੈਠਿਆ। ਕਹਿੰਦੇ ਮਾਤਾ ਜੀ ਨੇ ਮੈਨੂੰ ਕਿਹਾ ਕਿ ਤੂੰ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਕਿਉਂ ਨਹੀਂ ਛਕਦਾ? ਪ੍ਰਸ਼ਾਦਾ ਵੀ ਦੇ ਦਿਤਾ ਉਨ੍ਹਾਂ ਨੇ ਦੋ ਤਿੰਨ ਵਾਰੀ ਤੋਂ ਬਾਅਦ ਤੇ ਨਾਲ ਕਹਿ ਦਿਤਾ ਕਿ ਐਉਂ ਪ੍ਰਸ਼ਾਦਾ ਮੰਗਦਾ ਹੈ ਜਿਵੇਂ ਅਹਦੀਏ ਮੰਗਦੇ ਹੁੰਦੇ ਨੇ। ਕਹਿੰਦੇ, ਇਹ ਤਾਂ ਉਨ੍ਹਾਂ ਨੂੰ ਪਤਾ ਨਹੀਂ, ਹੁਣ ਗੁਰੂ ਘਰ 'ਚ ਵਰੰਟ ਹੀ ਆਇਆ ਕਰਨਗੇ। ਬਚਨ ਕਰ ਦਿਤਾ।

ਮਹਾਰਾਜ ਕਹਿੰਦੇ ਉਨ੍ਹਾਂ ਦਾ ਬਚਨ ਹੈ ਬਾਬਾ ਜੀ ਦਾ। ਸੋ ਇਹ ਵੀ ਅਸੀਂ ਪੂਰਾ ਕਰਨਾ ਹੈ, ਭਾਈ ਪ੍ਰਾਣੇ। ਗੁਰਸਿੱਖੋ! ਇਹ ਅਸੀਂ ਆਪਣੀ ਮੌਜ ਨਾਲ ਹੀ ਭਾਣਾ ਵਰਤਾਅ ਰਹੇ ਹਾਂ। ਕਿਸੇ ਦੀ ਤਾਕਤ ਨਹੀਂ ਕਿ ਸਾਨੂੰ ਕੁਛ ਕਰ ਸਕੇ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਨੂੰ ਦੇਗੇ 'ਚੋਂ ਬਾਹਰ ਕੱਢ ਦਿਤਾ ਗਿਆ। ਕਹਿ ਦਿਤਾ ਗਿਆ ਕਿ ਹੁਣ ਸੋਚ ਲਓ, ਕੱਲ੍ਹ ਨੂੰ ਇਸ ਤੋਂ ਵੀ ਸਖਤ ਸਜ਼ਾ ਮਿਲੇਗੀ।

ਰਾਤ ਨੂੰ ਗੋਰਖ ਆ ਗਿਆ। ਸਾਰੇ ਸਿਪਾਹੀ ਸੁਲਾ ਦਿਤੇ। ਪਾਤਸ਼ਾਹ! ਐਡਾ ਵੱਡਾ ਭਾਣਾ ਵਰਤਾਅ ਰਹੇ ਓਂ। ਸੰਤਾਂ ਦੀ ਬੇਇਜ਼ਤੀ ਕਰਿਆ ਕਰੇਗਾ ਸੰਸਾਰ। ਸੁਲ੍ਹਾ ਦਿਓ ਇਨ੍ਹਾਂ ਨੂੰ, ਤਾਕਤ ਕਿਉਂ ਨਹੀਂ ਵਰਤਦੇ? ਤੁਹਾਡੇ ਵਿਚ ਤਾਂ ਐਨੀ ਤਾਕਤ ਹੈ ਕਿ ਅੰਦਾਜ਼ਾ ਹੀ ਨਹੀਂ ਹੈ। ਸਭ ਪੀਰ, ਫਕੀਰ, ਡਰਦੇ ਨੇ। ਐਨੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਆਪ ਸ਼ਕਤੀ ਨਹੀਂ ਦਿਖਾਉਂਦੇ?

ਮਹਾਰਾਜ ਨੇ ਕਿਹਾ, ਨਹੀਂ ਸ਼ਕਤੀ ਨਹੀਂ ਦਿਖਾਉਣੀ। ਕੁਦਰਤੀ ਹੁਕਮ ਹੀ ਮੇਰੇ ਵਾਸਤੇ ਇਹੋ ਜਿਹਾ ਹੈ। ਇਹ ਕੌਮ ਦੇ ਵਿਚ ਜ਼ਿੰਦਗੀ ਭਰ ਨਹੀਂ ਰਹਿਣਾ। ਅਸੀਂ ਸ਼ਕਤੀਆਂ ਦਿਖਾ ਦੇਵਾਂਗੇ, ਇੰਨਜੈਕਸ਼ਨ ਲਗਾ ਦੇਵਾਂਗੇ, ਕਿਸੇ ਨੇ ਕੁਰਬਾਨੀ ਨਹੀਂ ਦੇਣੀ। ਸ਼ਕਤੀਆਂ ਗੁਰਸਿੱਖਾਂ ਵਿਚ ਨੇ, ਗੁਰਸਿੱਖਾਂ ਦੇ ਕੁੱਤਿਆਂ ਵਿਚ ਵੀ ਸ਼ਕਤੀਆਂ ਨੇ। ਸ਼ਕਤੀਆਂ ਦਾ ਕੋਈ ਘਾਟਾ ਹੈ ਗੁਰੂ ਘਰ ਵਿਚ?

ਨਾਮਧਾਰੀ ਸੰਤ ਮੋਹਨ ਜੀ ਹੋਏ ਨੇ। ਗੁਰਦਾਸਪੁਰ ਖੜ੍ਹੇ ਨੇ। ਬਾਬਾ ਕਰਤਾਰ ਸਿੰਘ ਜੀ ਆਉਂਦੇ ਨੇ, ਕਹਿੰਦੇ ਮੈਨੂੰ ਭੈਣੀ ਸਾਹਿਬ ਲੈ ਚੱਲੋ। ਕਹਿੰਦੇ ਥਾਓਂ ਨਹੀਂ ਹੈ ਸੰਤ ਜੀ। ਕਹਿੰਦੇ ਚੰਗਾ। ਕਹਿੰਦੇ ਜਦੋਂ ਭੈਣੀ ਸਾਹਿਬ ਆਏ। ਕਹਿੰਦੇ ਤਿੰਨ ਘੰਟੇ ਹੋ ਗਏ ਦੀਵਾਨ ਲੱਗੇ ਨੂੰ। ਇਹ ਕਦੋਂ ਆ ਗਿਆ। ਕਹਿੰਦੇ ਮਹਾਰਾਜ ਇਹਨੂੰ ਤਾਂ ਤਿੰਨ ਘੰਟੇ ਹੋ ਗਏ, ਦੀਵਾਨ ਲਾਈਂ ਖੜ੍ਹਾ ਹੈ। ਬੁਲਾ ਲਿਆ। ਡੰਡਾ ਲੈ ਲਿਆ, ਡੰਡੇ ਨਾਲ ਕੁੱਟਣ ਲਗ ਗਏ। ਕਹਿੰਦਾ, ਸਤਿਗੁਰੂ ਤੁਸੀਂ ਮਾਰਦੇ ਕਿਉਂ ਹੋਂ। ਕਹਿੰਦੇ ਤੇਰੀ ਸ਼ਕਤੀ ਲਾਹੁੰਦੇ ਹਾਂ। ਸਾਨੂੰ ਹੀ ਸ਼ਕਤੀਆਂ ਦਿਖਾਉਂਦਾ ਹੈਂ?

ਸੋ ਗੋਰਖ ਕਹਿਣ ਲੱਗਿਆ, ਮਹਾਰਾਜ! ਸੰਤਾਂ ਦਾ ਨਿਰਾਦਰ ਕਰਿਆ ਕਰਨਗੇ। ਇਹ ਮੂਰਖ ਲੋਕ ਨੇ, ਕਲਜੁਗ ਦੇ, ਸਮਝਦੇ ਨਹੀਂ ਹਨ। ਮਹਾਰਾਜ ਕਹਿੰਦੇ, ਨਾ, ਅਗੇ ਨੂੰ ਜਿਹੜੇ ਸੰਤ ਆਉਣਗੇ। ਉਹ ਸਹਿ ਲਿਆ ਕਰਨਗੇ। ਅਸੀਂ ਜਰਨ ਦੀ ਸ਼ਕਤੀ ਦੇ ਚੱਲੇ ਹਾਂ। ਮੁੜ ਗਿਆ।

ਦੂਸਰੇ ਦਿਨ ਤਵੀ ਗਰਮ ਕਰ ਲਈ। ਆਟਾ ਸੁੱਟਿਆ, ਉਸੇ ਟਾਈਮ ਜਲ ਗਿਆ। ਕਹਿੰਦੇ ਇਹਦੇ ਤੇ ਬੈਠਣਾ ਪਏਗਾ। ਮਹਾਰਾਜ ਚੁੱਪ ਕਰਕੇ, ਸਮਾਧੀ ਲਾ ਕੇ ਤਵੀ ਦੇ ਉਪਰ ਬੈਠ ਗਏ। ਚਿੜ-ਚਿੜ ਹੋ ਰਿਹਾ ਹੈ ਮਾਸ। ਉਸ ਵੇਲੇ ਮੀਆਂ ਮੀਰ ਆ ਪਹੁੰਚਿਆ, ਦੋਵੇਂ ਬਾਹਵਾਂ ਚੁੱਕ ਲਈਆਂ। ਪਾਤਸ਼ਾਹ! ਐਡਾ ਵੱਡਾ ਕਸ਼ਟ? ਆਪ ਨੇ ਕਿਹਾ, ਮੀਆਂਮੀਰ ਯਾਦ ਹੈ, ਜਿਸ ਵਕਤ ਜੀਵਨ ਮੁਕਤ ਅਸਟਪਦੀ ਦੇ ਅਰਥ ਤੁਸੀਂ ਪੁੱਛੇ ਸੀ।

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*

*ਜੋ ਵਰਤਾਏ ਸਾਈ ਜੁਗਤਿ॥* *ਅੰਗ - 274*

ਸੋ ਸਮ ਅਵਸਥਾ 'ਚ ਰਹਿਣਾ। ਦੁਖ ਆ ਜਾਵੇ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*
*ਅੰਗ - 633*

ਸੋ ਤੁਸੀਂ ਨਾ ਦੁਖੀ ਹੋਵੋ। ਠੀਕ ਇਹ ਮੇਰੇ ਪ੍ਰਮੇਸ਼ਰ ਜੀ ਏਵੇਂ ਹੀ ਭਾਉਂਦਾ ਹੈ।

*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥* *ਅੰਗ - 394*

ਸੋ ਮੀਆਂਮੀਰ ਜੀ ਇਹ ਭਾਣੇ ਦੀ ਖੇਡ ਹੋ ਰਹੀ ਹੈ। ਭਾਣੇ ਦਾ ਸਬਕ ਅਸੀਂ ਆਪਣੇ ਉਤੇ ਵਰਤਾਅ ਕੇ, ਆਉਣ ਵਾਲੇ ਜੋ ਗੁਰਸਿੱਖ ਨੇ ਉਨ੍ਹਾਂ ਨੂੰ ਸਿਖਾ ਰਹੇ ਹਾਂ।

ਸੋ ਤੱਤੀ ਤਵੀ ਤੇ ਬਿਠਾ ਦਿਤੇ। ਚੌਥਾ ਦਿਨ ਹੋ ਗਿਆ। ਹੋਰ ਵੀ ਕਸ਼ਟ ਦੇਣ ਵਾਸਤੇ ਤਵੀ ਤੇ ਵੀ ਬਿਠਾ ਦਿਤਾ ਤੇ ਸੀਸ ਵਿਚ ਗਰਮ ਰੇਤਾ ਪਾਉਣਾ ਸ਼ੁਰੂ ਕਰ ਦਿਤਾ। ਜ਼ੁਲਮ ਦੀ ਹੱਦ ਹੋ ਗਈ, ਸਾਧਸੰਗਤ ਜੀ। ਸਾਰੇ ਚੰਦ, ਸੂਰਜ, ਆਕਾਸ਼ ਸਾਰੇ ਡੋਲ ਗਏ। ਵੱਡੇ-ਵੱਡੇ ਮਹਾਂਪਾਪੀ ਸੀ ਉਹ ਵੀ ਡੋਲ ਗਏ। ਐਡਾ ਪਾਪ, ਇਹ ਕਿਸ ਥਾਂ ਭਰੇਗਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਬੋਲੇ ਨਹੀਂ ਹਨ। ਬੁਲਾਉਣ ਦਾ ਯਤਨ ਕਰ ਰਹੇ ਨੇ। ਅਗਲੇ ਦਿਨ ਵਾਸਤੇ ਸਜ਼ਾ ਸੁਣਾ ਕੇ ਕਹਿਣ ਲੱਗਿਆ, ਕੱਲ੍ਹ ਨੂੰ ਗਊ ਦੀਆਂ ਤਾਜ਼ੀਆਂ ਖੱਲ੍ਹਾਂ ਲੈ ਕੇ ਆਇਓ, ਉਹਦੇ ਵਿਚ ਮੜ੍ਹ ਕੇ ਧੁੱਪੇ ਰੱਖਾਂਗੇ। ਫੇਰ ਦੇਖਦੇ ਹਾਂ ਕਿ ਬੋਲਦਾ ਹੈ ਕਿ ਨਹੀਂ।

ਦੂਸਰਾ ਦਿਨ ਹੋ ਗਿਆ। ਮਹਾਰਾਜ ਕੋਲ ਆਇਆ ਕਹਿਣ ਲੱਗਿਆ ਅਜੇ ਵੀ ਦੇਖ ਲਓ। ਮਹਾਰਾਜ ਕਹਿੰਦੇ ਅਸੀਂ ਇਸ਼ਨਾਨ ਕਰਨਾ ਹੈ, ਬਾਕੀ ਸਾਨੂੰ ਤੇਰੀ ਮੌਤ ਦਾ ਕੋਈ ਖੌਫ ਨਹੀਂ ਹੈ। ਖੁਸ਼ ਹੋ ਗਿਆ ਕਿ ਚਲੋ ਬੋਲੇ ਤਾਂ ਸਹੀ। ਹੁਣ ਤਕਲੀਫ ਦੇ ਵਿਚ ਆ ਗਏ, ਹੁਣ ਮੰਨ ਜਾਣਗੇ।

ਏਧਰ ਚੰਦੂ ਦੀ ਨੂੰਹ ਪਹਿਰੇਦਾਰਾਂ ਨੂੰ ਪੈਸੇ ਦੇ ਕੇ ਪਹੁੰਚਦੀ ਹੈ। ਕੁਛ ਖਾਣ ਨੂੰ ਕੋਲ ਹੈ। ਕਹਿਣ ਲੱਗੀ, ਮਹਾਰਾਜ! ਆਪ ਨੇ ਕੁਛ ਮੁਖ ਨਹੀਂ ਪਾਇਆ। ਮੈਂ ਲੈ ਕੇ ਆਈ ਹਾਂ। ਮਹਾਰਾਜ ਕਹਿੰਦੇ, ਬੇਟੀ! ਮਨਮੁਖ ਦਾ ਅਸੀਂ ਭੋਜਨ ਨਹੀਂ ਖਾਣਾ। ਪਾਤਸ਼ਾਹ! ਮੈਂ ਗੁਰਸਿੱਖ ਦੀ ਧੀ ਇਸ ਪਾਪੀ ਦੇ ਘਰ ਵਿਆਹੀ ਗਈ।

ਦੂਸਰੇ ਦਿਨ ਮਹਾਰਾਜ ਜੀ ਨੇ ਰਾਵੀ ਤੇ ਜਾ ਕੇ ਇਸ਼ਨਾਨ ਕੀਤਾ। ਉਸ ਵੇਲੇ ਆਪ ਬੜੀ ਪ੍ਰਸੰਨਤਾ 'ਚ ਹੋ ਕੇ, ਆਪ ਨੇ ਗੁਰਸਿੱਖਾਂ ਨੂੰ ਕਿਹਾ ਕਿ ਤੁਸੀਂ ਐਉਂ ਨਾ ਕਰੋ, ਗਿਣਤੀ 'ਚ ਨਾ ਆਓ। ਅਸੀਂ ਇਹ ਭਾਣਾ ਆਪਣਾ ਆਪ ਹੀ ਵਰਤਾਅ ਰਹੇ ਹਾਂ। ਕਿਉਂਕਿ ਅਕਾਲ ਪੁਰਖ ਨੂੰ ਏਵੇਂ ਹੀ ਮਨਜ਼ੂਰ ਸੀ।

ਸਰੀਰ ਛੱਡ ਦਿਤਾ ਮਹਾਰਾਜ ਨੇ। ਕਿੱਡੀ ਵੱਡੀ ਸਿਖਿਆ ਮਹਾਰਾਜ ਸਾਨੂੰ ਦੇ ਗਏ। ਕਿਹੋ ਜਿਹਾ ਜੀਵਨ, ਕਿਹੋ ਜਿਹੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਸੱਚੇ ਪਾਤਸ਼ਾਹ ਦੇ ਗਏ। ਜੇ ਨਾ ਕਿਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸਥਾਪਨਾ ਕਰਦੇ, ਅਸੀਂ ਰੁਲ ਜਾਣਾ ਸੀ। ਦੂਸਰਾ ਸਾਡੇ ਅੰਦਰ ਜ਼ਿੰਦਗੀ ਭਰ ਗਏ। ਗੁਰਸਿੱਖੋ! ਮੌਤ ਤੋਂ ਨਾ ਡਰੋ, ਮੌਤ ਤਾਂ ਆਉਣੀ ਹੀ ਆਉਣੀ ਹੈ, ਜ਼ਰੂਰ ਆਉਣੀ ਹੈ। ਆਪਣੇ ਅਸੂਲਾਂ ਤੋਂ ਬੇਅਸੂਲ ਨਾ ਹੋਣਾ, ਮੌਤ ਤੋਂ ਡਰ ਕੇ। ਸੋ ਫੁਰਮਾਨ ਆਉਂਦਾ ਹੈ ਕਿ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ ਹੈ, ਉਹ ਫੇਰ ਜੰਮਣ ਮਰਨ 'ਚ ਨਹੀਂ ਆਉਂਦੇ।

ਨਾ ਜੂਨੀ 'ਚ, ਨਾ ਮਾਤਾ ਦੇ ਗਰਭ 'ਚ ਆਉਂਦਾ ਹੈ, ਨਾ ਕਿਸੇ ਤਕਲੀਫ 'ਚ ਆਵੇ। ਈਸਾਈ ਇਹ ਕਹਿੰਦੇ ਨੇ, ਈਸਾ ਜੀ ਐ ਸਾਰੇ ਤੁਹਾਡੇ ਕਸ਼ਟ, ਤੁਹਾਡੇ ਸਾਰੇ ਦੁਖ ਮੈਂ ਆਪਣੇ ਸਰੀਰ ਤੇ ਲੈ ਕੇ, ਸੂਲੀ ਤੇ ਚੜ੍ਹ ਕੇ ਲੈ ਰਿਹਾ ਹਾਂ ਤੇ ਹੁਣ ਤੁਸੀਂ ਸੁਖੀ ਵਸਿਓ, ਪ੍ਰਮੇਸ਼ਰ ਨੂੰ ਨਾ ਭੁਲਿਓ। ਤੁਹਾਡਾ ਰਾਜ ਹੋਏਗਾ, ਤਾਜ ਤੁਹਾਡੇ ਪਾਸ ਹੋਏਗਾ, ਰੱਬ ਨੂੰ ਨਾ ਭੁੱਲਣਾ, ਤੁਹਾਡੇ ਪਾਪ ਮੈਂ ਲੈ ਚੱਲਿਆ ਹਾਂ। ਨਿਹਚਾ ਕਰਨਾ। ਜਿਹੜਾ ਈਸ਼ਵਰ ਤੇ ਨਿਹਚਾ ਲਿਆਏਗਾ, ਉਹ ਮੇਰੇ ਕੋਲ ਆਏਗਾ।

ਈਸਾਈ ਜਦੋਂ ਸਰੀਰ ਛੱਡਦੇ ਨੇ, ਇਕੋ ਹੀ ਗੱਲ ਕਹਿੰਦੇ ਨੇ ਕਿ ਅਸੀਂ ਤਾਂ ਆਪਣੇ ਜੀਸਸ ਜੀ ਕੋਲ ਜਾਣਾ ਹੈ। ਕੋਈ ਨਹੀਂ ਕਹਿੰਦਾ ਕਿ ਮੈਂ ਨਰਕਾਂ ਵਿਚ ਜਾਣਾ ਹੈ। ਸੋ ਇਸ ਤਰ੍ਹਾਂ ਦੇ ਨਾਲ ਆਪ ਗੁਰੂ ਮਹਾਰਾਜ ਦਾ ਸਰਵਣ ਕੀਤਾ ਹੈ -

*ਜਪਉ ਜਿਨ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ॥* *ਅੰਗ - 1409*

ਗੁਰੂ ਮਹਾਰਾਜ ਜੀ ਦੇ ਚਰਨਾਂ ਨਾਲ ਜੁੜਾਂਗੇ ਤਾਂ ਗੁਰੂ ਹਲਤ ਪਲਤ ਸਾਡੀ ਰਖਿਆ ਕਰਨਗੇ, ਲੋਕ ਪ੍ਰਲੋਕ ਦੋਵੇਂ ਸੁਖੀ ਸੁਹੇਲੇ ਕਰਨਗੇ, ਐਸਾ ਨਿਸਚਾ ਰੱਖੋ।

# ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(19.3.97 ਨੂੰ ਬਹਿਰਾਮ ਵਿਖੇ ਲੱਗਿਆ ਮਹਾਂਪੁਰਸ਼ਾਂ ਦਾ ਦੀਵਾਨ)*

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ -2, 2.*
*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥*
*ਕਾਰਨ ਕਵਨ ਅਬੋਲ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ॥ ਅੰਗ - 694*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ -2, 2.*

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ ਵਿਚ ਧਾਰਨ ਕਰੋ ਤੇ ਜਦੋਂ ਵਾਰੀ ਆਵੇ ਉਸ ਵੇਲੇ ਗੱਜ ਵੱਜ ਕੇ ਸ਼ਬਦ ਵਿਚ ਬੋਲੋ। ਇਸ ਦੇ ਨਾਲ ਕੀ ਹੋਏਗਾ? ਇਕ ਰਸ ਉਤਪੰਨ ਹੋ ਜਾਏਗਾ, ਰਸ ਆ ਜਾਏਗਾ ਅੰਦਰ, ਉਹ ਰਸ ਮਨ ਨੂੰ ਨਹੀਂ ਫੇਰ ਜਾਣ ਦਿੰਦਾ ਏਧਰ ਉਧਰ। ਮਨ ਬੜੀ ਤਰਲ ਚੀਜ਼ ਹੈ, ਇਸ ਨੂੰ ਵਸ ਕਰਨਾ ਬਹੁਤ ਹੀ ਮੁਸ਼ਕਲ ਹੈ, ਕੋਈ ਸੁਖਾਲੀ ਬਾਤ ਨਹੀਂ ਹੈ, ਕੰਮ ਸਾਡਾ ਸਾਰਾ ਹੀ ਮਨ ਨਾਲ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ॥ ਅੰਗ - 342*

ਸੋ ਇਸ ਕਰਕੇ ਥੋੜ੍ਹਾ ਜੋ ਆਪਣੇ ਕੋਲ ਸਮਾਂ ਹੈ ਇਸ ਦਾ ਬਹੁਤੇ ਤੋਂ ਬਹੁਤਾ ਲਾਭ ਉਠਾਈਏ। ਬਚਨ ਜੋ ਆਪਾਂ ਇਕ ਦੂਜੇ ਨਾਲ ਸਾਂਝੇ ਕਰਾਂਗੇ, ਸੂਤਰ ਰੂਪ ਵਿਚ ਹੁੰਦੇ ਨੇ, ਸਮਝਾਉਣ ਵਾਸਤੇ ਉਸਦੇ ਮਿਸਾਲਾਂ ਹੁੰਦੀਆਂ ਨੇ ਕਿਉਂਕਿ ਜੋ ਸੂਤਰ ਰੂਪ ਦੇ ਬਚਨ ਹੁੰਦੇ ਨੇ ਉਹ ਸਮਝ ਵਿਚ ਨਹੀਂ ਆਇਆ ਕਰਦੇ। ਉਸ ਦੀ ਵਿਆਖਿਆ ਹੋਇਆ ਕਰਦੀ ਹੈ, ਇਕ ਇਕ ਬਚਨ ਦੀ ਤਾਂ ਜਾ ਕੇ ਉਸ ਦਾ ਥਹੁ-ਪਤਾ ਲਗਦਾ ਹੈ, ਨਹੀਂ ਲਗਦਾ ਨਹੀਂ। ਕੱਲ੍ਹ ਮੈਂ ਬੇਨਤੀ ਕਰ ਰਿਹਾ ਸੀ ਕਿ ਜਿਥੇ ਆਪਾਂ ਬੈਠੇ ਹਾਂ ਇਹ ਜੋ ਏਰੀਆ ਹੈ ਇਥੇ ਵੱਡੇ ਵੱਡੇ ਗੁਰਸਿਖ ਹੋਏ ਨੇ, ਦੁਆਬੇ ਵਿਚ ਹੀ ਸਾਰੇ ਹੋਏ ਨੇ। ਉਹ ਐਸੀਆਂ ਪ੍ਰਵਾਣ ਰੂਹਾਂ ਸੀ। ਹਰ ਥਾਂ ਤੇ ਚੰਗੇ-ਚੰਗੇ ਗੁਰਸਿਖ ਹੋਏ ਕਰਨੀਆਂ ਕਮਾਈਆਂ ਵਾਲੇ ਤੇ ਗੁਰੂ ਮਹਾਰਾਜ ਨੇ ਪ੍ਰਵਾਣ ਕੀਤੇ ਹੋਏ, ਗੁਰੂਆਂ ਵਰਗਾ ਹੀ ਦਰਜਾ ਸੀ ਉਨ੍ਹਾਂ ਦਾ, ਉਹ ਨਾਮ ਦਿੰਦੇ ਸੀ ਸੰਗਤਾਂ ਨੂੰ ਤਾਰਦੇ ਸੀ। ਕਮਾਈ ਉਨ੍ਹਾਂ ਦੀ ਹਦ ਤੋਂ ਜਿਆਦਾ ਸੀ, ਉਹ ਪਹੁੰਚੇ ਕਿਵੇਂ? ਮੈਂ ਕੱਲ੍ਹ ਬੇਨਤੀ ਕਰੀ ਸੀ ਕਿ ਇਕ ਆਮ ਸਧਾਰਨ ਬੰਦਾ, ਜਿਹੜੇ ਅਸੀਂ ਕਹਿੰਦੇ ਹਾਂ ਕਿ ਸਾਧੂ ਤਾਂ ਲੰਘ ਜਾਂਦੇ ਨੇ, ਸਾਧੂਆਂ ਦਾ ਤਾਂ ਸਵਾਲ ਹੀ ਨਹੀਂ ਹੈ। ਇਹ ਵਾਹਿਗੁਰੂ ਤਾਂ ਕੁਝ ਹੋਰ ਹੀ ਹੈ, ਜਿਹੋ ਜਿਹਾ ਅਸੀਂ ਸਮਝਦੇ ਹਾਂ ਉਹੋ ਜਿਹਾ ਨਹੀਂ ਹੈ। ਹੋਰ ਹੀ ਤਰ੍ਹਾਂ ਦਾ ਹੈ ਵਾਹਿਗੁਰੂ। ਕੋਈ ਜਾਣ ਹੀ ਨਹੀਂ ਸਕਦਾ ਉਸ ਦੇ ਸੁਭਾਅ ਨੂੰ। ਜਦੋਂ ਤਾਰਨ ਤੇ ਆਉਂਦਾ ਹੈ ਕਿਥੇ ਤਾਂ ਮਰਦਾਨੇ ਨੂੰ ਖਾਣ ਵਾਸਤੇ ਤਿਆਰ ਹੋਇਆ ਕੌਡਾ ਰਾਖਸ਼, ਕੜਾਹਾ ਉਬਲ ਰਿਹਾ ਹੈ, ਮਰਦਾਨੇ ਨੂੰ ਚੁੱਕ ਕੇ ਸੁੱਟਣ ਦਾ ਯਤਨ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਆਉਂਦੇ ਨੇ, ਉਨ੍ਹਾਂ ਦੇ ਦਰਸ਼ਨ ਕਰਦਾ ਹੈ, ਸ਼ੀਸ਼ੇ ਦੇ ਵਿਚ ਕਰਦਾ ਹੈ, ਕੜਾਹੇ ਨੂੰ ਹੱਥ ਲਾ ਕੇ ਦੇਖਦਾ ਹੈ, ਕੜਾਹਾ ਬਰਫ ਵਰਗਾ ਠੰਡਾ ਪਿਆ ਹੈ, ਮਨ ਵਿਚ ਆ ਗਿਆ ਕਿ ਕੋਈ ਬਹੁਤ ਵੱਡੀ ਹਸਤੀ ਆ ਗਈ, ਉਸ ਵੇਲੇ ਚਰਨ ਫੜ ਲੈਂਦਾ ਹੈ। ਗੁਰੂ ਨਾਨਕ ਪਾਤਸ਼ਾਹ ਕਿੰਨੀ ਕੁ ਦੇਰ ਉਸ ਦੇ ਪਾਸ ਰਹੇ? ਸ਼ਾਇਦ ਇਕ ਦਿਨ ਰਹੇ ਜਾਂ ਦੋ ਦਿਨ ਰਹੇ, ਉਸ ਦੀ ਕਾਇਆ-ਕਲਪ ਕਰ ਗਏ। ਹੁਣ ਉਥੇ ਜਬਲਪੁਰ ਦੇ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਬਹੁਤ ਸਾਰਿਆਂ ਦਾ ਖਿਆਲ ਹੈ ਕਿ ਗੁਰੂ ਮਹਾਰਾਜ ਮੱਧ ਪ੍ਰਦੇਸ਼ ਵਿਚ ਸੀ ਜਿਥੇ ਉਹ ਮਿਲਿਆ, ਦੂਸਰਿਆਂ ਦਾ ਖਿਆਲ ਹੈ ਕਿ ਆਸਾਮ ਵਿਚ ਉਥੇ ਮੰਦਰ ਬਣਿਆ ਹੋਇਆ ਹੈ ਕੌਡੇ ਦਾ.... ਕਿ ਉਥੇ ਦਾ ਸੀ ਉਹ ਆਦਮਖੋਰ ਕਿਉਂਕਿ ਉਥੇ ਆਦਮੀਆਂ ਨੂੰ ਖਾ ਲਿਆ ਕਰਦੇ ਸੀ ਪਹਿਲਾਂ ਆਸਾਮ ਵਿਚ। ਅੰਗਰੇਜ਼

(ਬਾਕੀ ਪੰਨਾ 37 ਤੇ)

(ਪੰਨਾ 28 ਦੀ ਬਾਕੀ)

ਜਦੋਂ ਆਏ ਨੇ ਪਹਿਲਾ ਜਹਾਜ ਉਹ ਛਡ ਗਏ ਅਸਾਮ ਵੱਲ ਨੂੰ ਚਿਟਾਗਾਮ ਦੇ ਨੇੜੇ, ਜਦੋਂ ਮੁੜ ਆਏ ਤਾਂ ਉਥੇ ਇਕ ਵੀ ਨਹੀਂ ਸੀ ਬਚਿਆ ਉਹ ਖਾ ਗਏ ਮਾਰ ਮਾਰ ਕੇ ਨਾਂਗੇ ਜਿਹੜੇ ਸੀ, ਆਦਮੀ ਖਾਣ ਦਾ ਰਿਵਾਜ ਸੀ। ਅਫਰੀਕਾ ਵਿਚ ਵੀ ਖਾਂਦੇ ਸੀ ਭਾਰਤ ਵਿਚ ਵੀ ਖਾਂਦੇ ਸੀ। ਜਿਹੜੀਆਂ ਅਸਭਿਅਤ ਕੌਮਾਂ ਸੀ ਉਹ ਬੰਦੇ ਖਾ ਜਾਂਦੀਆਂ ਸੀ। ਸੋ ਕਿਤੇ ਵੀ ਹੋਇਆ ਗੁਰੂ ਨਾਨਕ ਪਾਤਸ਼ਾਹ ਜੀ ਨੇ ਇਕ ਦ੍ਰਿਸ਼ਟੀ ਕਰੀ, ਉਸ ਦਾ ਕੋਈ ਕਰਮ ਧਰਮ ਨਹੀਂ ਦੇਖਿਆ, ਉਸ ਨੂੰ ਚੁੱਕ ਕੇ ਗੁਰੂ ਬਣਾ ਦਿੱਤਾ, ਬ੍ਰਹਮ ਗਿਆਨੀ ਬਣਾ ਦਿੱਤਾ, ਨਾਲ ਹੁਕਮ ਦੇ ਦਿੱਤਾ ਕਿ ਆਹੀ ਜਿਹੜਾ ਅਸੀਂ ਤੈਨੂੰ ਦਸਿਆ ਹੈ ਨਾਹ, ਇਹ ਦੁਨੀਆ ਵਿਚ ਵੰਡ ਹੁਣ ਤੂੰ, ਆਪਣੀ ਕੌਮ ਵਿਚ ਵੰਡ।

ਨੂਰਸ਼ਾਹ ਜਾਦੂਗਰਨੀ ਨੇ ਮਰਦਾਨੇ ਨੂੰ ਭੇਡੂ ਬਣਾ ਕੇ ਬੰਨ੍ਹ ਲਿਆ ਸੀ ਸਮੋਹਨ ਸ਼ਕਤੀ ਕਰ ਦਿੱਤਾ। ਬੜੀਆਂ ਲੰਮੀਆਂ ਗੱਲਾਂ ਨੇ। ਕਈ ਬੰਦਿਆਂ ਦੇ ਤਰਕਾਂ ਆ ਜਾਂਦੀਆਂ ਨੇ ਮਨਾਂ ਵਿਚ। ਜੇ ਮੈਂ ਉਸ ਦੀ ਵਿਆਖਿਆ ਕਰਨ ਲੱਗਿਆਂ ਫੇਰ ਓਹੀ ਹੋਏਗੀ ਕਿਉਂਕਿ ਬਿਲਕੁਲ ਸਤਿ ਤੇ ਅਧਾਰਤ ਹੁੰਦੀਆਂ ਨੇ ਇਹ ਗੱਲਾਂ। ਕੋਈ ਐਵੇਂ ਨਹੀਂ ਅਟਕਲ ਪੱਚੂ, ਮਤ ਦੀਆਂ ਬਾਤਾਂ ਕਹਿੰਦੇ ਆਂ ਅਸੀਂ। ਜੋ ਬਚਨ ਮੂੰਹ ਤੋਂ ਕਹਿਣਾ ਹੈ ਉਹ ਵਿਗਿਆਨ ਤੇ ਅਧਾਰਿਤ ਹੋਏਗਾ, ਉਸ ਦੇ ਵਿਚ ਕੋਈ ਐਸੀ ਅਤਕਥਨੀ ਨਹੀਂ ਹੋਏਗੀ। ਤੁਸੀਂ ਯਕੀਨ ਰੱਖੋ।

ਸੋ ਮਹਾਰਾਜ ਨੇ ਕੀ ਕਰਿਆ? ਜਾਦੂ ਤੋਂ ਹਟਾ ਕੇ ਉਸ ਦੀ ਬੁੱਧ ਇਲਾਕੇ ਨੂੰ ਤਾਰਨ ਵਾਲੀ ਬਣਾ ਦਿੱਤੀ। ਸੋ ਇਸੇ ਤਰ੍ਹਾਂ ਦੇ ਨਾਲ ਸੱਜਣ ਠੱਗ ਦੇ ਚਲੇ ਜਾਂਦੇ ਨੇ। ਮਾਰਨ ਦੀਆਂ ਤਿਆਰੀਆਂ ਕਰ ਰਿਹਾ ਹੈ ਲੇਕਿਨ ਗੁਰੂ ਨਾਨਕ ਦੀ ਜਦੋਂ ਦ੍ਰਿਸ਼ਟੀ ਹੋਈ, ਉਸ ਨੂੰ ਗੁਰੂ ਬਣਾ ਦਿੱਤਾ। ਸਭ ਤੋਂ ਪਹਿਲੀ ਪ੍ਰਚਾਰ ਮੰਜੀ ਦਿੱਤੀ ਕਿਸੇ ਸਿੱਖ ਨੂੰ ਉਹ ਸੱਜਣ ਠੱਗ ਨੂੰ ਹੀ ਦਿੱਤੀ ਸੀ। ਕਹਿੰਦੇ ਹੁਣ ਤੈਨੂੰ ਜਿਹੜਾ ਨਸ਼ਾ ਹੋਇਆ ਹੈ, ਤੈਨੂੰ ਜਿਹੜਾ ਚਾਨਣਾ ਹੋਇਆ ਹੈ, ਇਹ ਚਾਨਣਾ ਤੂੰ ਵੰਡਣਾ ਹੈ ਸੰਸਾਰ ਨੂੰ।

ਕਿਸ ਨੂੰ ਠੀਕ ਬਹਿ ਜਾਵੇ ਇਹ ਕੋਈ ਠੀਕ ਨੀਯਮ ਨਹੀਂ ਹੈ ਪਰ ਫੇਰ ਵੀ ਨਿਯਮ ਨੇ, ਆਮ ਹਾਲਾਤ ਵਿਚ ਉਹ ਸਾਨੂੰ ਹੁਕਮ ਮੰਨਣੇ ਹੀ ਪੈਣੇ ਨੇ।

ਸੋ ਮੈਂ ਕੱਲ ਬੇਨਤੀ ਕਰੀ ਸੀ ਕਿ ਇਕ ਗੁਰਸਿਖ ਜਿਸ ਨੂੰ ਗੁਰਸਿਖੀ ਦਾ ਕੋਈ ਲੇਸ ਨਹੀਂ ਸੀ ਸਰਵਰੀਆ ਸੀ। ਇਕ ਗੁਰਸਿਖ ਨਾਲ ਮਿਲ ਕੇ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਪਹੁੰਚਦਾ ਹੈ। ਉਹ ਸਾਡੇ ਵਰਗਾ ਨਹੀਂ ਸੀ। ਅਸੀਂ ਕਹਿੰਦੇ ਹਾਂ ਅੰਮ੍ਰਿਤ ਛਕ ਲਓ, ਅੰਮ੍ਰਿਤ ਛਕ ਲਓ, ਬੇਅੰਤ ਆ ਜਾਣਗੇ। ਬਾਅਦ ਵਿਚ ਨਾ ਅੰਮ੍ਰਿਤ ਛਕਾਉਣ ਵਾਲਿਆਂ ਨੂੰ ਪਤਾ ਕਿ ਇਨ੍ਹਾਂ ਤੋਂ ਕੀ ਕਰਾਉਣਾ ਹੈ, ਨਾ ਛੱਕਣ ਵਾਲਿਆਂ ਨੂੰ ਪਤਾ ਹੈ। ਉਹ ਐਨੇ ਖੁਸ਼ ਹੋ ਜਾਂਦੇ ਨੇ ਕਿ ਅਸੀਂ ਤਾਂ 200 ਨੂੰ ਛਕਾ ਦਿੱਤਾ। ਗੱਲ ਕੁਝ ਵੀ ਨਹੀਂ ਹੈ। ਇਹ ਖੂਬੀ ਹੁੰਦੀ ਹੈ। ਗਿਣਤੀ ਹੋਰ ਚੀਜ਼ ਹੁੰਦੀ ਹੈ ਖੂਬੀ ਹੋਰ ਚੀਜ਼ ਹੁੰਦੀ ਹੈ। ਪਹਿਲੇ ਜ਼ਮਾਨਿਆਂ ਵਿਚ ਨਹੀਂ ਸੀ ਇਸ ਤਰ੍ਹਾਂ ਕਰਦੇ। ਬਹੁਤ ਸੋਧ ਕੇ ਮੰਤਰ ਦਿੱਤਾ ਜਾਂਦਾ ਸੀ।

ਸੋ ਉਹ ਗੁਰਸਿਖ ਜਦੋਂ ਆਉਂਦਾ ਹੈ ਗੁਰਸਿਖੀ ਦੀ ਦਾਤ ਮੰਗਦਾ ਹੈ, ਗੁਰੂ ਪੰਜਵੇਂ ਪਾਤਸ਼ਾਹ ਤੋਂ। ਮਹਾਰਾਜ ਨੇ ਪਰਖਿਆ ਕਿ ਹੈ ਤਾਂ ਜਗਿਆਸੂ। ਦੂਸਰਾ ਉਸਦੇ ਪਿਛਲੇ ਜਨਮ ਦੇਖੇ ਕਿ ਹਾਂ ਇਸ ਦਾ ਤਾਂ ਆਹ ਜਨਮ ਹੀ ਹੈ ਇਸ ਦਾ ਅਸਲੀ, ਅਜੇ ਤੱਕ ਕੁਸੰਗ ਪਿਆ ਹੋਇਆ ਹੈ, ਇਸ ਨੂੰ ਸੋਝੀ ਨਹੀਂ ਆਈ। ਦੀਵਾ ਇਸ ਦਾ ਭਰਿਆ ਹੋਇਆ ਹੈ, ਬੱਤੀ ਵਿਚ ਪਈ ਹੋਈ ਹੈ ਕੇਵਲ ਦੂਸਰੇ ਦੀਵੇ ਨੇ ਬੱਤੀ ਲਾ ਕੇ ਜਗ ਮਗ, ਜਗ ਮਗ ਕਰਾ ਦੇਣੀ ਹੈ ਪਰ ਵਿਚ ਕੁਝ ਚੀਜ਼ਾਂ ਨੇ ਜਿਹੜੀਆਂ ਦੂਰ ਕਰਨੀਆਂ ਪੈਣੀਆਂ ਨੇ। ਸੋ ਮਹਾਰਾਜ ਕਹਿਣ ਲੱਗੇ ਪਿਆਰਿਆ! ਤੂੰ ਹੈ ਸਰਵਰੀਆ, ਤੇਰੇ ਘਰ ਵਿਚ ਹੈ ਮੁਕਾਮ। ਸੋ ਜਦੋਂ ਤੱਕ ਤੂੰ ਢਾਉਂਦਾ ਨਹੀਂ ਤੇਰੀ ਬਿਰਤੀ ਦੋਹੇ ਪਾਸੇ ਵੰਡੀ ਹੋਈ ਰਹੇਗੀ। ਪਿਆਰ ਸਿਰਫ ਇਕ ਨਾਲ ਪੈਂਦਾ ਹੈ। ਜੇ ਕਹੇ ਉਹਨੂੰ ਵੀ ਪਿਆਰ ਕਰਦਾ ਹੈ, ਉਹਨੂੰ ਵੀ ਕਰਦਾ ਹੈ, ਉਹ ਤਾਂ ਬਿਲਕੁਲ ਗਲਤ ਹੈ, ਪਿਆਰ ਹਮੇਸ਼ਾ ਇਕ ਨਾਲ ਪੈਂਦਾ ਹੈ, ਪਿਆਰ ਨਹੀਂ ਹੁੰਦਾ ਕਿ ਦੋ ਚਹੁੰ ਨਾਲ ਕਰਦਾ ਹੈ, ਉਹ ਗੱਲ ਹੋਰ ਹੁੰਦੀ ਹੈ। ਲੇਕਿਨ ਅਸਲੀ ਪਿਆਰ ਜਿਥੇ ਆਪਣੇ ਦਿਲ ਦਾ ਸੌਦਾ ਹੁੰਦਾ ਹੈ ਸਿਰਫ ਇਕ ਹੋਇਆ ਕਰਦਾ ਹੈ। ਇਕ ਮਹਾਤਮਾ ਹੈ, ਇਕ ਗੁਰੂ, ਬਾਕੀ ਚਾਚੇ ਤਾਏ ਹੁੰਦੇ ਨੇ। ਆਦਰ ਸਤਿਕਾਰ ਸਾਰਿਆਂ ਦੀ ਹੋਇਆ ਕਰਦੀ ਹੈ, ਦ੍ਵੈਤ ਕਿਸੇ ਨਾਲ ਨਹੀਂ ਹੁੰਦੀ। ਕੋਈ ਸੰਪਰਦਾ ਹੋਵੇ ਮੈਂ ਤਾਂ ਕਦੇ ਵੀ ਨਹੀਂ ਕਿਹਾ, ਮੈਂ ਕਹਿੰਦਾ ਨਹੀਂ ਇਜ਼ਤ ਕਰੋ, ਉਹ ਪਹੁੰਚੇ ਹੋਏ ਪੁਰਸ਼ ਨੇ। ਉਨ੍ਹਾਂ ਦੇ ਵੀ ਜਿਹੜੇ ਪਿਛੇ ਲੱਗੇ ਹੋਏ ਨੇ ਕੁਝ ਤਾਂ ਦੇਖ ਕੇ ਲੱਗੇ ਹੋਏ ਨੇ। ਸਾਨੂੰ ਇਸ ਗੱਲ ਦਾ ਕੀ ਹੱਕ ਹੈ ਕਿ ਦੂਸਰੇ ਨੂੰ ਅਸੀਂ ਛੋਟਾ ਕਹੀਏ ਆਪਣੇ ਆਪ ਨੂੰ ਵੱਡਾ ਕਹੀਏ। ਇਹ ਤਾਂ ਸਬਜੀ ਫਰੋਸ਼ ਕਰਦੇ ਹੁੰਦੇ ਨੇ ਕਿ ਮੇਰੀ ਸਬਜੀ ਮਾਰੂ ਖੇਤਾਂ ਦੀ ਹੈ ਟਿਊਬਵੈਲ ਦੇ ਪਾਣੀ ਦੀ ਹੈ, ਇਨ੍ਹਾਂ ਦੀ ਸਬਜੀ ਜੀ ਵਧੀਆ ਜਰੂਰ ਹੈ ਪਰ ਇਹ ਗੰਦੇ ਨਾਲੇ ਦੀ ਹੈ। ਉਹ ਲੈਂਦਾ ਲੈਂਦਾ ਅਗਲਾ ਹੱਟ ਜਾਂਦਾ ਹੈ। ਇਹ

ਬਿਰਤੀ ਨਹੀਂ ਠੀਕ ਹੁੰਦੀ।

ਸੋ ਇਸ ਤਰ੍ਹਾਂ ਦੇ ਨਾਲ ਆ ਕੇ ਬੇਨਤੀ ਕਰਦਾ ਹੈ। ਮਹਾਰਾਜ ਕਹਿਣ ਲੱਗੇ, "ਪਿਆਰਿਆ! ਇਹ ਸੁਖਾਲਾ ਸੌਦਾ ਨਹੀਂ ਹੈ, ਇਹ ਬਹੁਤ ਔਖੀ ਚੀਜ਼ ਹੈ, ਜਿਹੜੀ ਤੂੰ ਮੰਗੀ, ਇਹ ਐਨੀ ਸੁਖਾਲੀ ਨਹੀਂ ਹੈ। ਇਸ ਦੇ ਵਿਚ ਤੈਨੂੰ ਮਰਨਾ ਕਬੂਲਣਾ ਪੈਣਾ ਹੈ –

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - 1102*

ਤੇਰੀ ਜ਼ਿੰਦਗੀ ਤੋਂ ਅੱਗੇ ਕੀਮਤ ਰੱਖਦੀ ਹੈ। ਜਿਹੜੀ ਸਿੱਖੀ ਹੈ ਐਨੀ ਸੁਖਾਲੀ ਨਹੀਂ ਹੈ ਤੇ ਮੁਰੀਦੀ ਤੇ ਜਿਹੜੀ ਪੀਰੀ ਹੈ ਉਹ ਐਵੇਂ ਹੀ ਨਹੀਂ ਹੁੰਦੀ ਕਿ ਮੁਰੀਦ ਬਣ ਗਿਆ, ਮੁਰੀਦ ਦੇ ਫਰਜ ਹੁੰਦੇ ਨੇ। ਪੀਰ ਦਾ ਫਰਜ਼ ਹੁੰਦਾ ਹੈ ਉਸ ਨੂੰ ਉੱਚਾ ਚੁੱਕਣਾ, ਮੁਰੀਦ ਦਾ ਫਰਜ ਹੁੰਦਾ ਹੈ ਆਪਣੀ ਹਸਤੀ ਨੂੰ ਹੇਠਾਂ ਹੀ ਹੇਠਾ ਲੈਂਦੇ ਜਾਣਾ।"

ਉਸ ਦੇ ਬਾਰੇ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ –

*ਧਾਰਨਾ - ਮੁਰਦਾ ਹੋਇ ਕੇ ਮੁਰੀਦ ਬਣ ਜਾਵਣਾ 2, 4.*

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਂਦ ਨ ਖਾਣਾ ਸੋਵਣਾ।*
*ਭਾਈ ਗੁਰਦਾਸ ਜੀ ਵਾਰ 3 ਪਉੜੀ 18*

ਸੋ ਇਸ ਤਰ੍ਹਾਂ ਦੇ ਨਾਲ ਰਹਿਤਾਂ ਇਸ ਪਉੜੀ ਦੇ ਅੰਦਰ ਦੱਸੀਆਂ ਹੋਈਆਂ ਹਨ। ਜੋ ਗੁਰੂ ਤੇ ਸਿੱਖ ਦਾ ਰਿਸ਼ਤਾ ਹੈ, ਸਿਖ ਨੂੰ ਕਿਵੇਂ ਵਰਤਣਾ ਪੈਂਦਾ ਹੈ। ਜੇ ਤਾਂ ਸਿੱਖ ਉਸ ਤਰੀਕੇ ਨਾਲ ਵਰਤੇ ਗੁਰੂ ਨਾਲ ਤਾਂ ਤਾਂ ਗੁਰੂ ਲੰਘਾ ਦਿੰਦਾ ਹੈ ਉਸ ਨੂੰ। ਜੇ ਉਸ ਦੇ ਵਿਚ ਕਸਰ ਹੋਵੇ ਫੇਰ ਨਹੀਂ ਲੰਘਾਉਂਦਾ, ਕਿਉਂ ਕਸਰ ਆਪ ਦੇ ਵਿਚ ਹੈ। ਕਹਿੰਦੇ –

*ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥*
*ਅੰਗ - 1372*

ਸਤਿਗੁਰੂ ਤਾਂ ਪੂਰਾ ਹੈ, ਗੁਰੂ ਨਾਨਕ ਸਾਹਿਬ ਵਰਗਾ ਤਾਂ ਕਿਹੜਾ ਸਤਿਗੁਰੂ ਹੈ, ਗੁਰੂ ਗ੍ਰੰਥ ਸਾਹਿਬ ਵਰਗਾ ਫੇਰ ਚੂਕ ਕਿਥੇ ਹੈ? ਅਸੀਂ ਤਾਂ ਰੁਲਦੇ ਫਿਰਦੇ ਹਾਂ, ਓਹੀ ਸਾਨੂੰ ਫਿਕਰ ਹੈ, ਓਹੀ ਹਾਵੇ ਨੇ, ਓਹੀ ਘਾਟੇ ਨੇ, ਓਹੀ ਬਿਮਾਰੀਆਂ ਨੇ, ਓਹੀ ਅਸੀਂ ਨਿੰਦਿਆ ਕਰਦੇ ਹਾਂ, ਓਹੀ ਚੁਗਲੀ ਕਰਦੇ ਹਾਂ, ਓਹੀ ਅਸੀਂ ਨਿਰਾਸ਼ਤਾ ਦੇ ਵਿਚ ਆ ਕੇ ਤਣੇ ਰਹਿੰਦੇ ਹਾਂ। ਨੁਕਸ ਕਿਥੇ ਹੋਇਆ ਗੁਰੂ 'ਚ ਨੁਕਸ ਹੋਇਆ ਜਾਂ ਸਿਖ ਵਿਚ ਨੁਕਸ ਹੋਇਆ। ਗੁਰੂ ਸਾਹਿਬ ਮਹਾਰਾਜ ਗੁਰਬਾਣੀ ਵਿਚ ਫੁਰਮਾਨ ਕਰਦੇ ਨੇ ਕਿ ਸੱਚਾ ਸਤਿਗੁਰੂ ਕੀ ਕਰੇ ਜੇ ਸਿਖ ਵਿਚ ਹੀ ਚੂਕ ਹੈ, ਉਸ ਨੇ ਰਹਿਤ ਹੀ ਨਹੀਂ ਰੱਖੀ। ਜੇ ਸਿੱਖ ਹੀ ਰਹਿਤ ਵਿਚ ਨਹੀਂ ਆਇਆ ਤਾਂ ਸਤਿਗੁਰੂ ਵੀ ਮਜਬੂਰ ਹੈ। ਕਹਿੰਦੇ ਉਸ ਦਾ ਉਪਦੇਸ਼ ਟਿਕੇਗਾ ਕਿਥੇ? ਕਹਿੰਦੇ ਅੰਨਾ ਹੈ, ਉਹ। ਅੰਨ੍ਹਾ ਹੋਣ ਕਰਕੇ ਉਸ ਨੂੰ ਰਾਹ ਨਹੀਂ ਲੱਭ ਰਿਹਾ। ਜਿਵੇਂ ਬਾਂਸ ਦੇ ਵਿਚ ਸੁਰਾਖ ਹੁੰਦਾ ਹੈ ਭੁਕਨਾ ਹੁੰਦਾ ਹੈ ਬੀਬੀਆਂ ਅੱਗ ਜਾਲਣ ਵਾਸਤੇ ਉਸ ਦੇ ਵਿਚ ਫੂਕ ਮਾਰਦੀਆਂ ਹਨ। ਉਸ ਦੇ ਵਿਚ ਫੂਕ ਟਿਕਿਆ ਨਹੀਂ ਕਰਦੀ, ਜੋਰ ਉਸ ਤੋਂ ਵੀ ਜਿਆਦਾ ਲੱਗ ਜਾਂਦਾ ਹੈ। ਬੰਸਰੀ ਵਿਚ ਤਾਂ ਹੌਲੀ ਫੂਕ ਹੁੰਦੀ ਹੈ ਲੇਕਿਨ ਭੂਕਨੇ ਵਿਚ ਬਹੁਤ ਜੋਰ ਦੀ ਸਿਰ ਦੁਖਣ ਲਗ ਜਾਂਦਾ ਹੈ, ਥੋੜ੍ਹੀਆਂ ਜਿਹੀਆਂ ਫੂਕਾਂ ਮਾਰ ਕੇ। ਉਸ ਨੇ ਅਵਾਜ ਤਾਂ ਕੱਢੀ ਨਾ ਰਸੀਲੀ। ਰਸੀਲੀ ਆਵਾਜ਼ ਤਾਂ ਕੱਢੇਗਾ ਜੇ ਉਸ ਦੇ ਵਿਚ ਪੇਂਦਾ ਹੁੰਦਾ, ਫੂਕ ਜਾਂਦੀ ਹੈ ਤੇ ਉਹ ਪਰਤਵੀਂ ਆ ਕੇ ਗਲੀਆਂ ਜਿਹੜੀਆਂ ਦੇ ਉਤੋਂ ਉਂਗਲੀ ਚੁਕਦਾ ਹੈ ਉਥੋਂ ਨਿਕਲਦੀ ਹੈ, ਉਹ ਆਵਾਜ਼ ਪੈਦਾ ਹੋ ਜਾਣੀ ਸੀ। ਸੋ ਇਸ ਦੇ ਅੰਦਰ ਪੈਂਦਾ ਨਹੀਂ ਹੈ ਸਿੱਖ ਦੇ। ਇਹ ਵਿਚਾਰਨ ਵਾਲੀ ਗੱਲ ਹੈ ਕਿ ਸਾਡੀ ਹਾਲਤ ਜਿਹੜੀ ਹੈ ਉਹ ਸਾਨੂੰ ਆਪਣੇ ਆਪ ਹੀ ਵਿਚਾਰਨੀ ਪੈਣੀ ਹੈ ਕਿ ਸਾਡੀ ਅਧੋਗਤੀ ਕਿਉਂ ਹੋ ਰਹੀ ਹੈ? ਕਿਉਂ ਨਹੀਂ ਅਸੀਂ ਸਮਰੱਥ ਗੁਰੂ ਦੇ ਹੁੰਦੇ ਹੋਏ, ਕਿਉਂ ਨਹੀਂ ਸਾਨੂੰ ਰਾਹ ਲੱਭ ਰਿਹਾ। ਸੋ ਤੁਸੀਂ ਹੌਲੀ ਹੌਲੀ ਦੋ ਤਿੰਨ ਦਿਨ ਸੁਣਦੇ ਰਹੋ, ਵਿਚਾਰਦੇ ਰਹੋ, ਲਿਖਦੇ ਰਹੋ ਟੇਪਾਂ ਲੈ ਲਇਓ, ਇਕ ਮੁਕੰਮਲ ਰਾਹ ਦੀ ਬੇਨਤੀ ਕੀਤੀ ਜਾਏਗੀ। ਹੁਣ ਇਸ ਦੇ ਵਿਚ ਭਾਈ ਗੁਰਦਾਸ ਜੀ ਕਹਿੰਦੇ ਨੇ ਕਿ –

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਭਾਈ ਗੁਰਦਾਸ ਜੀ ਵਾਰ 3 ਪਉੜੀ 18*

ਆਪਣੇ ਆਪ ਨੂੰ ਮਾਰਨਾ ਪੈਂਦਾ ਹੈ। ਜਿੰਨਾ ਚਿਰ ਜੀਉਂਦਾ ਹੈ ਓਨੀ ਦੇਰ ਤੱਕ ਨਾ ਗੁਰੂ ਨਾਲ ਬਣਦੀ ਤੇ ਰੱਬ ਤਾਂ ਦਿਸਣਾ ਕਿਥੇ ਹੈ, ਕਿਉਂ ਰੱਬ ਦੋਹ ਦੇ ਵਿਚ ਨਹੀਂ ਹੁੰਦਾ, ਇਕ ਨੂੰ ਮਰਨਾ ਪੈਂਦਾ ਹੈ। ਰੱਬ ਤਾਂ ਮਰਦਾ ਨਹੀਂ, ਉਹ ਤਾਂ ਅਨਾਦੀ, ਸਦਾ ਰਹਿਣ ਵਾਲਾ ਹੈ। ਜਿਹੜੇ ਅਸੀਂ ਹਾਂ, ਅਸੀਂ ਹਾਂ ਝੂਠੇ, ਪੈਦਾ ਵੀ ਹੋਏ ਹਾਂ ਤੇ ਮਰਨਾ ਸਾਡਾ ਹੀ ਹੱਕ ਹੈ, ਰੱਬ ਤਾਂ ਅਮਰ ਹੈ। ਸੋ ਸਾਨੂੰ ਮਰ ਕੇ ਕੋਈ ਹੋਰ ਜ਼ਿੰਦਗੀ ਹੈ ਜਿਸ ਦੇ ਵਿਚ ਜੀਉਣਾ ਪੈਂਦਾ ਹੈ। ਇਹ ਜ਼ਿੰਦਗੀ ਜਿਹੜੀ ਹੈ ਸਾਡੀ ਇਹ ਹਉਮੈ ਦੀ ਜ਼ਿੰਦਗੀ ਹੈ। ਮੈਂ ਮੇਰੀ ਦੀ, ਹੰਗਤਾ ਤੇ ਮਮਤਾ ਦੀ ਜ਼ਿੰਦਗੀ ਹੈ ਇਸ ਦੇ ਵਿਚ ਜਿਹੜੀ ਸਾਡੀ ਸੁਰਤ ਹੈ ਉਹ ਹੰਗਤਾ ਤੇ ਮਮਤਾ ਦੀ ਹੈ। ਸਾਡੇ ਕੋਲ ਆਤਮ ਵਿਸ਼ੈਣੀ ਨਾ ਬੁਧੀ ਹੈ ਨਾ ਸੁਰਤ ਹੈ। ਇਸ ਗੱਲ ਤੋਂ ਅਸੀਂ ਪੂਰੀ ਤਰ੍ਹਾਂ ਨਾਲ ਅਣਜਾਣ ਹਾਂ,

ਨਾ ਸਾਡੇ ਕੋਲ ਅੱਖਾਂ ਨੇ ਜਿਸ ਦੇ ਨਾਲ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਨੇ, ਉਸ ਨੂੰ ਦਿਬਜ ਅੱਖ ਕਹਿੰਦੇ ਨੇ, ਨਾ ਸਾਨੂੰ ਦਿਬਜ ਕੰਨ ਪ੍ਰਾਪਤ ਹੈ ਸਭ ਕੋਲ, ਤੁਹਾਡੇ ਸਾਰਿਆਂ ਕੋਲ ਹਨ, ਮੇਰੇ ਕੋਲ ਵੀ ਨੇ, ਤੁਹਾਡੇ ਕੋਲ ਵੀ ਹਨ। ਐਡੀ ਕੀਮਤੀ ਚੀਜ਼ ਜਿਹੜੀ ਹੈ ਅਸੀਂ ਉਸ ਨੂੰ ਅਜਾਈ ਲੰਘਾ ਰਹੇ ਹਾਂ। ਦਿਬਜ ਕੰਨ ਹਨ। ਦਿਬਜ ਕੰਨ ਕੀ ਕਰਦਾ ਹੈ? ਦੁਨੀਆਂ ਭਰ ਦੀ ਬੋਲੀ ਸਮਝ ਲੈਂਦਾ ਹੈ, ਆਹ ਦਰਖਤਾਂ ਦੀ ਗੱਲ ਵੀ ਸੁਣ ਲੈਂਦਾ ਹੈ, ਪਰਾ ਬਾਣੀ ਕੋਈ ਨਹੀਂ ਸੁਣ ਸਕਦਾ। ਆਹ ਪਸੰਤੀ ਤਾਂ ਅਜੇ ਫੇਰ ਵੀ ਮਸ਼ੀਨਾਂ ਨੇ ਫੜਨ ਲਈ lie detector ਜਿਹੜੀਆਂ ਮਸ਼ੀਨਾਂ ਬਣੀਆਂ ਨੇ, ਉਹ ਪਸੰਤੀ ਬਾਣੀ ਨੂੰ ਫੜਦੀਆਂ ਨੇ ਲੇਕਿਨ ਪਰਾ ਬਾਣੀ ਨਹੀਂ ਕੋਈ ਫੜ ਸਕਦਾ। ਜਿਸ ਨੂੰ ਦੂਜੇ ਦੇ ਦਿਲ ਦੇ ਭਾਵ ਬੁੱਝਣ ਦੀ ਸ਼ਕਤੀ ਉਹ ਟੈਲੀਪੈਥੀ ਜਿਹੜੀ ਹੈ ਉਹ ਬਹੁਤ ਗਹਿਰੀ ਚੀਜ਼ ਹੋਇਆ ਕਰਦੀ ਹੈ ਉਸ ਦੇ ਨਾਲ ਸੰਬੰਧ ਜੁੜਦਾ ਹੈ। ਮਹਾਤਮਾ ਜਿਹੜਾ ਹੈ ਜਦੋਂ ਉਸ ਨੂੰ ਦਿੱਬ ਕੰਨ ਪ੍ਰਾਪਤ ਹੋ ਜਾਂਦੇ ਨੇ, ਦਿਬ ਰਸਨਾ ਪ੍ਰਾਪਤ ਹੋ ਜਾਂਦੀ ਹੈ ਉਹ ਦੇਵ ਲੋਕਾਂ ਦੀਆਂ ਸਾਰੀਆਂ ਗੱਲਾਂ ਜਾਣ ਜਾਂਦਾ ਹੈ ਇਥੇ ਵੀ ਜਾਣ ਜਾਂਦਾ ਹੈ ਦੁਨੀਆਂ ਨੂੰ ਵੀ ਦੇਖ ਲੈਂਦਾ ਹੈ। ਜਿਥੋਂ ਜੀਅ ਕਰੇ ਗੱਲ ਸੁਣ ਲੈਂਦਾ ਹੈ ਫੁਰਨਾ ਸੁਣ ਲੈਂਦਾ ਹੈ ਇਥੇ ਬੈਠਾ। ਸੰਗਤ ਕੋਈ ਫੁਰਨਾ ਕਰੇ ਮਹਾਂਪੁਰਸ਼ਾਂ ਨੂੰ ਪਹੁੰਚ ਜਾਂਦਾ ਹੈ, ਬੋਲਣ, ਨਾ ਬੋਲਣਾ।

ਇਕ ਵਾਰੀ ਚੰਡੀਗੜ੍ਹ ਮਹਾਰਾਜ ਜੀ ਦੇ ਦੀਵਾਨ ਲੱਗੇ ਹੋਏ ਸੀ। ਇਕ ਮੇਰੇ ਕੋਲ ਆਇਆ, ਬੜਾ ਕਟੱੜ ਕਿਸਮ ਦਾ ਬੰਦਾ ਸੀ। ਉਹ ਕਹਿੰਦਾ ਮਹਾਰਾਜ ਦਸਦੇ ਹੀ ਨਹੀਂ ਕਿ ਗੁਰੂ ਨਾਨਕ ਸਾਹਿਬ ਦਾ ਗੁਰੂ ਕੌਣ ਸੀ? ਮੈਂ ਕਿਹਾ ਤੂੰ ਥੋੜ੍ਹਾ ਜਿਹਾ ਚਿਰ ਠਹਿਰ ਜਾਹ। ਕਹਿੰਦਾ ਮੈਂ ਕੱਲ੍ਹ ਵੀ ਦੀਵਾਨ ਸੁਣਿਆ ਹੈ, ਅੱਜ ਵੀ ਸੁਣਿਆ ਹੈ। ਮਹਾਰਾਜ ਕਹਿੰਦੇ -

*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ॥ ਅੰਗ - 599*

ਮੈਂ ਕਿਹਾ ਸੁਣ ਲਿਆ ਤੂੰ, ਹੁਣ ਜਾ ਕੇ ਅਰਥ ਸਮਝ ਲਈਂ ਮਹਾਂਪੁਰਸ਼ਾਂ ਤੋਂ ਜਾ ਕੇ। ਉਹ ਬਾਤ ਸੁਣ ਹੁੰਦੀ ਹੈ ਦਿਬ ਕੰਨ ਦੇ ਨਾਲ, ਉਹ ਵੀ ਸਾਡੇ ਕੋਲ ਹਨ। ਦਿਬ ਨੇਤਰ ਸਾਰੀ ਸ੍ਰਿਸ਼ਟੀ ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ ਉਹ ਵੀ ਸਾਡੇ ਅੰਦਰ ਹਨ। ਦਿਬ ਰਸਨਾ ਕੋਈ ਵੀ ਪਦਾਰਥ ਐਸਾ ਨਹੀਂ ਹੈ ਸਭ ਤੋਂ ਸਰਵੋਤਮ ਰਸ ਨਾਮ ਦਾ ਹੋਇਆ ਕਰਦਾ ਹੈ। ਨਾਮ ਦਾ ਰਸ ਜਿਸ ਨੂੰ ਪ੍ਰਾਪਤ ਹੋ ਜਾਵੇ ਸਾਰੇ ਰਸ ਫਿਕੇ ਹੋ ਜਾਂਦੇ ਨੇ। ਉਹ ਰਸ ਦਿਬ ਰਸਨਾ ਨੂੰ ਪ੍ਰਾਪਤ ਹੋ ਜਾਂਦਾ ਹੈ। ਦਿਬ ਸਪਰਸ਼ ਰੂਹਾਨੀ ਕੰਬਣੀ ਉਸ ਨੂੰ ਆਖਦੇ ਹਨ ਜਿਸ ਦੇ ਅਨੰਦ ਦੀ ਕੋਈ ਸੀਮਾ ਨਹੀਂ ਹੈ ਐਨਾ ਜਿਆਦਾ ਹੁੰਦਾ ਹੈ। ਆਦਮੀ ਆਪਣੇ ਆਪ ਵਿਚ ਆਪੇ ਹੀ ਮਸਤ ਹੋ ਜਾਂਦਾ ਹੈ। ਦਿਬ ਨਾਸਕਾ ਜਦੋਂ ਦਿਬ ਨਾਸਕਾ ਪ੍ਰਾਪਤ ਹੋ ਜਾਂਦੀ ਹੈ, ਪਹਿਲਾਂ ਪਹਿਲਾਂ ਜਗਿਆਸੂ ਨੂੰ ਆਪਣੇ ਆਲੇ ਦੁਆਲਿਓਂ ਸੁਗੰਧੀ ਆਉਣ ਲੱਗ ਜਾਂਦੀ ਹੈ। ਉਹ ਦੇਖਦਾ ਹੈ ਕਿ ਇਥੇ ਸੁਗੰਧੀ ਕਾਹਦੀ ਆਉਣ ਲੱਗ ਗਈ? ਕੌਣ ਆ ਗਿਆ? ਇਥੇ ਮਿੱਟੀ ਨੂੰ ਚੁਕ ਕੇ ਸੁੰਘਦਾ ਹੈ ਉਸ ਦੇ ਵਿਚੋਂ ਵੀ ਆਉਂਦੀ ਹੈ, ਕਿਸੇ ਦਰਖਤ ਦੇ ਨਾਲ, ਕਿਸੇ ਪਦਾਰਥ ਨੂੰ ਨੱਕ ਲਾਉਂਦਾ ਹੈ, ਉਸ ਦੇ ਵਿਚੋਂ ਵੀ ਸੁਗੰਧੀ ਆ ਰਹੀ ਹੈ। ਉਹ ਸੁਗੰਧੀ ਬਾਹਰੋਂ ਨਹੀਂ ਆ ਰਹੀ ਹੁੰਦੀ। ਆਪਣੇ ਅੰਦਰ ਹੀ ਦਿਬ ਨਾਸਕਾ ਦਾ ਪ੍ਰਕਾਸ਼ ਹੋ ਗਿਆ, ਸੁਗੰਧੀ ਹੀ ਸੁਗੰਧੀ ਹੁੰਦੀ ਹੈ ਉਸ ਦੀ। ਇਹ ਚੀਜ਼ਾਂ ਨੇ ਇਹ ਪ੍ਰਾਪਤ ਹੋਇਆ ਕਰਦੀਆਂ ਨੇ। ਸੋ ਇਸੇ ਤਰ੍ਹਾਂ ਦੇ ਨਾਲ ਇਕ ਜੀਵਨ ਐਸਾ ਹੈ ਜਿਹੜਾ ਇਸ ਜੀਵਨ ਨੂੰ ਮਾਰ ਕੇ ਪ੍ਰਾਪਤ ਹੋਇਆ ਕਰਦਾ ਹੈ। ਸਰੀਰ ਨਹੀਂ ਮਰਦਾ ਹੁੰਦਾ। ਇਸ ਦੇ ਵਿਚ ਕੁਝ ਪ੍ਰਤੀਕਿਰਿਆ ਹੋਇਆ ਕਰਦੀ ਹੈ। ਰਸਾਇਣਿਕ ਤਾਂ ਪਰਿਵਤਨ ਜਿਹੜਾ ਹੈ, ਆਏਂ ਸਮਝ ਲਓ ਕਿ ਕੋਈ ਪਰਿਵਰਤਨ ਹੁੰਦੇ ਹਨ। ਮਹਾਰਾਜ ਕਹਿੰਦੇ ਜੀਉਂਦੇ ਜੀਉਂਦੇ ਤੇਰਾ ਤੇ ਮੇਰਾ ਦੋਹਾਂ ਦਾ ਸਾਥ ਨਹੀਂ ਨਿਭਣਾ। ਜੇ ਤੂੰ ਮੇਰੇ ਨਾਲ ਸਾਥ ਨਿਭਾਉਣਾ ਹੈ ਤਾਂ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਭਾਈ ਗੁਰਦਾਸ ਜੀ ਵਾਰ 3 ਪਉੜੀ 18*

ਤੈਨੂੰ ਇਹ ਸੁਰਤ ਛੱਡਣੀ ਪੈਣੀ ਹੈ, ਤੈਨੂੰ ਆਪਣੀ ਹੋਂਦ ਗਵਾਉਣੀ ਪੈਣੀ ਹੈ, ਮੈਂ ਹੈ ਜਿਹੜਾ ਤੇਰੇ ਵਿਚ ਤੈਨੂੰ ਇਹ ਛਡਣਾ ਪੈਣਾ ਹੀ ਹੈ ਫੇਰ ਅੱਗੇ ਤੈਨੂੰ ਰਾਹ ਲੱਭੇਗਾ-

*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਭਾਈ ਗੁਰਦਾਸ ਜੀ ਵਾਰ 3 ਪਉੜੀ 18*

ਸ਼ਕਤੀਆਂ ਐਨੀਆਂ ਪ੍ਰਾਪਤ ਹੋ ਜਾਣਗੀਆਂ। ਗੁਰੂ ਤੇਗ ਬਹਾਦਰ ਦੀ ਸ਼ਹੀਦੀ ਸਮੇਂ ਇਕ ਸਿੱਖ ਭਾਈ ਪਰਾਣਾ ਜੀ ਨੇ ਦੋਏ ਹੱਥ ਚੁੱਕ ਲਏ ਤਾੜੀ ਵਜਾਉਣ ਲੱਗਿਆ। ਮਹਾਰਾਜ ਕਹਿੰਦੇ, "ਨਾਹ! ਇਹ ਨਾ ਗੱਲ ਕਰੀਂ।"

ਭਾਈ ਮਤੀ ਦਾਸ ਨੇ ਜਦੋਂ ਇਹ ਗੱਲ ਕਹੀ ਕਿ ਮੈਂ ਦਿੱਲੀ ਨੂੰ ਗਰਕ ਕਰ ਦੇਣਾ ਹੈ ਤਾਂ ਮਹਾਰਾਜ ਨੇ ਸਾਰੀ ਹੀ ਸ਼ਕਤੀ ਖਿੱਚ ਲਈ। ਉਹ ਸਬਰ ਰਖਣਾ ਪੈਂਦਾ ਹੈ। ਇਕ ਮਿਸਾਲ ਹੈ।

ਇਕ ਬਹੁਤ ਵੱਡਾ ਮਹਾਤਮਾ ਹੋਇਆ ਹੈ ਦਿੱਲੀ ਦੇ ਅੰਦਰ। ਉਸ ਦਾ ਨਾਉ ਸੀ ਸਰਮੱਦ। ਉਸ ਦੀ ਕਰਨੀ ਕਮਾਈ ਬਹੁਤ ਹੀ ਜਿਆਦਾ ਸੀ। ਔਰੰਗਜ਼ੇਬ ਡਰਦਾ ਸੀ ਉਸ ਤੋਂ। ਇਹ ਬ੍ਰਹਿਨਾ ਰਿਹਾ ਕਰਦਾ ਸੀ, ਕੱਪੜਾ ਨਹੀਂ ਸੀ ਪਹਿਨਿਆ ਕਰਦਾ ਤੇ ਬਹਿੰਦਾ ਵੀ ਮਸਜਿਦ ਦੇ

ਸਾਹਮਣੇ, ਜਿਹੜੀ ਜਾਮਾ ਮਸਜਿਦ ਹੈ ਉਸ ਦੇ ਸਾਹਮਣੇ ਰਹਿੰਦਾ ਸੀ। ਇਸਲਾਮ ਦੇ ਵਿਚ ਬ੍ਰਹਿਨਾ (ਨੰਗੇ) ਰਹਿਣਾ ਕੁਫਰ ਹੋਇਆ ਕਰਦਾ ਹੈ, ਉਸ ਨੂੰ ਸਜ਼ਾਵਾਂ ਮਿਲਦੀਆਂ ਨੇ, ਫਤਵਾ ਲੱਗ ਜਾਂਦਾ ਹੈ ਕਿ ਨੰਗਾ ਕਿਉਂ ਰਹਿੰਦਾ ਹੈ? ਔਰੰਗਜ਼ੇਬ ਹਾਥੀ ਤੇ ਆ ਰਿਹਾ ਸੀ, ਹਾਥੀ ਬਿਠਾਇਆ, ਉਤਰਿਆ ਥੱਲੇ।

ਕਹਿਣ ਲੱਗਿਆ, "ਫਕੀਰ ਸਾਈਂ! ਤੂੰ ਕੱਪੜਾ ਕਿਉਂ ਨਹੀਂ ਪਹਿਨਦਾ? ਆਹ ਤੇਰੇ ਕੋਲ ਕੰਬਲ ਪਿਆ ਹੈ ਇਹ ਕਿਉਂ ਨਹੀਂ ਤੂੰ ਉਤੇ ਲੈਂਦਾ?"

ਉਹ ਕਹਿੰਦਾ, "ਤੂੰ ਦੇ ਦੇਹ।"

ਜਦੋਂ ਔਰੰਗਜੇਬ ਨੇ ਕੰਬਲ ਚੁਕਿਆ ਕੀ ਦੇਖਦਾ ਹੈ? ਇਸ ਦੇ ਭਰਾ ਦਾਰੇ ਦਾ ਸਿਰ ਉਥੇ ਪਿਆ ਹੈ, ਕਾਮਰੇਨ ਦਾ ਪਿਆ ਹੈ, ਬੇਅੰਤ ਸਾਧੂ ਸੰਤਾਂ ਦੇ ਸੀਸ ਪਏ ਨੇ, ਪਿਓ ਦਾ ਸਿਰ ਪਿਆ ਹੈ। ਡਰ ਕੇ ਕੰਬਲ ਰੱਖ ਦਿੱਤਾ ਉਥੇ ਹੀ।

ਕਹਿੰਦੇ, " ਦੇ ਦੇ।" ਚੁੱਪ ਕਰ ਗਿਆ।

ਕਹਿੰਦੇ, "ਤੇਰੇ ਪਾਪ ਢਕਾਂ ਜਾਂ ਆਪਣਾ ਸਰੀਰ ਢਕਾਂ।"

ਤੰਗ ਆ ਕੇ ਉਹ ਮਹਾਤਮਾ ਨੂੰ ਕਹਿਣ ਲੱਗਿਆ, "ਤੈਨੂੰ ਤਾਂ ਮੈਂ ਕਤਲ ਕਰਾਉਣਾ ਹੈ।"

ਕਹਿੰਦੇ, "ਕਰਾ ਦੇ ਦੇਖ ਲੈ, ਆ ਜਾਹ ਤੈਨੂੰ ਕਤਲ ਕਰਨ ਦਾ ਵੀ ਸੁਆਦ ਦਿਖਾਈਏ? ਪਹਿਲਾਂ ਮੇਰੀ ਚੀਚੀ ਨੂੰ ਚੀਰਾ ਦੇ ਕੇ ਦੇਖ।"

ਜਦੋਂ ਚੀਚੀ (ਉਂਗਲੀ) ਨੂੰ ਚੀਰਾ ਦਿੱਤਾ ਤਾਂ ਔਰੰਗਜੇਬ ਦੇ ਖ਼ੂਨ ਚਲਣ ਲਗ ਗਿਆ ਚੀਚੀ ਵਿਚੋਂ, ਉਦੋਂ ਹੀ ਮਹਿਲਾਂ ਵਿਚੋਂ ਖਬਰਾਂ ਆ ਗਈਆਂ ਕਿ ਸਾਰੀਆਂ ਰਾਣੀਆਂ, ਸਾਰੇ ਸ਼ਾਹੀ ਪਰਿਵਾਰ ਦੀਆਂ ਚੀਚੀਆਂ ਨੂੰ ਚੀਰੇ ਆ ਗਏ।

ਕਹਿੰਦਾ, "ਵੱਢ ਤਾਂ ਗਲ, ਜੇ ਤੁਹਾਡੇ ਨਾਲ ਹੀ ਨਾ ਵੱਢੇ ਜਾਣ।"

ਉਸ ਮਹਾਤਮਾ ਨੇ ਉਸ ਨੂੰ ਸੁਮੱਤ ਦੇਣ ਵਾਸਤੇ ਇਹ ਗੱਲਾਂ ਕਰੀਆਂ ਸੀ ਕਿ ਇਸ ਨੂੰ ਕੋਈ ਅਕਲ ਆ ਜਾਵੇ ਸਾਧੂਆਂ ਨੂੰ ਛੇੜਦਾ ਹੈ। ਅਖੀਰ ਉਸ ਨੇ ਉਸ ਨੂੰ ਕੈਦ ਕਰ ਦਿੱਤਾ। ਈਰਾਨ ਦਾ ਬਾਦਸ਼ਾਹ ਬੜਾ ਚੰਗਾ ਸੀ। ਉਸ ਦੇ ਦਰਬਾਰ ਵਿਚ ਰੂਹਾਨੀ ਮਸਲੇ ਵਿਚਾਰ ਵਿਟਾਂਦਰਾ ਕਰੇ ਜਾਂਦੇ ਸੀ ਤੇ ਇਕ ਦਿਨ ਸਬਰ ਤੇ ਸ਼ੁਕਰ ਦੀ ਬਾਤ ਆ ਗਈ। ਉਨ੍ਹਾਂ ਨੇ ਬੜੀਆਂ ਮੰਤਕਾਂ ਦੱਸੀਆਂ। ਉਹ ਕਹਿੰਦਾ ਮੈਂ ਨਹੀਂ ਸੰਤੁਸ਼ਟ ਹੁੰਦਾ। ਤਾਂ ਇਕ ਕਹਿਣ ਲੱਗਿਆ ਮਹਾਰਾਜ! ਜੇ ਤੁਸੀਂ ਸਚਮੁਚ ਇਸ ਦੇ ਅਰਥ ਪੁਛਣੇ ਚਾਹੁੰਦੇ ਹੋ ਤਾਂ ਔਰੰਗਜੇਬ ਦੀ ਕੈਦ ਵਿਚ ਸਰਮੱਦ ਸੂਫੀ ਪੀਰ ਕੈਦ ਹੋਇਆ ਹੋਇਆ ਹੈ। ਇਜਾਜ਼ਤ ਲੈ ਕੇ ਉਸ ਤੋਂ ਪੁਛ ਲਓ, ਉਹ ਦਸ ਦਏਗਾ ਤੁਹਾਨੂੰ ਇਹ ਗੱਲ। ਉਸੇ ਵੇਲੇ ਉਸ ਨੇ ਆਪਣੇ ਰਾਜਦੂਤਾਂ ਨੂੰ ਹੁਕਮ ਦੇ ਦਿੱਤਾ। ਥੋੜ੍ਹੇ ਦਿਨਾਂ ਦੇ ਵਿਚ ਹੁਕਮ ਪਹੁੰਚ ਗਿਆ ਦਿੱਲੀ। ਉਸ ਵੇਲੇ ਦੂਤ ਨੇ ਜੇਲ੍ਹ ਜਾਣ ਦੀ ਆਗਿਆ ਮੰਗ ਲਈ। ਇਹ ਜਿਸ ਵਕਤ ਜੇਲ੍ਹ ਦੇ ਦਰਵਾਜੇ ਅੱਗੇ ਜਾਂਦਾ ਹੈ ਤਾਂ ਵੱਡੇ-ਵੱਡੇ ਤਾਲੇ ਲੱਗੇ ਹੋਏ ਨੇ। 7 ਦਰਵਾਜਿਆਂ ਦੇ ਅੰਦਰ ਭੋਰੇ ਵਿਚ ਕੈਦ ਸੀ ਜਿਥੇ ਰੋਸ਼ਨੀ ਨਹੀਂ ਸੀ ਆਉਂਦੀ। ਉਹ ਜਦੋਂ ਪਹਿਲੇ ਦਰਵਾਜੇ ਕੋਲ ਗਿਆ ਤਾਂ ਚਾਬੀ ਤਾਂ ਉਨ੍ਹਾਂ ਦੇ ਹੱਥ ਵਿਚ ਹੀ ਹੈ, ਤੱੜਕ ਦੇ ਕੇ ਤਾਲਾ ਟੁੱਟ ਕੇ ਓਹ ਗਿਆ, ਦਰਵਾਜਾ ਫੜਾਕ ਦੇ ਕੇ ਖੁੱਲ ਗਿਆ। ਹੈਰਾਨ ਹੋ ਗਏ ਕਿ ਦਰਵਾਜਾ ਖੁੱਲ੍ਹ ਗਿਆ, ਦੂਜਾ, ਤੀਜਾ, ਚੌਥਾ, ਪੰਜਵਾਂ, ਸੱਤਵਾਂ ਵੀ ਖੁੱਲ੍ਹ ਗਿਆ। ਅੱਗੇ ਸਰਮੱਦ ਖੜ੍ਹਾ ਹੈ। ਕਹਿੰਦੇ, "ਇਨ੍ਹਾਂ ਨੂੰ ਕਾਹਨੂੰ ਕਹਿਣਾ ਸੀ ਤੂੰ ਆਪੇ ਹੀ ਆ ਜਾਂਦਾ।" ਉਸ ਨੂੰ ਦਿਖਾ ਦਿੱਤਾ ਕਿ ਜੇ ਮੈਂ ਚਾਹਾਂ ਤਾਂ ਇਨ੍ਹਾਂ ਦੇ ਤਾਲੇ ਕੁਝ ਨਹੀਂ ਕਰ ਸਕਦੇ।

ਉਹ ਕਹਿੰਦਾ, "ਮੈਂ ਤੁਹਾਡੇ ਕੋਲੋਂ ਅਰਥ ਪੁੱਛਣ ਆਇਆ ਹਾਂ, ਈਰਾਨ ਤੋਂ ਮੈਨੂੰ ਹੁਕਮ ਆਇਆ ਹੈ, ਸਬਰ ਤੇ ਸ਼ੁਕਰ ਦਾ ਅਰਥ ਪੁਛਣਾ ਹੈ।"

ਉਹ ਕਹਿੰਦੇ ਇਕ ਤਾਂ ਤੈਨੂੰ ਦਿਖਾ ਦਿੱਤਾ।"

ਕਹਿੰਦਾ, "ਮੇਰੀ ਤਾਂ ਸਮਝ ਵਿਚ ਨਹੀਂ ਆਏ।"

ਉਹ ਕਹਿੰਦੇ, "ਮੇਰੇ ਵਿਚ ਐਨੀ ਸ਼ਕਤੀ ਹੈ ਕਿ ਮੈਨੂੰ ਕੋਈ ਬੰਦੀ ਨਹੀਂ ਬਣਾ ਸਕਦਾ। ਪਰ ਮੈਂ ਸ਼ਕਤੀ ਨੂੰ ਸਬਰ ਦੇ ਨਾਲ ਕਾਬੂ ਕਰਿਆ ਹੋਇਆ ਹੈ। ਅੱਛਾ! ਤੂੰ ਪ੍ਰਤੱਖ ਦੇਖਣਾ ਹੈ ਤੂੰ ਕੱਲ੍ਹ ਨੂੰ ਫੇਰ ਆ ਜਾਵੀਂ। ਇਕ ਮਸ਼ਕ ਲਿਆਈਂ ਜਲ ਦੀ ਤੇ ਦੋ ਗਜ਼ ਲਿਆਈਂ ਕੱਪੜਾ ਮੇਰੇ ਤੇੜ ਕੋਈ ਕੱਪੜਾ ਨਹੀਂ ਹੈ, ਇਸ਼ਨਾਨ ਕਰਾਈਂ, ਬਹੁਤ ਦੇਰ ਹੋ ਗਈ। "ਇਸ਼ਨਾਨ ਕਰਿਆ ਤੇ ਪਰਨਾ ਵਲੇਟ ਲਿਆ ਆਲੇ ਦੁਆਲੇ। ਆਸਣ ਤੇ ਬਹਿ ਗਿਆ ਤੇ ਐਨੇ ਨੂੰ ਕੋਰੜੇ ਮਾਰਨ ਵਾਲਾ ਆ ਗਿਆ, 101 ਕੋਰੜਾ ਰੋਜ ਪੈਂਦਾ ਹੈ। ਉਹ ਜਦੋਂ ਕੋਰੜੇ ਮਾਰਨ ਲੱਗੇ ਚੌਂਕੜਾ ਮਾਰ ਕੇ ਬੈਠ ਗਿਆ। ਉਹ ਸਾਰੇ ਜੋਰ ਨਾਲ ਉਸਨੂੰ ਕੋਰਡੜੇ ਮਾਰਦਾ ਹੈ। ਉਸ ਦਾ ਚਮੜਾ ਤਾਂ ਉਧੇੜੀ ਜਾਂਦਾ ਹੈ, ਸਰੀਰ ਸੁਕਿਆ ਪਿਆ ਹੈ ਲੇਕਿਨ ਉਹ ਇਕੋ ਗੱਲ ਕਰੀ ਜਾਂਦਾ ਹੈ, ਉਂਗਲੀ ਨੂੰ ਇਸ ਤਰ੍ਹਾਂ (ਨਾਂਹ ਦੇ ਸੰਕੇਤ ਵਿਚ) ਮਾਰੀ ਜਾਂਦਾ ਹੈ। ਜਦੋਂ 51 ਲੱਗ ਗਏ ਜਲਾਦ ਥੱਕ ਗਿਆ ਤਾਂ ਉਸ ਵੇਲੇ ਸਰਮਦ ਕਹਿਣ ਲੱਗਿਆ, "ਤੈਨੂੰ ਕੁਝ ਸਮਝ ਵਿਚ ਆਇਆ?"

ਕਹਿੰਦਾ, "ਨਹੀਂ ਆਇਆ।"

ਕਹਿੰਦਾ, "ਚੰਗਾ! ਤੈਨੂੰ ਮੈਂ ਉਹ ਚਕਸ਼ੂ ਦਿੰਦਾ ਹਾਂ, ਉਹ ਨੇਤਰ ਦਿੰਦਾ ਹਾਂ ਜਿਸ ਦੇ ਨਾਲ ਤੂੰ ਸਮਝ ਜਾਵੇਂ।"

ਜਦੋਂ ਫੇਰ ਲੱਗਣ ਲੱਗੇ ਤਾਂ ਕੀ ਦੇਖਦਾ ਹੈ ਉਹ ਰਾਜਦੂਤ ਕਿ ਅਸਮਾਨੀ ਸ਼ਕਤੀਆਂ ਫਰਿਸ਼ਤੇ ਹੱਥ ਬੰਨ੍ਹੀ ਖੜੇ ਨੇ ਕਿ ਫਕੀਰ ਸਾਈਂ ਸਾਨੂੰ ਆਗਿਆ ਦੇਹ ਅਸੀਂ ਤਲਾ-ਮੁਲਾ ਚੁਕ ਦੇਈਏ। ਉਹ ਫੇਰ ਹੱਥ ਹਿਲਾਈ ਜਾਂਦਾ ਹੈ ਕਿ ਨਹੀਂ ਨਹੀਂ। ਜਦੋਂ 101 ਪੂਰਾ ਹੋ ਗਿਆ, ਕਹਿਣ ਲੱਗੇ, "ਹੁਣ ਸਬਰ ਦਾ ਅਰਥ ਸਮਝ ਵਿਚ ਆਇਆ ਜਾਂ ਨਹੀਂ?"

ਕਹਿੰਦਾ, "ਤੁਸੀਂ ਦੱਸ ਦਿਓ ਤਾਂ ਵਧੀਆ ਹੈ ਮੈਨੂੰ ਤਾਂ ਅਜੇ ਤੱਕ ਮੇਰੇ ਦਿਮਾਗ ਵਿਚ ਨਹੀਂ ਆਇਆ।"

ਕਹਿੰਦਾ, "ਬੜਾ ਤੂੰ ਅਜੀਬ ਆਦਮੀ ਹੈ। ਦੇਖ! 51 ਪਹਿਲਾਂ ਪਏ, ਫੇਰ ਮੈਂ ਤੈਨੂੰ ਦਿਖਾ ਦਿੱਤਾ ਕਿ ਕਿੰਨੀਆਂ ਅਸਮਾਨੀ ਸ਼ਕਤੀਆਂ, ਫਰਿਸ਼ਤੇ ਮੈਨੂੰ ਕਹਿ ਰਹੇ ਨੇ ਕਿ ਜ਼ਰਾ ਕੁ ਆਗਿਆ ਕਰ ਦੇਹ। ਤੇ ਪਿਆਰਿਆ! ਮੈਂ ਸਬਰ ਕਰੀਂ ਬੈਠਾ ਹਾਂ। ਮੈਂ ਕੁਝ ਆਗਿਆ ਨਹੀਂ ਕਰ ਰਿਹਾ। ਜੋ ਕੁਝ ਅੱਲ੍ਹਾ ਤਾਲਾ ਵਲੋਂ ਹੋ ਰਿਹਾ ਹੈ ਮੈਂ ਉਸੇ ਨੂੰ ਸਹਿਨ ਕਰ ਰਿਹਾ ਹਾਂ।"

ਉਸ ਤੋਂ ਬਾਅਦ ਪਾਣੀ ਆ ਗਿਆ। ਨਮਕ ਪਾ ਦਿੱਤਾ ਸਾਹਮਣੇ ਹੀ ਮੁੱਠੀ ਭਰ ਕੇ। ਜਦੋਂ ਪਾਣੀ ਪੀਂਦਾ ਹੈ ਤਾਂ ਦ੍ਰਿਸ਼ਟੀ ਖੋਲ੍ਹ ਦਿੱਤੀ। ਰਾਜਦੂਤ ਕੀ ਦੇਖਦਾ ਹੈ ਕਿ ਅਸਮਾਨੀ ਸ਼ਕਤੀਆਂ ਅਨੇਕ ਕਿਸਮ ਦੇ ਜਲ ਲਈ ਖੜ੍ਹੀਆਂ ਹਨ ਕਿ ਪੀਰ ਜੀ! ਆਹ ਪੀ ਲਓ, ਆਹ ਨਾ ਪੀਓ, ਆਹ ਨਾ ਪੀਓ।

ਉਹ ਕੌੜਾ ਪਾਣੀ ਪੀਣ ਤੋਂ ਬਾਅਦ ਕਹਿੰਦਾ, ਹੇ ਅੱਲ੍ਹਾ! ਤੇਰਾ ਸ਼ੁਕਰ ਹੈ ਕਿ ਤੂੰ ਮੈਨੂੰ ਵੀ ਪਾਣੀ ਦਿੰਦਾ ਹੈਂ, ਮੈਂ ਵੀ ਤੇਰੀ ਨਿਗ੍ਹਾ ਵਿਚ ਹਾਂ।"

ਇਹ ਸਬਰ ਸ਼ੁਕਰ ਹੋਇਆ ਕਰਦਾ ਹੈ। ਇਹ ਜਰੂਰੀ ਹੈ। ਇਸ ਰਸਤੇ ਤੇ ਚੱਲ ਕੇ ਇਹ ਨਹੀਂ ਕਿ ਜੇ ਮਾੜ੍ਹੀ ਜਿਹੀ ਕਰਾਮਾਤ ਹੋ ਗਈ ਤਾਂ ਦਿਖਾਈ ਜਾਓ, ਪਸੰਦ ਨਹੀਂ ਕਰੀ ਮਹਾਂਪੁਰਸ਼ਾਂ ਨੇ ਕਿਸੇ ਨੇ ਵੀ।

ਸੰਤ ਅਤਰ ਸਿੰਘ ਮਸਤੂਆਣੇ ਵਾਲੇ ਉਨ੍ਹਾਂ ਦੇ ਅੱਗੇ ਸੇਵਕ ਸੀ ਬੜੇ ਕਰਨੀ ਕਮਾਈ ਵਾਲੇ, ਭਾਈ ਮਨੀ ਸਿੰਘ ਸੀ ਦਿਆਲਪੁਰ ਵਾਲੇ। ਇਕ ਵਾਰੀ ਸੰਗਤਾਂ ਮਸਤੂਆਣੇ ਤੋਂ ਦਿਆਲਪੁਰ ਗੀਆਂ ਕਿ ਚਲੋ ਉਥੇ ਦਰਸ਼ਨ ਕਰ ਚਲੀਏ। ਉਥੇ ਗਏ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਮਸਤੂਆਣੇ ਤੋਂ ਸੰਗਤ ਆਈ ਹੈ। ਉਨ੍ਹਾਂ ਵਿਚ ਗੁਰ ਭਾਈ ਵੀ ਸੀ ਉਨ੍ਹਾਂ ਦੇ। ਥੋੜ੍ਹਾ ਅੰਦਰ ਹਉਮੈ ਦਾ ਜਾਗ ਲੱਗ ਗਿਆ। ਇਹ ਲੋਕ ਮੈਨੂੰ ਸਮਝਦੇ ਨਹੀਂ ਹਨ ਕਿ ਮੈਂ ਕੀ ਹਾਂ। ਚਲੋ ਅੱਜ ਦਸ ਵੀ ਦਿੰਦੇ ਹਾਂ ਤੇ ਨਾਲ ਸੇਵਾ ਕਰ ਦਿੰਦੇ ਹਾਂ।

ਸੇਵਾਦਾਰਾਂ ਨੂੰ ਕਹਿਣ ਲੱਗਿਆ, "ਆਹ ਦਰਖਤ ਦੇ ਥੱਲੇ, ਕੱਪੜੇ ਵਿਛਾ ਦਿਓ, ਖੇਸ ਵਿਛਾ ਦਿਓ।"

ਖੇਸ ਵਿਛਾ ਦਿੱਤੇ ਆਪ ਛੋਟੇ ਸੀ, ਇਕ ਟਾਹਣੇ ਤੇ ਖੜ੍ਹੇ ਹੋ ਕੇ ਹਲੂਣੇ ਦੇਈ ਜਾਂਦੇ ਨੇ, ਨਾਲੇ ਕਹੀ ਜਾਂਦੇ ਨੇ ਕਿ ਜਲੇਬੀਆਂ ਆਉਣੀਆਂ ਚਾਹੀਦੀਆਂ ਹਨ, ਲੱਡੂ ਚਾਹੀਦੇ ਨੇ, ਬਰਫੀਆਂ ਚਾਹੀਦੀਆਂ ਹਨ। ਸੰਗਤ ਨੂੰ ਛਕਾ ਦਿੱਤੀ ਸਾਰੀ ਮਠਿਆਈ ਹੀ ਮਠਿਆਈ। ਉਨ੍ਹਾਂ ਨੇ ਕਿਹਾ ਕਿ ਇਹ ਤਾਂ ਬੇਅੰਤ ਸ਼ਕਤੀ ਦਾ ਮਾਲਕ ਹੈ ਅਸੀਂ ਤਾਂ ਇਸ ਨੂੰ ਗਿਣਦੇ ਹੀ ਕੱਖ ਨਹੀਂ ਸੀ। ਬਾਬਾ ਜੀ ਨੂੰ ਜਾ ਕੇ ਦੱਸ ਦਿੱਤਾ।

ਕਹਿੰਦੇ, "ਮਹਾਰਾਜ! ਉਸ ਨੇ ਬੜੀ ਸਾਡੀ ਸੇਵਾ ਕੀਤੀ, ਮਠਿਆਈ ਛਕਾਈ।"

ਕਹਿੰਦੇ, "ਕਿਥੋਂ ਲਿਆਏ?"

ਕਹਿੰਦੇ, "ਜੀ ਦਰਖਤ ਤੋਂ ਝਾੜੀ ਗਏ।"

ਉਨ੍ਹਾਂ ਨੇ ਸੁਨੇਹਾ ਭੇਜ ਦਿੱਤਾ ਕਿ ਸਾਨੂੰ ਮਿਲ। ਉਹ ਜਦੋਂ ਮਿਲਿਆ ਆ ਕੇ ਨਮਸ਼ਕਾਰ ਕਰੀ, ਸੋਟੀ ਮੰਗਾ ਕੇ ਕੁੱਟਣਾ ਸ਼ੁਰੂ ਕਰ ਦਿੱਤਾ।

ਕਹਿੰਦਾ, "ਮਹਾਰਾਜ! ਮੈਨੂੰ ਕਸੂਰ ਤਾਂ ਦੱਸੋ।"

ਕਹਿੰਦੇ, "ਤੇਰੀ ਸ਼ਕਤੀ ਝਾੜਦੇ ਹਾਂ ਰਿਧੀ ਸਿਧੀ। ਇਹ ਤੈਨੂੰ ਰੱਖ ਦਏਗੀ ਰਾਹ ਵਿਚ।"

***ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥***

***ਅੰਗ - 593***

ਬਹੁਤ ਮਹਾਤਮਾ ਇਸੇ ਤਰ੍ਹਾਂ ਕਰਿਆ ਹੈ। ਮਹਾਂਪੁਰਸ਼ ਨਾਮਧਾਰੀ ਸੰਪਰਦਾ ਦੇ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ। ਉਨ੍ਹਾਂ ਦਾ ਇਕ ਸੇਵਕ ਸੀ, ਮੋਹਨ ਜੀ ਕਹਿੰਦੇ ਸੀ, ਮਸਤਾਨਾ ਵੀ ਕਿਹਾ ਕਰਦੇ ਸੀ ਉਸ ਨੂੰ। ਮਹਾਂਪੁਰਸ਼ ਗੁਰਦਾਸਪੁਰ ਜਾ ਕੇ ਆਏ ਉਥੇ ਉਹ ਸੀ।

ਜਦੋਂ ਤੁਰਨ ਲੱਗੇ ਕਹਿੰਦਾ, "ਮੈਨੂੰ ਵੀ ਕਾਰ ਵਿਚ ਜਗ੍ਹਾ ਦੇ ਦਿਓ।"

ਉਹ ਕਹਿੰਦੇ, "ਮਸਤਾਨਿਆ! ਜਗ੍ਹਾ ਕਿਥੇ ਹੈ?"

ਕਹਿੰਦਾ, "ਚੰਗਾ! ਤੁਹਾਡੀ ਮਰਜ਼ੀ।"

ਉਹ ਭੈਣੀ ਸਾਹਿਬ ਨੂੰ ਚਲ ਪਏ, ਅੱਗੇ ਆ ਕੇ ਕੀ ਦੇਖਦੇ ਨੇ ਕਿ ਮਸਤਾਨੇ ਦਾ ਦੀਵਾਨ ਲੱਗਿਆ ਹੋਇਆ ਹੈ। ਹੈਰਾਨ ਹੋ ਗਏ ਕਿ ਹਵਾ ਰਾਹੀਂ ਆ ਗਿਆ ਇਹ। ਇਹ ਕਿਵੇਂ ਪਹੁੰਚ ਗਿਆ ਇਥੇ। ਪੁਛਿਆ ਸਿੰਘਾਂ ਨੂੰ ਕਿ ਕਿੰਨੀ

ਦੇਰ ਹੋ ਗਈ। ਕਹਿੰਦੇ ਜੀ 3 ਘੰਟੇ ਹੋ ਗਏ ਇਸ ਦੇ ਦੀਵਾਨ ਲੱਗੇ ਨੂੰ।

ਕਹਿੰਦੇ, "ਸਾਡੇ ਕੋਲ ਭੇਜਿਓ ਜਦੋਂ ਸਮਾਪਤੀ ਕਰੇਗਾ।"

ਉਹ ਆ ਗਿਆ ਤੇ ਮਹਾਂਪੁਰਸ਼ਾਂ ਨੇ ਸੋਟੀ ਲੈ ਕੇ ਜਿਵੇਂ ਕੋਈ ਚੀਜ਼ ਝਾੜੀਦੀ ਹੁੰਦੀ ਹੈ ਆਏਂ ਝਾੜਨਾ ਸ਼ੁਰੂ ਕਰ ਦਿੱਤਾ।

ਕਹਿੰਦੇ, "ਤੇਰੀ ਰਿਧੀ ਸਿਧੀ ਝਾੜਦੇ ਹਾਂ। ਮੈਨੂੰ ਹੀ ਦਿਖਾਉਣ ਲੱਗ ਗਿਆ ਤੂੰ ਦੁਨੀਆਂ ਨੂੰ ਤਾਂ ਤਮਾਸ਼ਾ ਦਿਖਾਏਂਗਾ ਹੀ।"

*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਹ ਆਵਤ ਲਾਜਾ॥ ਬਚਿਤ੍ਰ ਨਾਟਕ*

ਗੁਰੂ ਘਰ ਵਿਚ ਪ੍ਰਵਾਨ ਨਹੀਂ ਹਨ ਜੇ ਕੋਈ ਦਿਖਾਉਂਦਾ ਹੈ ਉਹ ਗੁਨਹਗਾਰ ਹੋ ਜਾਇਆ ਕਰਦਾ ਹੈ। ਸੁਤੇ ਹੀ ਮਹਾਂਪੁਰਸ਼ ਕਰਦੇ ਨੇ ਪਰਉਪਕਾਰ ਵਸ ਆ ਕੇ। ਜੇ ਬਾਬਾ ਬੀਰ ਸਿੰਘ ਜੀ ਨੇ ਮਾਹਾਰਾਜ ਰਣਜੀਤ ਸਿੰਘ ਦੇ ਨਾਲ ਜਾਂਦਿਆ ਅਟਕ ਦਰਿਆ ਰੋਕ ਦਿੱਤਾ ਸੀ। ਉਹ ਦਿਖਾਉਣ ਵਾਸਤੇ ਨਹੀਂ ਸੀ ਰੋਕਿਆ। ਮਹਾਰਾਜ ਰਣਜੀਤ ਸਿੰਘ ਨੇ ਬਹੁਤ ਅਰਦਾਸ ਕਰੀ ਕਿ "ਮਹਾਂਪੁਰਸ਼ੋ! ਜੇ ਹੁਣ ਫੌਜ ਪਾਰ ਨਾ ਕਰੀ ਅਟਕ ਤੋਂ ਤਾਂ ਜਮਰੌਦ ਦਾ ਕਿਲ੍ਹਾ ਜਿਹੜਾ ਹੈ ਉਹ ਸਾਡੇ ਹਥੋਂ ਨਿਕਲ ਜਾਏਗਾ। ਦੋ ਲੱਖ ਪਠਾਣ ਹਮਲਾ ਕਰਨ ਨੂੰ ਤਿਆਰ ਹੋਇਆ ਹੋਇਆ ਹੈ ਤੇ ਇਨ੍ਹਾਂ ਨੇ ਲਾਹੌਰ ਤੋਂ ਏਧਰ ਨਹੀਂ ਖੜਨਾ, ਮੁੜ ਕੇ ਓਹੀ ਫੇਰ ਹੋ ਜਾਏਗਾ, ਹਜ਼ਾਰਾਂ ਬੀਬੀਆਂ ਦੀ ਪਤ ਲਹਿ ਜਾਏਗੀ। ਉਨ੍ਹਾਂ ਨੂੰ ਚੁੱਕ ਕੇ ਬੰਨ੍ਹ ਕੇ ਲਿਆਉਣਗੇ, ਪੰਜਾਬ ਲੁੱਟਿਆ ਫੁਟਿਆ ਜਾਏਗਾ, ਕਿਰਪਾ ਕਰੋ ਹੁਣ ਤੁਸੀਂ।"

ਉਹ ਕਹਿੰਦੇ, "ਰਣਜੀਤ ਸਿੰਘ! ਅਸੀਂ ਸੁਖਮਨੀ ਸਾਹਿਬ ਪੜ੍ਹਦੇ ਹਾਂ। ਦਰਿਆ ਨੂੰ ਕਹਿ ਦਿੱਤਾ ਕਿ ਠਹਿਰ ਜਾਹ ਜਿੰਨਾ ਚਿਰ ਅਸੀਂ ਸੁਖਮਨੀ ਸਾਹਿਬ ਪੜ੍ਹਦੇ ਹਾਂ। ਕਹਿੰਦੇ ਫੌਜ ਲੰਘਾ ਲਈ ਜਲਦੀ, ਫੌਜ ਲੰਘਾ ਲਈ।

ਮੂਸਾ ਜੀ ਜਦੋਂ ਫਰੂਨ ਦੇ ਕੋਲੋਂ ਪ੍ਰਮੇਸ਼ਰ ਨੇ ਬਚਾਏ। ਉਹ ਆਪਣੀ ਯਹੂਦੀ ਕੌਮ ਨੂੰ ਲੈ ਕੇ ਨਿਕਲ ਰਹੇ ਸੀ। ਜਦੋਂ ਉਹ ਲਾਲ ਸਾਗਰ ਦੇ ਕੋਲ ਆਏ। ਉਧਰੋਂ ਪਿਛੋਂ ਪਤਾ ਲੱਗ ਗਿਆ ਕਿ ਫਰੂਨ ਫੌਜਾਂ ਲੈ ਕੇ ਮਾਰਨ ਵਾਸਤੇ ਆ ਰਿਹਾ ਹੈ ਕਿ ਇਕ ਵੀ ਬੰਦਾ ਜੀਉਂਦਾ ਨਹੀਂ ਛੱਡਣਾ। ਉਸ ਨੇ ਦੁਆ ਕਰੀ ਹੇ ਅਲ੍ਹਾ ਤਾਲਾ! ਉਥੇ ਤਾਂ ਤੂੰ ਰਾਤ ਪਾ ਕੇ ਸਾਨੂੰ ਬਚਾ ਲਿਆ। ਉਥੇ ਦਿਨ ਸੀ ਰਾਤ ਪਾ ਦਿੱਤੀ ਰੱਬ ਨੇ। ਨੀਂਦ ਚਾੜ੍ਹ ਦਿੱਤੀ ਸਾਰਿਆਂ ਨੂੰ। ਹੁਣ ਤਾਂ ਉਹ ਪਿਛੇ ਆ ਰਹੇ ਨੇ, ਹੁਣ ਸਾਡਾ ਕੀ ਬਣੇਗਾ?

ਆਵਾਜ਼ ਆਈ ਅਕਾਸ਼ਬਾਣੀ, "ਮੂਸੇ! ਸਮੁੰਦਰ ਤੋਂ ਰਾਹ ਲੈ ਲੈ, ਡੰਡਾ ਮਾਰ ਇਸ ਦੇ।"

ਡੰਡਾ ਮਾਰਿਆ ਸਮੁੰਦਰ ਦੋ ਹਿੱਸਿਆਂ ਵਿਚ ਫਟ ਗਿਆ। ਕਹਿੰਦੇ ਨਿਕਲ ਜਾਹ ਲੈ ਕੇ ਆਪਣੀ ਕੌਮ ਨੂੰ। ਸਾਰੇ ਯਹੂਦੀਆਂ ਨੂੰ ਉਥੋਂ ਲੈ ਕੇ ਉਸ ਨੇ ਕੱਢ ਲਿਆ ਤੇ ਜਿਸ ਵਕਤ ਫਰੂਨ ਦੀਆਂ ਫੌਜਾਂ ਆਈਆਂ ਖਾਲੀ ਥਾਂ ਦੇਖ ਕੇ ਵਿਚ ਵੜ ਗਈਆਂ ਸਾਰੀਆਂ, ਜਦੋਂ ਅੱਧ ਵਿਚ ਗਈਆਂ ਤਾਂ ਪਾਣੀ ਆਪਸ ਵਿਚ ਮਿਲ ਗਿਆ ਪਾਣੀ ਨਾਲ, ਉਹ ਸਾਰੀ ਫੌਜ ਉਥੇ ਮਰ ਗਈ। ਉਸ ਦਿਨ ਤੋਂ ਇਸ ਦਾ ਨਾਉਂ 'ਲਾਲ ਸਾਗਰ' ਪੈ ਗਿਆ red sea ਕਹਿਣ ਲੱਗ ਗਏ। ਦੁਨੀਆਂ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀਆਂ ਬਹੁਤ ਬਾਤਾਂ ਨੇ। ਇਹ ਨਹੀਂ ਕਿ ਸੰਤ ਖਾਲੀ ਹੁੰਦੇ ਨੇ ਮਹਾਰਾਜ ਕਹਿੰਦੇ, –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - 649*

ਜਿਸ ਦੇ ਹਿਰਦੇ ਵਿਚ ਵਾਹਿਗੁਰੂ ਵਸ ਗਿਆ, ਉਸ ਦੇ ਕੋਲ ਇਹ ਤਾਕਤਾਂ ਆਉਂਦੀਆਂ ਹਨ ਤੇ ਇਧਰਲੇ ਪਾਸੇ ਕੀ ਕਹਿੰਦੇ ਨੇ?

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਭਾਈ ਗੁਰਦਾਸ ਜੀ ਵਾਰ 3 ਪਉੜੀ 18*

ਜੋ ਕੁਦਰਤੀ ਹਾਲਤ ਹੁੰਦੀ ਹੈ ਉਸ ਦੇ ਮੁਤਾਬਕ ਚਲਣਾ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਪਿਆਰਿਆ! ਗੁਲਾਮ ਬਣਨਾ ਪੈਣਾ ਹੈ।

ਗੁਲਾਮ ਕੀ ਹੁੰਦਾ ਹੈ? ਆਪਾਂ ਪੜ੍ਹ ਲੈਂਦੇ ਹਾਂ। ਇਕ ਰਾਜਾ ਸੀ ਉਸ ਦਾ ਨਾਉਂ ਇਬਰਾਹੀਮ ਆਦਮ ਸੀ, ਅਫਗਾਨਿਸਤਾਨ ਦਾ ਰਾਜਾ ਸੀ। ਉਸ ਨੇ ਇਕ ਗੁਲਾਮ ਖਰੀਦਿਆ। ਉਸ ਗੁਲਾਮ ਦੀ ਉਠਣੀ, ਬੈਠਣੀ, ਗੱਲ ਕਰਨੀ, ਸਾਰੀ ਸੋਚਣੀ, ਪੈਣਾ ਇਸ ਤਰ੍ਹਾਂ ਲੱਗਿਆ ਜਿਵੇਂ ਬਹੁਤ ਅਮੀਰ ਆਦਮੀ ਲੈ ਆਂਦਾ ਭਲਾ ਮਾਣਸ। ਰਹਿਮ ਆ ਗਿਆ ਉਸ ਨੂੰ।

ਕਹਿਣ ਲੱਗਿਆ, "ਇਸ ਗੁਲਾਮ ਨੂੰ ਮੇਰੇ ਪੇਸ਼ ਕਰੋ।"

ਗੁਲਾਮ ਪੇਸ਼ ਕਰਿਆ। ਕਹਿੰਦੇ, "ਐ ਗੁਲਾਮ! ਮੈਂ ਤੇਰੇ ਉਤੇ ਬੜਾ ਖੁਸ਼ ਹਾਂ। ਤੂੰ ਮੈਨੂੰ ਦੱਸ ਤੇਰਾ ਕੀ ਨਾਉਂ ਸੀ, ਅਸੀਂ ਤੇਰਾ ਓਹੀ ਨਾਉਂ ਲੈ ਕੇ ਬੁਲਾਇਆ ਕਰੀਏ, ਤੇਰੀ ਖਾਣ ਪੀਣ ਦੀ ਪਸੰਦ ਕੀ ਹੈ? ਤੂੰ ਕਦੋਂ ਰੋਟੀ ਖਾਣੀ ਚਾਹੁੰਦਾ ਹੈ? ਕਿਹੜੇ ਵੇਲੇ ਤੂੰ ਨਾਸ਼ਤਾ ਕਰਨਾ ਚਾਹੁੰਦਾ ਹੈ? ਕਿਹੜੇ ਵੇਲੇ ਜਲ ਪਾਣੀ ਚਾਹੁੰਦਾ ਹੈ? ਉਹ ਦਸ ਅਸੀਂ ਉਸੇ ਤਰ੍ਹਾਂ ਦਾ ਹੁਕਮ ਕਰ ਦਿਆਂਗੇ। ਤੂੰ ਕੱਪੜੇ ਕਿਹੋ ਜਿਹੇ

ਪਾਉਣੇ ਚਾਹੁੰਦਾ ਹੈ? ਉਹ ਵੀ ਮੈਨੂੰ ਦੱਸ ਦੇਹ। ਕਦੋਂ ਸੌਣਾ ਚਾਹੁੰਦਾ ਹੈ? ਜਦੋਂ ਜਾਗਣਾ ਚਾਹੁੰਦਾ ਹੈ? ਉਹ ਵੀ ਮੈਨੂੰ ਦੱਸ ਦੇਹ।"

ਉਹ ਕਹਿਣ ਲੱਗਿਆ, "ਬਾਦਸ਼ਾਹ ਸਲਾਮਤ! ਜਦੋਂ ਆਜ਼ਾਦ ਸੀ ਉਸ ਵੇਲੇ ਨਾਉਂ ਸੀ ਮੇਰਾ। ਹੁਣ ਤਾਂ ਮੈਂ ਆਜ਼ਾਦ ਨਹੀਂ, ਗੁਲਾਮ ਹਾਂ, ਮੁੱਲ ਖਰੀਦਿਆ ਹੋਇਆ।"

ਤੁਸੀਂ ਕੋਈ ਬਲਦ ਖਰੀਦ ਲਿਆਓ, ਮੱਝ ਖਰੀਦ ਲਿਆਓ ਕੋਈ ਹੋਰ ਘੋੜਾ ਵਗੈਰਾ ਖਰੀਦ ਲਿਆਓ। ਜਿਹੜਾ ਨਾਉਂ ਰਖਣਾ ਹੈ ਉਸ ਨੇ ਬੋਲ ਪੈਣਾ ਹੈ ਥੋੜੇ ਦਿਨਾਂ ਤੋਂ ਬਾਅਦ, ਕੁੱਤੇ ਦਾ ਜਿਹੜਾ ਨਾਉਂ ਰੱਖਣਾ ਹੈ ਉਸ ਨੇ ਬੋਲ ਪੈਣਾ ਹੈ।

ਕਹਿਣ ਲੱਗਿਆ, "ਨਾਮ ਸੀ ਮੇਰਾ, ਵਿਆਧੀ ਸੀ ਨਾਲ, ਬੜੇ ਨਾਲ ਖਿਤਾਬ ਰਲਦੇ ਸੀ। ਹੁਣ ਤਾਂ ਮੈਂ ਗੁਲਾਮ ਹਾਂ ਜਿਹੜਾ ਤੁਸੀਂ ਕੱਟੂ ਬੱਟੂ ਮੈਨੂੰ ਕਹਿ ਦੇਵੋਂਗੇ ਮੈਨੂੰ ਦਸ ਦਈਓ ਕਿ ਆਹ ਨਾਮ ਤੇਰਾ ਹੈ ਮੈਂ ਹੱਥ ਜੋੜ ਕੇ ਸਾਹਮਣੇ ਆ ਜਾਇਆ ਕਰਾਂਗਾ। ਗੁਲਾਮ ਦਾ ਕੀ ਨਾਉਂ ਗੁਲਾਮ ਦਾ ਕੀ ਆਦਰ?

ਮਹਾਰਾਜ ਜਿਹੜਾ ਤੁਸੀਂ ਕਹਿੰਦੇ ਕਿ ਖਾਣ ਪੀਣ ਦੀ ਤੇਰੀ ਪਸੰਦ ਕੀ ਸੀ? ਰੁੱਖੀਆਂ ਦੇਣੀਆਂ ਹਨ ਰੁੱਖੀ ਦੇ ਦਿਓ, ਬਹੀਆਂ ਦੇਣੀਆਂ ਹਨ ਬਹੀਆਂ ਦੇ ਦਿਓ, ਜੂਠੀਆਂ ਦੇਣੀਆਂ ਨੇ ਜੂਠੀਆਂ ਦੇ ਦਿਓ, ਗੁਲਾਮ ਦਾ ਧਰਮ ਕੋਈ ਨਹੀਂ ਹੁੰਦਾ ਜਿਹੋ ਜਿਹੀ ਦੇ ਦਿਓਗੇ ਮੈਂ ਖਾ ਲਿਆ ਕਰਨੀ ਹੈ। ਮੇਰੇ ਸਰੀਰ ਤੋਂ ਕੰਮ ਬਹੁਤਾ ਚਿਰ ਲੈਣਾ ਹੈ ਤਾਂ ਚੰਗੀ ਖੁਰਾਕ ਦੇਈ ਜਾਓ। ਜੇ ਛੇਤੀ ਹੀ ਇਸ ਨੂੰ ਨਸ਼ਟ ਕਰਨਾ ਹੈ ਤਾਂ ਰੁੱਖੀਆਂ ਸੁੱਕੀਆਂ ਫੜਾਈ ਜਾਓ, ਮੈਂ ਤਾਂ ਖਾਣੀਆਂ ਹੀ ਨੇ, ਮੇਰਾ ਹੱਕ ਨਹੀਂ, ਕੋਈ। ਜਿਹੜਾ ਤੁਸੀਂ ਕਹਿੰਦੇ ਹੋ ਸੌਣ ਨੂੰ, ਜਦੋਂ ਤੁਸੀਂ ਕਹਿ ਦਿਓਗੇ ਜਾਹ ਪੈ ਜਾਹ, ਜਦੋਂ ਹਾਕ ਮਾਰੋਂਗੇ ਮੈਂ ਉਠ ਆਵਾਂਗਾ। ਜਦੋਂ ਕਹਿ ਦਿਓਗੇ ਇਕ ਵਜੇ ਉਠਿਆ ਕਰ ਮੈਂ ਉਠ ਜਾਵਾਂਗਾ। ਸੋ ਬਾਕੀ ਹੈ ਕੱਪੜਾ ਪਹਿਨਣਾ ਜਿਹੜਾ ਤੁਹਾਡੀਆਂ ਅੱਖਾਂ ਨੂੰ ਚੰਗਾ ਲਗਦਾ ਹੈ ਉਹ ਦੇ ਦਿਓ, ਪਾਟੇ ਹੋਏ ਚੰਗੇ ਲਗਦੇ ਹਨ ਤਾਂ ਉਹ ਦੇ ਦਿਓ ਕੋਈ ਚੱਜ ਦਾ ਲਗਦਾ ਹੈ ਤਾਂ ਉਹ ਦੇਈ ਜਾਓ।"

ਏਵੇਂ ਸੁਖਾਲਾ ਨਹੀਂ ਹੈ ਸਾਧ ਸੰਗਤ ਜੀ ਆਏ ਪੜ੍ਹ ਲਓ–

***ਧਾਰਨਾ - ਜੀਉਂਦੇ ਮਰ ਜਾਵਣਾ,***
***ਸਿੱਖੀ ਕਮਾਉਣੀ ਔਖੀ -2, 2.***
***ਜੀਉਂਦੇ ਮਰ ਜਾਵਣਾ,................ -2.***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ -1102***

ਕਿੱਡੀ ਔਖੀ ਸ਼ਕਤ ਹੈ ਗੁਰੂ ਦੀ ਸਿਖ ਵਾਸਤੇ। ਸੋ ਕਹਿਣ ਲੱਗੇ, ਭਾਈ ਮੰਝ! ਤੂ ਸਿੱਖੀ ਦੀ ਦਾਤ ਮੰਗਦਾ ਹੈ ਇਹ ਕੋਈ ਸੁਖਾਲੀ ਜਿਹੀ ਚੀਜ਼ ਨਹੀਂ ਹੈ। ਇਸ ਦੇ ਵਾਸਤੇ ਬੜੀਆਂ ਚੀਜ਼ਾਂ ਦੀ ਲੋੜ ਹੈ। ਉਹ ਚੀਜ਼ਾਂ ਜਿੰਨੀ ਦੇਰ ਤੱਕ ਨਹੀਂ ਹੁੰਦੀਆਂ, ਰਹਿਤਾਂ ਨਹੀਂ ਹੋਇਆ ਕਰਦੀਆਂ ਓਨੀ ਦੇਰ ਤੱਕ ਚੱਲ ਹੀ ਨਹੀਂ ਹੋਇਆ ਕਰਦਾ। ਦੋ ਤਰ੍ਹਾਂ ਦੀਆਂ ਰਹਿਤਾਂ ਹਨ ਸਾਧ ਸੰਗਤ ਜੀ! ਇਕ ਰਹਿਤ ਨੂੰ ਤਾਂ ਅਸੀਂ ਜਾਣਦੇ ਹਾਂ। ਇਕ ਨੂੰ ਨਹੀਂ ਜਾਣਦੇ ਤੇ ਸ਼ਿਕਾਇਤ ਅਸੀਂ ਕਰ ਜਾਂਦੇ ਹਾਂ ਜੀ! ਮੇਰਾ ਨਾਮ ਨਹੀਂ ਚਲਦਾ, ਮੇਰੀ ਬਿਰਤੀ ਨਹੀਂ ਲਗਦੀ, ਮੇਰਾ ਮਨ ਨਹੀਂ ਟਿਕਦਾ। ਆਖਿਰ ਜਿਨ੍ਹਾਂ ਨੇ ਮਨ ਟਿਕਾਏ ਨੇ ਕੋਈ ਨਾ ਕੋਈ ਤਾਂ ਉਨ੍ਹਾਂ ਨੇ ਗੱਲ ਕਰੀ ਹੀ ਹੈ, ਜਿਹੜੀ ਉਨ੍ਹਾਂ ਨੇ ਕਰੀ ਹੈ ਉਹ ਤੁਸੀਂ ਕਰ ਲੋ, ਮਨ ਟਿਕ ਜਾਏਗਾ, ਆਏਂ ਤਾਂ ਨਹੀਂ ਟਿਕਦਾ ਹੈ। ਆਏਂ ਤਾਂ ਜੇ ਸਾਰਿਆਂ ਨਾਲੋਂ ਔਖੀ ਦੁਨੀਆਂ ਵਿਚ ਕੋਈ ਗੱਲ ਹੈ, ਉਹ ਮਨ ਦੀ ਹੈ ਵੱਡੇ ਵੱਡੇ ਮਨ ਦੇ ਸਾਹਮਣੇ ਹਾਰ ਗਏ।

ਇਕ ਮਹਾਤਮਾ ਸੀ ਕੇਸ਼ਵਾਨੰਦ, ਉਨ੍ਹਾਂ ਨੇ ਰਾਮਾਇਣ ਲਿਖੀ ਹੈ। ਤੁਲਸੀਦਾਸ ਦੇ ਵੇਲੇ ਹੋਏ ਸੀ ਉਹ, ਅਕਬਰ ਦੇ ਰਾਜ ਵੇਲੇ ਤੇ ਤੁਲਸੀਦਾਸ ਇਕ ਪਿੰਡ ਵਿਚ ਕੀਰਤਨ ਕਰਨ ਗਿਆ। ਜਦੋਂ ਕੀਰਤਨ ਕਰ ਲਿਆ ਤਾਂ ਸਾਰੇ ਨਗਰ ਨਿਵਾਸੀਆਂ ਨੇ ਬੇਨਤੀ ਕਰੀ ਕਿ ਮਹਾਰਾਜ! ਸਾਡਾ ਇਕ ਦੁਖ ਦੂਰ ਕਰ ਦਿਓ।

ਕਹਿੰਦੇ, "ਦੱਸੋ ਭਾਈ!"

ਕਹਿੰਦੇ, "ਆਹ ਜਿਹੜਾ ਬੋਹੜ ਹੈ ਇਸ ਰਸਤੇ ਦੇ ਉਤੇ। ਉਸ ਦੇ ਉਤੇ ਇਕ ਬਦਰੂਹ ਰਹਿੰਦੀ ਹੈ, ਉਹ ਬੰਦਿਆਂ ਨੂੰ ਤਾਂ ਕੁਝ ਨਹੀਂ ਕਹਿੰਦੀ, ਜਦੋਂ ਬੀਬੀਆਂ ਜਾਣ, ਉਨ੍ਹਾਂ ਦੇ ਕੱਪੜੇ ਫਾੜ ਦਿੰਦੀ ਹੈ, ਅਸੀਂ ਬੜੇ ਤੰਗ ਹਾਂ ਰਾਹ ਵੀ ਬੰਦ ਹੋ ਗਿਆ ਇਹ, ਵੱਲ ਪਾ ਕੇ ਜਾਂਦੇ ਹਾਂ, ਕਿਰਪਾ ਕਰੋ।"

ਉਸ ਵੇਲੇ ਤੁਲਸੀਦਾਸ ਜੀ ਕਹਿਣ ਲੱਗੇ ਕਿ ਸਾਡੇ ਕੋਲ ਤਾਂ ਹਰੀ ਦਾ ਜਸ ਹੈ, ਹਰੀ ਦਾ ਜਸ ਕਰਾਂਗੇ ਚਲੀ ਜਾਏਗੀ। ਉਥੇ ਜਾ ਕੇ ਉਨ੍ਹਾਂ ਨੇ ਭਜਨ ਗਾਉਣੇ ਸ਼ੁਰੂ ਕਰ ਦਿੱਤੇ ਦਰਖਤ ਦੇ ਥੱਲੇ ਬੈਠ ਕੇ, ਦਿਬਜ ਦ੍ਰਿਸ਼ਟੀ ਨਾਲ ਦੇਖਿਆ ਕਿ ਉਹ ਤਾਂ ਉਤਰ ਕੇ ਮੇਰੇ ਵੱਲ ਨੂੰ ਆ ਰਹੀ ਹੈ। ਜਦੋਂ ਨੇੜੇ ਆਈ ਤਾਂ ਪਛਾਣ ਗਏ ਕਿ ਇਹ ਤਾਂ ਸੰਤ ਕੇਸ਼ਵਾਨੰਦ ਜੀ ਨੇ। ਹੈਂ! ਇਹ ਕੀ ਗੱਲ ਹੋ ਗਈ? ਐਡਾ ਮਹਾਤਮਾ ਹੈ ਤੇ ਭੂਤ ਬਣਿਆ ਫਿਰਦਾ ਹੈ ਇਹ ਤਾਂ।

ਉਹਨਾਂ ਨੇ ਪੁਛਿਆ, "ਕੀ ਗੱਲ ਹੋ ਗਈ ਸੰਤ ਜੀ? ਆਹ ਗਤੀ ਤੁਹਾਨੂੰ ਕਿਉਂ ਮਿਲ ਗਈ?"

ਕਹਿੰਦਾ, "ਮੈਂ ਕੀ ਦੱਸਾਂ ਅੰਤ ਮਤੇ ਸੋ ਗਤੇ। ਆਖਰੀ ਸੁਆਸ ਛੱਡਣ ਵੇਲੇ ਜਿਹੜੀ ਚੀਜ਼ ਮਨ ਵਿਚ ਹੋਏਗੀ ਉਹ ਗਤੀ ਹੋ ਜਾਏਗੀ।"

***ਅੰਤਿ ਕਾਲਿ ਨਾਰਾਇਣੁ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ***
***ਪੀਤੰਬਰੁ ਵਾ ਕੇ ਰਿਦੈ ਬਸੈ॥*** ***ਅੰਗ - 526***

ਮੇਰੇ ਆਉਣ ਤੋਂ ਪਹਿਲਾਂ ਸੁਣ ਰਹੇ ਸੀ - ਗਣਕਾ ਚਲੀ ਹੈ ਬਵਾਨਾ ਉਤੇ ਬੈਠ ਕੇ, ਪਾਪਾਂ ਦਾ ਪਹਾੜ ਢਹਿ ਗਿਆ। ਉਹ ਕਿਉਂ ਬੈਠੀ ਕਿਉਂਕਿ ਉਸ ਦੇ ਮੁਖ ਵਿਚ ਉਸ ਵੇਲੇ ਰਾਮ ਦਾ ਨਾਮ ਸੀ ਜਦ ਸੱਪ ਨੂੰ ਹੱਥ ਮਾਰਿਆ ਉਸ ਨੇ। ਉਸ ਨੇ ਕਿਹਾ, 'ਗੰਗਾ ਰਾਮਾ ਬੋਲ ਰਾਮ ਰਾਮ। ਉਸ ਦੀ ਬਿਰਤੀ ਰਾਮ ਦੇ ਵਿਚ ਲੱਗੀ ਹੋਈ ਸੀ, ਲਿਵ ਦੀ ਅਵਸਥਾ ਉਸ ਨੂੰ ਪ੍ਰਾਪਤ ਹੋ ਚੁੱਕੀ ਸੀ, ਪ੍ਰਮੇਸ਼ਰ ਨੂੰ ਉਹ ਹਾਜਰ ਨਾਜਰ ਸਮਝਦੀ ਸੀ। ਅੱਖਰ ਕਹੇ ਤੋਂ ਕੋਈ ਨਹੀਂ ਹੁੰਦਾ ਸਾਧ ਸੰਗਤ ਜੀ! ਇਹ ਵੀ ਭੁਲੇਖਾ ਨਾ ਰੱਖਿਓ ਕਿ ਮੈਂ ਅੰਤ ਵੇਲੇ ਵਾਹਿਗੁਰੂ ਵਾਹਿਗੁਰੂ ਕਹਿ ਦਿਆਂਗਾ। ਕਹਿ ਦਿੰਦੇ ਨੇ ਵਾਹਿਗੁਰੂ ਵਾਹਿਗੁਰੂ ਪਰ ਉਸ ਦਾ ਫਲ ਹੋਰ ਤਾਂ ਹੈ ਪਰ ਮੁਕਤੀ ਨਹੀਂ ਹੁੰਦੀ। ਉਹ ਹੋਰ ਤਰੀਕਾ ਹੈ ਸੰਤਾਂ ਨੂੰ ਪੁਛ ਕੇ ਪਤਾ ਲਗਦਾ ਹੈ ਕਿ ਕਿਹੜਾ ਤਰੀਕਾ ਹੈ? ਉਸ ਤੋਂ ਬਿਨਾਂ ਨਹੀਂ ਹੁੰਦਾ ਕਿਉਂਕਿ ਅੰਤ ਦਾ ਮਤਾ ਬਣ ਗਿਆ, ਜਿਹੜਾ ਮਤਾ ਬਣ ਗਿਆ ਉਹ ਚੀਜ਼ ਹੋਣੀ ਹੈ, ਗੁਰੂ ਦਸਵੇਂ ਪਾਤਸ਼ਾਹ ਨੇ ਬੰਦੇ ਬਹਾਦਰ ਨੂੰ ਪੁਛਿਆ ਕਿ ਮਾਧੋ ਦਾਸ! ਤੇਰਾ ਗੁਰੂ ਕਿਥੇ ਹੈ?"

ਕਹਿੰਦਾ, "ਜੀ ਬੈਕੁੰਠ ਧਾਮ ਚਲਿਆ ਗਿਆ ਜੀ ਮਹਾਰਾਜ!"

ਮਹਾਰਾਜ ਮੁਸਕਰਾ ਪਏ। ਕਹਿਣ ਲੱਗਿਆ, "ਮਹਾਰਾਜ! ਤੁਹਾਡੇ ਹੱਸਣ ਵਿਚ ਕੋਈ ਭੇਤ ਹੈ। ਕਿਰਪਾ ਕਰਕੇ ਪਰਦਾ ਉਠਾਓ ਇਸ ਤੋਂ।"

ਮਹਾਰਾਜ ਕਹਿੰਦੇ, "ਮਾਧੋ ਦਾਸ! ਤੇਰਾ ਗੁਰੂ ਜਿਹੜਾ ਹੈ ਉਹ ਬੈਕੁੰਠ ਧਾਮ ਵਿਚ ਨਹੀਂ ਹੈ। ਓਹ ਜਿਹੜਾ ਬਿਲ ਦਾ ਫਲ ਲੱਗਿਆ ਹੋਇਆ ਹੈ, ਉਹ ਸਾਹਮਣੇ, ਉਸ ਦੇ ਵਿਚ ਕੀੜਾ ਬਣਿਆ ਬੈਠਾ ਹੈ, ਜਾਹ! ਤੋੜ ਲਿਆ।"

ਤੋੜ ਲਿਆਂਦਾ, ਜਦੋਂ ਭੰਨਿਆ ਤਾਂ ਕੀੜਾ ਵਿਚੋਂ ਨਿਕਲਿਆ। ਚਿੜ ਚਿੜ ਕਰੀ ਜਾਂਦਾ ਹੈ। ਕਹਿੰਦੇ, "ਤੇਰੀ ਸਮਝ ਵਿਚ ਆਇਆ ਕੁਝ?"

ਕਹਿੰਦਾ, "ਨਹੀਂ! ਸ਼ਕਤੀ ਦਿਓ ਮਹਾਰਾਜ।"

ਮਹਾਰਾਜ ਨੇ ਪਰਾ ਬਾਣੀ ਸੁਣਨ ਦੀ ਸ਼ਕਤੀ ਦੇ ਦਿੱਤੀ।

ਉਹ ਕੀੜਾ ਕਹਿੰਦਾ, "ਮਾਧੋ ਦਾਸ! ਤੇਰੇ ਕੋਲ ਪ੍ਰਮੇਸ਼ਰ ਸਾਖਸ਼ਾਤ ਆ ਗਿਆ, ਤੂੰ ਹੁਣ ਇਨ੍ਹਾਂ ਦੇ ਚਰਨ ਫੜ ਲੈ।"

ਐਵੇਂ ਨਹੀਂ ਸੀ ਬੰਦਾ ਬਹਾਦਰ ਮਾੜ੍ਹੀ ਜਿਹੀ ਗੱਲ ਸੁਣ ਕੇ ਨੱਠਦਾ ਇਧਰ ਨੂੰ ਸਾਰੀ ਜਿੰਦਗੀ ਦੇਣ ਲਈ, ਕੋਈ ਗੱਲ ਦੇਖੀ ਸੀ ਉਸ ਨੇ ਸਹੀ ਤਾਂ ਉਹ ਸ਼ਾਕਰ ਹੋਇਆ ਸੀ। ਉਹ ਕਹਿੰਦਾ, "ਗੁਰੂ ਜੀ ਆਹ ਤੁਹਾਡਾ ਹਾਲ ਕਿਵੇਂ ਹੋ ਗਿਆ, ਤੇ ਜੇ ਤੁਹਾਡਾ ਇਹ ਹੋ ਗਿਆ ਤਾਂ ਸਾਡਾ ਕੀ ਬਣੇਗਾ?"

ਕਹਿੰਦਾ, "ਮਾਧੋਦਾਸ! ਇਹ ਮਨ ਬੜਾ ਪ੍ਰਬਲ ਹੈ। ਇਸ ਨੇ ਵੱਡੇ ਮਾਰ ਲਏ, ਮਛੰਦਰ ਵਰਗੇ ਮਾਰ ਲਏ। ਰਾਜੇ ਅਮਰੂ ਦੀ ਦੇਹ ਵਿਚ ਨਿਵਾਸ ਕਰਕੇ ਪਦਮਨੀਆਂ ਰਾਣੀਆਂ ਭੋਗਦਾ ਰਿਹਾ 14 ਸਾਲ। ਜਿਹੜੇ ਕਹਿੰਦੇ ਕੁਹਾਂਦੇ ਸੀ ਉਹ ਸੁੱਟ ਦਿੱਤੇ ਸਾਰੇ ਹੀ, ਇਹ ਬਹੁਤ ਪ੍ਰਬਲ ਹੈ।

ਜਦੋਂ ਮੇਰਾ ਅੰਤ ਦਾ ਸਮਾਂ ਆਇਆ ਮੇਰੀ ਨਿਗ੍ਹਾ ਚਲੀ ਗਈ ਫਲ ਵਿਚ। ਉਦੋਂ ਵੀ ਲੱਗਿਆ ਹੋਇਆ ਸੀ ਬਿਲ ਦਾ ਫਲ। ਮੇਰੇ ਮਨ ਵਿਚ ਆ ਗਿਆ ਕਿ ਹੁਣ ਇਹ ਪੱਕਣ ਵਾਲਾ ਹੈ, ਬਸ! ਐਨੀ ਗੱਲ ਹੀ ਆਈ ਉਧਰੋਂ ਮੇਰੇ ਪ੍ਰਾਣ ਨਿਕਲ ਗਏ। ਉਸ ਵੇਲੇ ਦਾ ਮੈਂ ਕੀੜਾ ਹੀ ਬਣੀ ਜਾਂਦਾ ਹੈ ਇਸ ਵਿਚ। ਇਹ ਤਾਂ ਸੱਚੇ ਪਾਤਸ਼ਾਹ ਆ ਗਏ ਹੁਣ ਮੇਰਾ ਉਧਾਰ ਕਰ ਦੇਣਗੇ।"

ਸੋ ਮਨ ਜੋ ਹੈ ਸਾਧ ਸੰਗਤ ਜੀ! ਇਹ ਕੋਈ ਮਾਮੂਲੀ ਬਾਤ ਨਹੀਂ ਹੈ ਕਿ ਉਸਨੂੰ ਫਤਹਿ ਕਰਲਾਂਗੇ। ਇਹ ਤਾਂ ਇਕ ਆਪਣਾ ਇਹ 'ਆਤਮ ਮਾਰਗ' ਮੈਗਜ਼ੀਨ ਹੈ ਨਾਂਹ ਪੜ੍ਹਿਆ ਕਰੋ ਇਸ ਨੂੰ। ਉਸ ਦੇ ਵਿਚ ਇਕ ਲੇਖ 'ਮਨ ਸਵਾਮੀ ਰਾਜਾ' ਲਿਖਿਆ ਸੀ ਬੜਾ ਲੰਮਾ ਚੌੜਾ, ਅੱਧਾ ਲਿਖਿਆ ਹੈ, ਅੱਧਾ ਨਹੀਂ ਮੈਂ ਲਿਖਿਆ ਕਿਉਂਕਿ ਬਹੁਤ ਲੰਮਾ ਹੋ ਜਾਣਾ ਸੀ ਜੇ ਮੈਂ ਲਿਖ ਦਿੰਦਾ, ਕਿਤਾਬ ਹੀ ਬਣ ਜਾਣੀ ਸੀ। ਉਸ ਦੇ ਵਿਚ ਦੇਖਿਓ ਪਾਰਸ ਨਾਥ ਰਾਜਾ ਵਾਹ ਜਹਾਨ ਦੀ ਲਾ ਰਿਹਾ ਹੈ ਮਨ ਨੂੰ ਵਸ ਕਰਨ ਲਈ। ਅਖੀਰ ਉਸ ਨੂੰ ਜਲਣਾ ਪਿਆ ਚਿਖਾ ਤੇ ਕਿਉਂਕਿ ਨਹੀਂ ਵਸ ਕਰ ਸਕਿਆ। ਜੇ ਵਸ ਕਰਨਾ ਹੈ ਉਸ ਦਾ ਤਰੀਕਾ ਦਸਿਆ ਹੈ ਮਹਾਰਾਜ ਨੇ ਕਿ ਜੇ ਵਸ ਕਰਨਾ ਹੈ ਤਾਂ ਅਸੀਂ ਜੁਗਤ ਦਸ ਦਿੰਦੇ ਹਾਂ, ਪੜ੍ਹੋ ਪਿਆਰ ਨਾਲ -

***ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ,***
***ਕਾਰਜ ਤੇਰੇ ਰਾਸ ਹੋਣਗੇ -2, 2.***

***ਮਨੁ ਬੇਚੈ ਸਤਿਗੁਰ ਕੈ ਪਾਸਿ॥***
***ਤਿਸੁ ਸੇਵਕ ਕੇ ਕਾਰਜ ਰਾਸਿ॥*** ***ਅੰਗ - 286***

ਹੁਣ ਮਨ ਵੇਚੇ ਕਿਵੇਂ? ਸਾਡੇ ਕਿਹੜਾ ਮਨ ਕਾਬੂ ਦੇ ਵਿਚ ਹਨ? ਜਿਨ੍ਹਾਂ ਨੂੰ ਲਗਨ ਲੱਗੀ ਹੁੰਦੀ ਹੈ ਪਹੁੰਚਣਾ ਚਾਹੁੰਦੇ ਹਨ ਉਹ ਇਹ ਗੱਲ ਸਮਝ ਸਕਦੇ ਨੇ, ਓਹੀ ਇਹ ਗੱਲ ਕਰ ਸਕਦੇ ਨੇ।

***'ਚਲਦਾ'***

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*ਹੁਕਮਨਾਮਾ*
*ਜੈਤਸਰੀ ਮਹਾ ੫॥*
*ਕੋਈ ਜਨੁ ਹਰਿ ਸਿਉ ਦੇਵੈ ਜੋਰਿ॥*
*ਚਰਨ ਗਹਉ ਬਕਉ ਸੁਭ ਰਸਨਾ*
*ਦੀਜਹਿ ਪ੍ਰਾਨ ਅਕੋਰਿ॥੧॥ਰਹਾਉ॥*
*ਮਨੁ ਤਨੁ ਨਿਰਮਲ ਕਰਤ ਕਿਆਰੋ*
*ਹਰਿ ਸਿੰਚੈ ਸੁਧਾ ਸੰਜੋਰਿ॥*
*ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ*
*ਮਹਾ ਬਿਖਿਆ ਤੇ ਤੋਰਿ॥੧॥*
*ਆਇਓ ਸਰਣਿ ਦੀਨ ਦੁਖ ਭੰਜਨ*
*ਚਿਤਵਉ ਤੁਮਰੀ ਓਰਿ॥*
*ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ*
*ਪ੍ਰਭ ਨਾਨਕ ਬੰਧਨ ਛੋਰਿ॥੨॥੫॥੯॥*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰ ਜੀ ਕੀ ਫਤਹਿ॥*

ਅੰਮ੍ਰਿਤ ਵੇਲੇ ਤੋਂ ਆਪ ਹਰੀ ਦਾ ਜਸ ਸਰਵਣ ਕਰ ਰਹੇ ਹੋ, ਉਪਰੰਤ ਗੁਰੂ ਮਹਾਰਾਜ ਜੀ ਦਾ ਹੁਕਮ ਸਾਡੇ ਵਾਸਤੇ ਮਹਾਰਾਜ ਵਲੋਂ ਫੁਰਮਾਨ ਹੋਇਆ ਹੈ ਕਿ ਇਕ ਲੋਚਾ ਹੈ ਬੜੀ ਜਬਰਦਸਤ ਕਿ ਸੰਸਾਰ ਦੇ ਉਤੇ ਕੋਈ ਐਸਾ ਹੈ ਜਿਹੜਾ ਮੈਨੂੰ ਵਾਹਿਗੁਰੂ ਨਾਲ ਮਿਲਾ ਦੇਵੇ, ਕੋਈ ਹੋਵੇ ਚਾਹੇ, ਕਿਸੇ ਕਿਸੇ ਹਿਰਦੇ ਦੇ ਅੰਦਰ ਇਹ ਲੋਚਾ ਪੈਦਾ ਹੁੰਦੀ ਹੈ। ਬਹੁਤ ਹਰੀ ਦਾ ਜਸ ਕਰਨ ਸਤਿਸੰਗ ਸੁਣਨ ਤੇ ਸੇਵਾ ਕਰਨ ਤੋਂ ਬਾਅਦ ਕਿਤੇ ਐਸੀ ਸੋਝੀ ਪੈਦਾ ਹੋ ਜਾਂਦੀ ਹੈ ਤੇ ਇਕ ਤਰ੍ਹਾਂ ਨਾਲ ਪਿਆਸ ਲੱਗ ਜਾਂਦੀ ਹੈ ਦਰਸ਼ਨ ਦੀ ਲੋਚਾ ਲੱਗ ਜਾਂਦੀ ਹੈ।

ਮਹਾਰਾਜ ਕਹਿੰਦੇ ਜਿਸ ਦੇ ਅੰਦਰ ਇਹ ਲੋਚਾ ਪੈਦਾ ਹੋ ਜਾਵੇ –

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥ ਅੰਗ - 266*

ਬਲਿਹਾਰ ਜਾਂਦੇ ਹਾਂ ਅਸੀਂ ਉਸ ਦੇ ਕਿਉਂਕਿ ਉਸ ਦੇ ਅੰਦਰ ਲੋਚਾ ਪੈਦਾ ਹੋ ਗਈ। ਉਸ ਨੇ ਆਪਣਾ ਮਾਨਸ ਜਨਮ ਦਾ ਜੋ ਪਰਮ ਮਨੋਰਥ ਸੀ ਉਸ ਨੂੰ ਹਾਸਲ ਕਰਨ ਵਾਸਤੇ ਆਪਣਾ ਇਰਾਦਾ ਬਣਾਇਆ। ਜੋ ਪਰਮ ਮਨੋਰਥ ਹੈ – 839,999 ਜੂਨਾਂ ਦੇ ਵਿਚੋਂ ਇਹ ਜੀਵ ਆਤਮਾ ਘੁੰਮਦਾ-ਘੁੰਮਦਾ ਮਨੁੱਖ ਦੀ ਦੇਹੀ ਪ੍ਰਾਪਤ ਕਰ ਲੈਂਦਾ ਹੈ –

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176*

ਉਹ ਇਸ ਦੇਹ ਦੀ ਕੀਮਤ ਨੂੰ ਜਾਣਦਾ ਹੈ ਕਿ ਇਕ ਇਹ ਬਹੁਤ ਮੁਸ਼ਕਲ ਨਾਲ ਹੱਥ ਆਈ ਹੈ।

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਅੰਗ - 631*

ਕਿਉਂਕਿ ਇਕ ਤਾਂ ਉਹ ਵਰਗ ਹੈ ਜਿਸ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੈ। 4 ਕਿਸਮ ਦੇ ਆਦਮੀ ਨੇ ਦੁਨੀਆਂ ਦੇ ਅੰਦਰ। ਇਕ ਤਾਂ ਉਹ ਨੇ ਜਿਨ੍ਹਾਂ ਨੂੰ ਕੋਈ ਪਤਾ ਨਹੀਂ, ਉਨ੍ਹਾਂ ਦੀ ਜਿੰਦਗੀ ਦਾ ਜੋ ਮੰਤਵ ਹੈ ਉਹ ਖਾਓ ਪੀਓ ਮੌਜ ਕਰੋ ਨੂੰ ਮੰਦੇ ਹਨ। ਭੀਖ ਮੰਗਣੀ ਉਧਾਰ ਲੈਣਾ ਤੇ ਚੋਰੀ ਕਰਕੇ ਆਪਣਾ ਵਕਤ ਪੂਰਾ ਕਰਨਾ ਹੈ। ਧਨ ਜੋੜਨਾ ਹੈ, ਜੋ ਕੰਮ ਬਜੁਰਗ ਕਰਦੇ ਆਏ ਨੇ ਓਹੀ ਕਰਨਾ ਹੈ। ਪਹਿਲਾਂ ਪੜ੍ਹਾਈ ਲਿਖਾਈ ਕਰ ਲਈ, ਬੱਚੇ ਪਾਲ ਲਏ, ਫੇਰ ਬੁੱਢਾ ਹੋ ਗਿਆ, ਉਸ ਤੋਂ ਬਾਅਦ ਸਰੀਰ ਛੱਡ ਕੇ ਤੁਰ ਜਾਂਦਾ ਹੈ। ਨਾ ਰੂਹਾਨੀਅਤ ਦੀ ਕੋਈ ਸੋਝੀ ਉਸ ਦੇ ਮਨ ਵਿਚ ਪੈਦਾ ਹੁੰਦੀ ਹੈ, ਨਾ ਇਹ ਪਤਾ ਲਗਦਾ ਹੈ ਕਿ ਮੈਂ ਕੀ ਕਰਨ ਵਾਸਤੇ ਆਇਆ ਹਾਂ। ਜੇ ਉਹ ਨਹੀਂ ਹੋਇਆ ਤਾਂ ਮਨ ਦੇ ਅੰਦਰ ਕੋਈ ਘਾਟਾ ਮਹਿਸੂਸ ਕਰਦਾ ਹੈ ਕਿ ਮੈਂ ਜਿਸ ਕੰਮ ਨੂੰ ਆਇਆ ਸੀ ਉਹ ਹੋਇਆ ਨਹੀਂ ਹੈ ਸਮਾਂ ਪੂਰਾ ਹੋ ਗਿਆ। ਹੁਣ ਇਹ ਪਤਾ ਨਹੀਂ ਹੈ ਕਿ ਇਥੋਂ ਜਾਣ ਤੋਂ ਬਾਅਦ ਸਾਡੇ ਨਾਲ ਕੀ ਵਰਤੇਗੀ। ਐਸੇ ਜੋ ਲਾਪਰਵਾਹ, ਬੇਪਰਵਾਹ ਬੰਦੇ ਨੇ ਉਨ੍ਹਾਂ ਨੂੰ ਪਾਮਰ ਕਿਹਾ ਜਾਂਦਾ ਹੈ।

ਦੂਸਰੇ ਉਹ ਨੇ ਜਿਨ੍ਹਾਂ ਦੀ ਰੁਚੀ ਸਾਰੀ ਜਿੰਦਗੀ ਭੋਗਾਂ ਦੇ ਵਿਚ ਰਹਿੰਦੀ ਹੈ। ਅਨੇਕਾਂ ਕਿਸਮ ਦੇ ਭੋਗ ਨੇ। ਨੇਤਰਾਂ ਦੇ ਭੋਗ ਨੇ, ਟੈਲੀਵੀਜਨ ਦੇਖੀ ਜਾਣਾ, ਬੁਢਾਪਾ ਆਇਆ ਹੋਇਆ ਹੈ, ਸੰਸਾਰ ਤੋਂ ਜਾਣ ਨੂੰ ਤਿਆਰ ਬੈਠਾ ਹੈ ਲੇਕਿਨ ਅੱਖਾਂ ਦਾ ਭੋਗ ਭੋਗ ਰਿਹਾ ਹੈ। ਕੰਨਾਂ ਦੇ ਨਾਲ ਗਾਣੇ ਸੁਣੀ ਜਾਣੇ। ਇਸੇ ਤਰ੍ਹਾਂ ਰਸਨਾ ਦੇ ਨਾਲ ਖਾਣ-ਪੀਣ ਦੇ ਭੋਗਾਂ ਵੱਲ ਲੱਗਿਆਂ ਰਹਿਣਾ। ਇਸ ਤੋਂ ਅੱਗੇ ਉਨ੍ਹਾਂ ਦਾ

ਕੋਈ ਉਦੇਸ਼ ਮਨੋਰਥ ਨਹੀਂ ਹੋਇਆ ਕਰਦਾ ਜਿੰਦਗੀ ਦਾ, ਉਨ੍ਹਾਂ ਨੂੰ ਭੋਗੀ ਕਹਿੰਦੇ ਨੇ।

ਤੀਸਰੇ ਉਹ ਹੁੰਦੇ ਨੇ ਜਿਨ੍ਹਾਂ ਨੂੰ ਸਤਿਸੰਗ ਕਰਦਿਆਂ ਹੋਇਆਂ, ਸੁਣਦਿਆਂ ਹੋਇਆ ਅੰਦਰ ਵੈਰਾਗ ਪੈਦਾ ਹੋ ਜਾਂਦਾ ਹੈ ਤੇ ਉਹ ਮਨੋ, ਤਨੋ ਸਮਝ ਜਾਂਦੇ ਨੇ ਕਿ ਜਿੰਦਗੀ ਦਾ ਮਨੋਰਥ ਪ੍ਰਭੂ ਦੀ ਪ੍ਰਾਪਤੀ ਹੈ ਕਿਉਂਕਿ ਪਤਾ ਨਹੀਂ ਹੈ ਕਿ ਕਿੰਨਾ ਚੱਕਰ ਲੱਗ ਜਾਵੇ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥*
*ਅੰਗ - 999*

ਤੈਨੂੰ ਪਤਾ ਹੈ ਕਿ ਤੂੰ ਕਿੰਨੀ ਦੇਰ ਦਾ ਚੱਲਿਆ ਹੋਇਆ ਹੈ ਖਰਬ ਸਾਲ ਤੋਂ ਤੇਰਾ ਸਫਰ ਸ਼ੁਰੂ ਹੋਇਆ ਹੈ ਜਾਂ ਕਰੋੜ ਖਰਬ ਸਾਲ ਤੋਂ ਕੋਈ ਕਹਿ ਨਹੀਂ ਸਕਦਾ ਕਿ ਕਿਹੜੇ ਵੇਲੇ ਦੁਨੀਆਂ ਦੀ ਥਾਪਨਾ ਹੋਈ, ਸੰਸਾਰ ਬਣਿਆ–

*ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥*
*ਅੰਗ - 4*

ਓਸ ਵੇਲੇ ਦਾ ਇਹ ਜੀਵ ਆਤਮਾ ਗੇੜੇ ਖਾਂਦਾ ਫਿਰਦਾ ਹੈ ਕਰਮਾਂ ਦੇ ਹਿਸਾਬ ਨਾਲ। ਮਨੁੱਖ ਵੀ ਬਣ ਜਾਂਦਾ ਹੈ, ਮਨੁੱਖ ਦੀ ਪਦਵੀ ਤੋਂ ਗਿਰ ਜਾਂਦਾ ਹੈ। ਐਸੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਫੁਰਮਾਨ ਨੇ ਕਿ ਜੇ ਰੁਚੀ ਪੈਸੇ ਵਿਚ ਰਹਿ ਜਾਵੇ ਤਾਂ ਐਨਾ ਗਿਰਦਾ ਹੈ ਕਿ ਅਗਲਾ ਜਨਮ ਸੱਪ ਦਾ ਧਾਰਨਾ ਪੈਂਦਾ ਹੈ। ਜੇ ਜਾਇਦਾਦਾਂ ਦੇ ਅੰਦਰ ਬਿਰਤੀ ਰਹਿ ਜਾਵੇ ਤਾਂ ਭੂਤ ਪ੍ਰੇਤ ਬਣਨਾ ਪੈਂਦਾ ਹੈ, ਜੇ ਮਹਾਂਪੁਰਸ਼ਾਂ ਦੀ ਨਿੰਦਿਆ ਕਰਦੇ, ਈਰਖਾ ਕਰਦੇ, ਦੁਖ ਦਿੰਦੇ ਦਾ ਜਨਮ ਲੰਘ ਜਾਵੇ ਤਾਂ –

*ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥ਅੰਗ - 279*

ਕੁੱਤਿਆਂ ਦੇ ਸਿਰ ਵਿਚ ਜਿਹੜੇ ਕੀੜੇ ਪੈਂਦੇ ਨੇ ਉਹ ਜਨਮ ਲੈਂਦਾ ਹੈ। ਇਸ ਤਰ੍ਹਾਂ ਬਹੁਤ ਸਾਰੇ ਹਵਾਲੇ ਗੁਰੂ ਗ੍ਰੰਥ ਸਾਹਿਬ ਵਿਚ ਆਉਂਦੇ ਨੇ। ਅਭਿਮਾਨੀ ਆਦਮੀ ਹੈ ਰਾਜਸੀ ਸ਼ਕਤੀ ਹੱਥ ਵਿਚ ਆ ਗਈ ਥੋੜ੍ਹੀ ਬਹੁਤੀ ਉਸ ਦਾ ਅਭਿਮਾਨ ਕਰਦਾ ਹੈ ਦੂਸਰਿਆਂ ਨੂੰ ਸਮਝਦਾ ਨਹੀਂ ਹੈ ਕੁਝ ਵੀ ਮਹਾਰਾਜ ਕਹਿੰਦੇ –

*ਜਿਸ ਕੈ ਅੰਤਰਿ ਰਾਜ ਅਭਿਮਾਨੁ॥*
*ਸੋ ਨਰਕਪਾਤੀ ............॥ ਅੰਗ - 278*

ਉਸ ਅਭਿਮਾਨੀ ਦੀ ਗਤੀ ਇਹ ਹੈ ਕਿ ਉਸ ਨੂੰ ਨਰਕ ਤਾਂ ਭੋਗਣਾ ਹੀ ਪੈਣਾ ਹੈ –

*.......... ਹੋਵਤ ਸੁਆਨੁ॥ ਅੰਗ - 278*

ਕੁੱਤਾ ਬਣ ਕੇ ਨਰਕਾਂ ਵਿਚੋਂ ਨਿਕਲੇਗਾ। ਸੋ ਇਨ੍ਹਾਂ ਗੱਲਾਂ ਤੋਂ ਬਹਿਰਾ ਹੋਣ ਕਰਕੇ ਮਨੁੱਖ ਨੂੰ ਪਤਾ ਨਹੀਂ ਲਗਦਾ ਕਿ ਮੇਰੇ ਜੀਵਨ ਦਾ ਮਨੋਰਥ ਕੀ ਹੈ? ਤੇ ਮੇਰਾ ਮਨੋਰਥ ਕਿਥੋਂ ਪੂਰਾ ਹੋਵੇਗਾ। ਬਾਰ–ਬਾਰ ਗੁਰੂ ਸਾਹਿਬ ਸਾਨੂੰ 'ਰਹਿਰਾਸ' ਦੇ ਅੰਦਰ ਯਾਦ ਕਰਾਉਂਦੇ ਨੇ ਕਿ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - 12*

ਵਾਰੀ ਆ ਗਈ ਪ੍ਰਮੇਸ਼ਰ ਨੂੰ ਮਿਲਣ ਦੀ ਤੇ ਤੂੰ ਬਾਕੀ ਜਿਹੜੇ ਕੰਮ ਕਰਦਾ ਹੈ ਇਹ ਫਜ਼ੂਲ ਨੇ, ਕਿਸੇ ਕੰਮ ਦੇ ਨਹੀਂ ਹਨ, ਇਹ ਇਥੇ ਹੀ ਰਹਿ ਜਾਣਗੇ ਤੇ ਨਾਲੇ ਤੇਰੀ ਪ੍ਰਾਲਬਧ ਦੇ ਵਿਚ ਲਿਖੇ ਹੋਏ ਨੇ। ਕਰਮਾਂ ਅਨੁਸਾਰ ਤੂੰ ਦੁਖ ਤੇ ਸੁਖ ਭੋਗ ਰਿਹਾ ਹੈਂ। ਅਸਲੀ ਕੰਮ ਤੇਰਾ ਇਹ ਸੀ ਕਿ ਤੂੰ ਪ੍ਰਮੇਸ਼ਰ ਨੂੰ ਮਿਲਦਾ ਪਰ ਏਸ ਰਸਤੇ ਤਾਂ ਪਿਆ ਹੀ ਨਹੀਂ, ਨਾ ਪਤਾ ਹੈ ਪ੍ਰਮਏਸ਼ਰ ਕਿਥੇ ਹੈ ਤੇ ਜਿਸ ਨੂੰ ਮੈਂ ਮਿਲਣਾ ਹੈ ਉਹ ਕਿਹੋ ਜਿਹਾ ਹੈ, ਪਿਆਰ ਕਰਦਾ ਹੈ ਜਾਂ ਨਹੀਂ ਕਰਦਾ, ਇਹ ਇਕ ਮੱਧਮ ਜਿਹਾ ਵਿਚਾਰ ਹੈ। ਸੋ ਐਸੇ ਖਿਆਲ ਵਾਲੇ ਜੋ ਪੁਰਸ਼ ਨੇ ਜਿਨ੍ਹਾਂ ਦੇ ਅੰਦਰ ਐਸੇ ਭਾਵ ਆਉਣ ਉਨ੍ਹਾਂ ਨੂੰ ਜਗਿਆਸੂ ਕਹਿੰਦੇ ਨੇ।

ਚੌਥੇ ਸੰਸਾਰ ਤੇ ਉਹ ਆਉਂਦੇ ਨੇ ਜਿਨ੍ਹਾਂ ਦਾ ਕੰਮ ਹੀ ਇਹੀ ਹੋਇਆ ਕਰਦਾ ਹੈ ਕਿ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਅੰਗ - 749*

ਉਨ੍ਹਾਂ ਦੀ ਡਿਊਟੀ ਹੁੰਦੀ ਹੈ ਕਿ ਭੁਲੇ–ਭਟਕੇ ਜੀਵਾਂ ਨੂੰ ਪ੍ਰਮੇਸ਼ਰ ਦੇ ਨਾਲ ਮਿਲਾ ਦੇਣ, ਦਸ ਪਾ ਦੇਣ ਕਿ ਪ੍ਰਮੇਸ਼ਰ ਰਹਿੰਦਾ ਕਿਥੇ ਹੈ? ਕਿਵੇਂ ਮਿਲਦਾ ਹੈ? ਤਰੀਕਾ ਦੱਸ ਦੇਣ, ਇਥੇ ਹੀ ਨਹੀਂ ਕਹਿੰਦੇ –

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥ ਅੰਗ - 749*

ਦੱਸਣ ਨਾਲ ਨਹੀਂ ਕੁਝ ਬਣਦਾ ਕਿਉਂਕਿ ਮਨੁੱਖੀ ਦਿਮਾਗ ਵਿਚ ਇਹ ਨੁਕਸ ਹੈ ਕਿ ਇਹ ਚੰਗੀ ਤੋਂ ਚੰਗੀ ਗੱਲ ਵੀ ਭੁੱਲ ਜਾਂਦਾ ਹੈ, ਚੰਗੇ ਤੋਂ ਚੰਗਾ ਤਜਰਬਾ ਵੀ ਭੁੱਲ ਜਾਂਦਾ ਹੈ, ਕੀਤਾ ਹੋਇਆ ਉਪਕਾਰ ਭੁੱਲ ਜਾਂਦਾ ਹੈ, ਕੁਝ ਨਹੀਂ ਇਸ ਨੂੰ ਪਤਾ ਰਹਿੰਦਾ, ਮੂੜ ਹੈ –

*ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥*
*ਅੰਗ - 876*

ਸੋ ਉਨ੍ਹਾਂ ਦਾ ਕੰਮ ਹੋਇਆ ਕਰਦਾ ਹੈ ਕਿ ਜੀਅ ਦਾਨ ਦੇ ਕੇ ਭਗਤੀ ਵਿਚ ਲਾ ਦੇਣਾ, ਅਰਦਾਸ ਕਰਨੀ ਕਿ ਇਹ ਚਲਦਾ ਵੀ ਰਹੇ, ਰਸਤੇ ਦੇ ਉਤੇ ਗਲਤੀਆਂ ਨਾ ਕਰੇ। ਉਸ ਦੇ ਵਾਸਤੇ ਸਤਿਸੰਗਾਂ ਦਾ ਪ੍ਰਬੰਧ ਕਰਨਾ, ਇਕੱਠੇ ਹੋ ਕੇ ਭਗਤੀ ਕਰਨ ਦਾ ਸਮਾਗਮ ਬਣਾ ਦੇਣਾ। ਉਨ੍ਹਾਂ ਨੂੰ ਮੁਕਤ ਆਤਮਾ ਆਖਿਆ ਜਾਂਦਾ ਹੈ, ਉਨ੍ਹਾਂ ਦਾ ਕੰਮ ਹੀ ਸੰਸਾਰ ਵਿਚ ਆ ਕੇ ਸੰਸਾਰੀ ਜਿੰਦਗੀ ਗੁਜਾਰ ਕੇ ਫੇਰ

ਰਸਤਾ ਦੱਸਣਾ ਹੁੰਦਾ ਹੈ।

ਸੋ ਪ੍ਰਮੇਸ਼ਰ ਨੂੰ ਮਿਲਣਾ ਸਾਡਾ ਪਰਮ ਮਨੋਰਥ ਹੈ। ਜਿਸ ਦੇ ਅੰਦਰ ਲੋਚਾ ਲੱਗ ਗਈ। ਜਿਵੇਂ ਤੁਸੀਂ ਹੁਣੇ ਹੁਕਮ ਸੁਣਿਆ ਹੈ-ਕਿੱਡੀ ਲੋਚਾ ਹੈ ਕਿ –

***ਕੋਈ ਜਨੁ ਹਰਿ ਸਿਉ ਦੇਵੈ ਜੋਰਿ॥ ਅੰਗ - 701***

ਕੋਈ ਹੈ ਐਸਾ ਸੰਸਾਰ ਤੇ ਜਿਹੜਾ ਮੈਨੂੰ ਪ੍ਰਮੇਸ਼ਰ ਨਾਲ ਜੋੜ ਦੇਵੇ।

***ਚਰਨ ਗਹਉ ਬਕਉ ਸੁਭ ਰਸਨਾ***
***ਦੀਜਹਿ ਪ੍ਰਾਨ ਅਕੋਰਿ॥ ਅੰਗ - 701***

ਮੈਂ ਉਸ ਦੇ ਚਰਨ ਫੜ ਲਵਾਂ, ਬਹੁਤ ਪਿਆਰੀਆਂ ਬੇਨਤੀਆਂ ਕਰਾਂ ਤੇ ਆਪਣਾ ਸਭ ਕੁਝ ਤਨ, ਮਨ ਤੇ ਧਨ ਜੋ ਵੀ ਹੈ ਪ੍ਰਾਣਾਂ ਸਮੇਤ ਮੈਂ ਉਸ ਦੇ ਅਰਪਣ ਕਰ ਦੇਵਾਂ। ਉਹ ਮੈਨੂੰ ਦਸ ਦੇਵੇ, ਮਿਲਾ ਦੇਵੇ, ਮੈਨੂੰ ਅਭੈ ਪਦ ਦੀ ਪ੍ਰਾਪਤੀ ਕਰਾ ਦੇਵੇ, ਅਮਰ ਜੀਵਨ ਦੇ ਵਿਚ ਪ੍ਰਵੇਸ਼ ਕਰਾ ਦੇਵੇ। ਇਹ ਲੋਚਾ ਹੈ ਜਗਿਆਸੂ ਦੀ ਤੇ ਅਸੂਲ ਐਸਾ ਹੈ ਕਿ ਜਿਨ੍ਹਾਂ ਨੂੰ ਪ੍ਰਮੇਸ਼ਰ ਨੇ ਥਾਪਿਆ ਹੈ ਉਹ ਦੱਸ ਦਿੰਦੇ ਨੇ ਕਿ ਜਦੋਂ ਤੱਕ ਤੂੰ ਗੁਰੂ ਧਾਰਨ ਨਹੀਂ ਕਰਦਾ ਉਨੀ ਦੇਰ ਤੱਕ ਤੈਨੂੰ ਕੋਈ ਰਾਹ ਲੱਭਣਾ ਨਹੀਂ ਹੈ ਕਿਉਂਕਿ ਤੇਰੇ ਅੰਦਰ ਹਨ੍ਹੇਰਾ ਪਿਆ ਹੈ। ਨਾ ਉਹ ਬਿਜਲੀਆਂ ਨਾਲ ਦੂਰ ਹੋਣਾ ਹੈ, ਨਾ ਉਹ ਸੂਰਜ ਨੇ ਦੂਰ ਕਰਨਾ ਹੈ, ਨਾ ਉਹ ਚੰਦਰਮਾ ਨੇ ਦੂਰ ਕਰਨਾ ਹੈ – ਇਕ ਦੋ ਚੰਦਰਮਾ ਨਹੀਂ ਹਜ਼ਾਰਾਂ ਲੱਖਾਂ ਦੀ ਤਾਦਾਦ ਵਿਚ ਵੀ ਜੇ ਚੰਦ ਚੜ੍ਹ ਜਾਣ ਸੂਰਜ ਚੜ੍ਹ ਜਾਣ ਤਾਂ –

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥***
***ਅੰਗ - 463***

ਉਹ ਹਨ੍ਹੇਰਾ ਬਿਲਕੁਲ ਖਤਮ ਨਹੀਂ ਹੋਇਆ ਕਰਦਾ ਜਦੋਂ ਤੱਕ ਸਮਰੱਥ ਗੁਰੂ ਦੇ ਨਾਲ ਮੇਲ ਨਾ ਹੋਵੇ। ਸਮਰੱਥ ਗੁਰੂ ਦੀਆਂ ਗੁਰੂ ਸਾਹਿਬ ਨੇ ਨਿਸ਼ਾਨੀਆਂ ਲਿਖੀਆਂ ਨੇ ਕਿ ਜਿਹੜਾ ਪ੍ਰਮੇਸ਼ਰ ਨੂੰ ਮਿਲਾ ਦੇਵੇ ਉਹ ਸਮਰੱਥ ਗੁਰੂ ਹੋਇਆ ਕਰਦਾ ਹੈ, ਉਸ ਦੀਆਂ ਨਿਸ਼ਾਨੀਆਂ ਹੋਇਆ ਕਰਦੀਆਂ ਹਨ। ਸਭ ਤੋਂ ਪਹਿਲਾਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਨੂੰ ਅਸੀਂ ਮਿਲਣਾ ਹੈ ਉਹ ਹੈ ਕਿਹੋ ਜਿਹਾ? ਕੀ ਉਸ ਦਾ ਸੁਭਾਅ ਹੈ? ਕਿਸ ਤਰ੍ਹਾਂ ਉਹ ਮਿਲਦਾ ਹੈ? ਰਹਿੰਦਾ ਕਿਥੇ ਹੈ? ਜੇ ਚੰਡੀਗੜ੍ਹ ਕੋਈ ਬਾਹਰੋਂ ਬੰਦਾ ਆਵੇ ਤੇ ਉਸ ਨੂੰ ਪਤਾ ਨਾ ਲੱਗੇ ਤੇ ਇਹੀ ਕਹੀ ਜਾਵੇ ਕਿ ਚੰਡੀਗੜ੍ਹ ਵਿਚ ਰਹਿੰਦਾ ਹੈ ਫਲਾਣਾ ਬੰਦਾ ਤੇ ਮੈਂ ਉਸ ਨੂੰ ਮਿਲਣਾ ਹੈ। ਇਸ ਤੋਂ ਵੀ ਅੱਗੇ ਜੇ ਕੋਈ ਬਾਹਰਲੇ ਦੇਸ਼ਾਂ ਤੋਂ ਆਵੇ ਤੇ ਕਹੇ ਕਿ ਉਹ ਪੰਜਾਬ ਵਿਚ ਰਹਿੰਦਾ ਹੈ। ਇਸ ਤਰ੍ਹਾਂ ਕਿਵੇਂ ਮਿਲ ਜਾਏਗਾ ਜਦੋਂ ਤੱਕ ਮਕਾਨ ਨੰਬਰ ਦਾ ਪਤਾ ਨਾ ਹੋਵੇ, ਸੈਕਟਰ 1, 2, 3, 4 ਦਾ ਪਤਾ ਨਾ ਹੋਵੇ, ਪੂਰੀ ਤਰ੍ਹਾਂ ਦਾ ਨਕਸ਼ਾ ਨਾ ਹੋਵੇ ਉਸ ਦੇ ਕੋਲ, ਸਾਰੀਆਂ ਸੜਕਾਂ ਦੀ ਜਾਣਕਾਰੀ ਤਾਂ ਕਿਤੇ ਜਾ ਕੇ ਮਿਲ ਸਕਦਾ ਹੈ, ਨਹੀਂ ਇਸ ਤਰ੍ਹਾਂ ਕਹੇ ਤੋਂ ਤਾਂ ਮਿਲਦਾ ਨਹੀਂ ਹੈ। ਹੁਣ ਇਸ ਦਾ ਪਤਾ ਦਿੰਦੇ ਨੇ ਗੁਰੂ ਮਹਾਰਾਜ, ਕਹਿੰਦੇ ਉਹ ਰਹਿੰਦਾ ਹੈ ਤੇਰੇ ਅੰਦਰ, ਬਾਹਰ ਨਹੀਂ ਰਹਿੰਦਾ –

***ਕਾਹੇ ਰੇ ਬਨ ਖੋਜਨ ਜਾਈ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥***
***ਅੰਗ - 684***

ਇਸ ਦੇ ਵਿਚ ਦਸ ਤਾਂ ਸਾਨੂੰ ਪੈ ਗਈ ਕਿ ਅੰਦਰ ਰਹਿੰਦਾ ਹੈ ਤੇ ਨਾਲ ਇਹ ਹੈ ਕਿ ਜਿੰਨੀ ਦੇਰ ਤੱਕ ਤੂੰ ਆਪਾ ਨਹੀਂ ਚੀਨਦਾ ਓਨੀ ਦੇਕ ਤੱਕ ਜੋ ਤੇਰੇ ਅੰਦਰ ਭਰਮ ਪਏ ਹੋਏ ਨੇ, ਉਹ ਮਿਟਣੇ ਨਹੀਂ ਕਿਸੇ ਤਰੀਕੇ ਦੇ ਨਾਲ। ਇਹ ਸੁਣ ਕੇ ਸਾਨੂੰ ਪਤਾ ਨਹੀਂ ਲਗਦਾ। ਜਦੋਂ ਸਰੀਰ ਵੱਲ ਅਸੀਂ ਦੇਖਦੇ ਹਾਂ ਤਾਂ ਸਾਡੇ ਸਰੀਰ ਵਿਚ 14 ਖਰਬ ਸੈਲ ਲੱਗੇ ਹੋਏ ਨੇ, ਜਿਵੇਂ ਇੱਟਾਂ ਲੱਗ ਕੇ ਮਕਾਨ ਬਣਦਾ ਹੈ ਇਸ ਤਰ੍ਹਾਂ 14 ਖਰਬ ਸੈਲ ਲੱਗ ਕੇ ਇਹ ਸਰੀਰ ਬਣਿਆ ਹੋਇਆ ਹੈ। ਜਿਸ ਦੇ ਵਿਚ 72 ਕਰੋੜ, 72 ਲੱਖ, 20 ਹਜਾਰ, 201 ਰਕਤ ਨਾੜੀਆਂ (blood chennels) ਯੋਗੀਆਂ ਤੇ ਸਿਆਣੇ ਮਹਾਂਪੁਰਸ਼ਾਂ ਨੇ ਗਿਣੀਆਂ ਨੇ। ਇਨ੍ਹਾਂ ਵਿਚ 20 ਨਾੜੀਆਂ ਵੱਡੀਆਂ ਨੇ, ਇਨ੍ਹਾਂ ਵਿਚੋਂ 10 ਬੜੀਆਂ ਹੀ ਮਹੱਤਵਪੂਰਨ ਨੇ ਤੇ ਅੱਗੇ ਉਨ੍ਹਾਂ ਵਿਚੋਂ 3 ਖਾਸ ਗਿਣੀਆਂ ਜਾਂਦੀਆਂ ਨੇ, ਇਕ ਦਾ ਨਾ 'ਇੜਾ' ਹੈ, ਦੂਸਰੀ ਦਾ ਪਿੰਗਲਾ, ਤੀਸਰੀ ਦਾ ਨਾਮ 'ਸੁਖਮਨਾ' ਹੈ। ਇਨ੍ਹਾਂ ਵਿਚੋਂ ਅਸੀਂ ਕਿਸ ਤਰ੍ਹਾਂ ਲੱਭ ਲਵਾਂਗੇ ਫੇਰ ਮਹਾਰਾਜ ਦਸਦੇ ਨੇ ਕਿ –

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥ ਅੰਗ - 1033***

ਇਥੇ ਬਹੁਤ ਨੇੜੇ ਦੀ ਦੱਸ ਪਾ ਦਿੱਤੀ –

***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ॥ ਅੰਗ - 1033***

ਕਹਿਣ ਲੱਗੇ ਇਹ ਜੋ ਕਾਇਆ ਨਗਰ ਹੈ ਇਸ ਨਗਰ ਦੇ ਅੰਦਰ ਸੱਚਾ ਵਸਦਾ ਹੈ। ਵਸਦਾ ਓਸ ਥਾਂ ਹੈ ਜਿਸ ਨੂੰ 'ਗਗਨੰਦਰ' ਕਹਿੰਦੇ ਨੇ 'ਆਕਾਸ਼ ਮੰਡਲ'। ਇਸ ਦੇ ਨਾਲ ਸਾਨੂੰ ਸੋਝੀ ਪੈ ਜਾਂਦੀ ਹੈ ਕਿ 'ਅਕਾਸ਼-ਮੰਡਲ' ਸਾਡੇ ਕਿਥੇ ਕੁ ਹੋਇਆ? ਕਿਸ ਥਾਂ ਤੇ ਹੈ ਜਿਥੋਂ ਅਸੀਂ ਲੱਭਣਾ ਹੈ? ਅੱਗੇ ਕਹਿੰਦੇ ਹਨ ਕਿ ਉਹ ਨਿਰਮਲ ਹੈ ਥਾਂ ਤੇ ਕਦੇ ਵੀ ਓਸ ਥਾਂ ਤੇ ਮੈਲ ਨਹੀਂ ਲਗਦੀ। ਉਸ ਨੇ ਆਪਣੇ ਰਹਿਣ ਲਈ ਆਪੇ ਹੀ ਥਾਂ ਬਣਾਈ ਹੋਈ ਹੈ। ਰੱਬ ਦਾ ਜੋ ਕਿਲਾ ਹੈ ਇਸ ਸਰੀਰ ਦੇ ਅੰਦਰ, ਪ੍ਰਮੇਸ਼ਰ ਆਪਣਾ ਮੰਦਰ ਬਣਾ ਕੇ ਉਸ ਦੇ ਵਿਚ ਰਹਿੰਦਾ ਹੈ।

***ਅੰਦਰਿ ਕੋਟ ਛਜੇ ਹਟਨਾਲੇ॥ ਅੰਗ - 1033***

ਫੇਰ ਗੁਰੂ ਮਹਾਰਾਜ ਹੋਰ ਸਮਝਾਉਂਦੇ ਨੇ ਕਿ ਏਸ ਕਿਲੇ ਦੇ ਅੰਦਰ ਜਿਸ ਨੂੰ ਤੂੰ ਸਰੀਰ ਕਹਿੰਦਾ ਹੈ –

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਅੰਗ - 954***

ਨੌਂ ਤਾਂ ਪ੍ਰਗਟ ਹੋ ਕੇ ਬਾਹਰ ਨੂੰ ਖੁਲ੍ਹਦੇ ਨੇ, ਅੰਦਰ ਨੂੰ ਨਹੀਂ ਖੁੱਲ੍ਹਦੇ, ਅੱਖਾਂ ਬਾਹਰ ਨੂੰ ਦੇਖਦੀਆਂ ਹਨ, ਅੰਦਰ ਨੂੰ ਨਹੀਂ ਦੇਖਦੀਆਂ। ਅੱਖਾਂ ਅੰਦਰ ਹੈਨ ਪਰ ਦੇਖਣ ਦਾ ਸੁਭਾਅ ਨਾ ਹੋਣ ਕਰਕੇ ਉਹ ਕਿਸੇ ਕੰਮ ਨਹੀਂ ਆ ਰਹੀਆਂ। ਖਿਆਲੀ, ਕਲਪਤ ਨੇ ਉਹ। ਬਾਹਰਲੀਆਂ ਅੱਖਾਂ ਨੂੰ ਅਸੀਂ ਅੱਖਾਂ ਕਹਿੰਦੇ ਹਾਂ ਤੇ ਅੰਦਰਲੀਆਂ ਅੱਖਾਂ ਨੂੰ ਅਸੀਂ 'ਦਿਬ ਨੇਤਰ' ਕਹਿੰਦੇ ਹਾਂ। ਇਸੇ ਤਰ੍ਹਾਂ ਕੰਨ ਨੇ ਇਕ ਅੰਦਰ ਨੇ 'ਦਿਬ ਕੰਨ' ਇਕ ਬਾਹਰ ਨੇ। ਇਕ ਅੰਦਰਲੇ ਸ਼ਬਦ ਨੂੰ ਸੁਣਦੇ ਨੇ, ਇਹ ਬਾਹਰਲੇ ਰੌਲੇ ਗੋਲੇ ਨੂੰ ਸੁਣਦੇ ਨੇ। ਇਸੇ ਤਰ੍ਹਾਂ ਨਾਸਕਾ ਇਕ ਬਾਹਰੋਂ ਸੁਗੰਧੀ ਲੈਂਦੀ ਹੈ, ਇਕ ਆਪਣੇ ਅੰਦਰ ਹੀ ਐਨੀ ਸੁਗੰਧੀ ਹੈ ਕਿ ਆਪੇ ਹੀ ਮਸਤ ਹੋ ਜਾਂਦਾ ਹੈ। ਇਕ ਰਸਨਾ ਬਾਹਰੋਂ ਸਵਾਦ ਲੈਂਦੀ ਹੈ ਤੇ ਇਕ ਅੰਦਰ ਅੰਮ੍ਰਿਤ ਦਾ ਸਵਾਦ ਹੈ ਜੋ 'ਦਿਬ-ਰਸਨਾ' ਨੂੰ ਪ੍ਰਾਪਤ ਹੁੰਦਾ ਹੈ। ਇਕ ਸਪਰਸ਼ ਬਾਹਰੋਂ ਜੋ ਭੋਗ ਭੋਗਦੀ ਹੈ ਇਕ 'ਦਿਬ-ਸਪਰਸ਼' ਐਸੀ ਹੈ ਜਿਸਦੇ ਨਾਲ ਸਰੀਰ ਦੇ ਅੰਦਰ ਝਰਨਾਹਟ ਆਉਂਦੀ ਹੈ। ਸੋ ਕਹਿੰਦੇ ਇਹ -

*ਨਉ ਦਰਵਾਜੇ ਕਾਇਆ ਕੋਟੁ ਹੈ ..........॥*

*ਅੰਗ - 954*

ਇਹ ਨੌਂ ਦਰਵਾਜਿਆਂ ਦਾ ਕਿਲ੍ਹਾ ਹੈ। ਬਾਹਰ ਨੂੰ ਦਰਵਾਜੇ ਖੁਲ੍ਹਦੇ ਨੇ। ਅੰਦਰ ਦੇ ਦਰਵਾਜਿਆਂ ਦਾ ਏਸ ਨੂੰ ਕੋਈ ਪਤਾ ਨਹੀਂ ਹੈ, ਅਗਿਆਤ ਅਣਜਾਣੇ ਹੈ। ਇਕ ਉਨ੍ਹਾਂ ਵਿਚੋਂ ਮੁਖ ਦਰਵਾਜਾ ਹੈ ਉਸ ਨੂੰ ਦਸਵਾਂ ਕਹਿੰਦੇ ਨੇ।

*............ ਦਸਵੈ ਗੁਪਤੁ ਰਖੀਜੈ॥ ਅੰਗ - 954*

ਉਹ ਦਸਵੇਂ ਦੇ ਵਿਚ ਗੁਪਤ ਰੱਖਿਆ ਹੋਇਆ ਹੈ ਤੇ ਉਹ ਐਨਾ ਸੁਖਾਲਾ ਨਹੀਂ ਖੁੱਲਦਾ ਕਿਉਂਕਿ -

*ਬਜਰ ਕਪਾਟ ਨ ਖੁਲਨੀ............॥ ਅੰਗ - 954*

'ਬਜਰ ਕਪਾਟ' ਲੱਗੇ ਹੋਏ ਨੇ ਉਹ ਖੁਲ੍ਹਦੇ ਨਹੀਂ ਹਨ ਉਹ ਤਾਂ ਖੁਲ੍ਹਦੇ ਨੇ -

*......... ਗੁਰ ਸਬਦਿ ਖੁਲੀਜੈ॥ ਅੰਗ - 954*

ਜੇ ਗੁਰੂ ਹੈ ਤਾਂ ਗੁਰੂ ਸ਼ਬਦ ਦਿੰਦਾ ਹੈ ਉਸ ਸ਼ਬਦ ਦੀ ਸਾਧਨਾ ਕਰਕੇ ਉਹ ਖੁੱਲ੍ਹ ਜਾਂਦੇ ਨੇ ਕਿਸੇ ਕਿਸੇ ਦੇ। ਉਹ ਇਸ ਕਰਕੇ ਕਿ ਅਸੀਂ ਗੁਰੂ ਧਾਰਨ ਤਾਂ ਕਰਦੇ ਹਾਂ ਪਰ ਸਾਨੂੰ ਉਦੇਸ਼ ਦਾ ਪਤਾ ਨਾ ਹੋਣ ਕਰਕੇ ਕੇਵਲ ਇਸ ਕਰਕੇ ਧਾਰਨ ਕਰਦੇ ਹਾਂ ਕਿ ਮੈਂ ਨਿਗੁਰਾ ਨਾ ਰਹਿ ਜਾਵਾਂ। ਸਾਧੂ ਸੰਤ ਜ਼ੋਰ ਲਾਉਂਦੇ ਨੇ ਕਿ ਜੇ ਤੂੰ ਨਿਗੁਰਾ ਰਹਿ ਗਿਆ ਤਾਂ ਤੇਰੀ ਗਤੀ ਬੜੀ ਮਾੜੀ ਹੋਏਗੀ -

*ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥*

*ਅੰਗ - 1356*

ਕੁੱਤਿਆਂ ਬਿਲਿਆਂ ਦੀਆਂ ਜੂਨੀਆਂ ਵਿਚ ਜਾ ਰਹੇਂਗਾ। ਅੱਗੇ ਸਾਨੂੰ ਕੋਈ ਪਤਾ ਨਹੀਂ ਹੈ। ਕੋਈ ਸਿੱਖ ਬਣ ਗਿਆ, ਕਿਸੇ ਨੇ ਜਾ ਕੇ ਇਸਲਾਮ ਨੂੰ ਧਾਰਨ ਕਰ ਲਿਆ ਕਿਸੇ ਨੇ ਕਿਸੇ ਹੋਰ ਨੂੰ ਧਾਰਨ ਕਰ ਲਿਆ ਪਰ ਪ੍ਰਮੇਸ਼ਰ ਨੂੰ ਮਿਲਾਉਣ ਦਾ ਜੋ ਉਨ੍ਹਾਂ ਦਾ ਮੰਤਵ ਸੀ ਉਸ ਨੂੰ ਨਹੀਂ ਅਸੀਂ ਮੰਨਿਆ। ਉਸ ਨੂੰ ਐਵੇਂ ਇਕ ਅਣਗੌਲੀ ਬਾਤ ਮੰਨ ਲਿਆ, ਇਸੇ ਕਰਕੇ ਸਾਨੂੰ ਪ੍ਰਾਪਤੀ ਨਹੀਂ ਹੁੰਦੀ। ਗੁਰੂ ਤਾਂ ਬੇਅੰਤ ਦੁਨੀਆਂ ਧਾਰਨ ਕਰਦੀ ਹੈ ਕਿੰਨੇ ਕੁ ਨੇ ਜਿਹੜੇ ਪਹੁੰਚਦੇ ਨੇ। ਸੋ ਗੁਰੂ ਦੇ ਸ਼ਬਦ ਦੀ ਕਮਾਈ ਨਹੀਂ ਹੁੰਦੀ, ਉਸ ਤੋਂ ਬਿਨਾ ਦਰਵਾਜਾ ਨਹੀਂ ਖੁੱਲ੍ਹਦਾ। ਇਹੀ ਚਾਬੀ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥*

*ਅੰਗ - 205*

ਜਦੋਂ ਤੱਕ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ ਪੂਰੀ ਤਰ੍ਹਾਂ ਦੇ ਨਾਲ ਓਨੀ ਦੇਰ ਤੱਕ ਦਰਵਾਜਾ ਨਹੀਂ ਖੁਲ੍ਹਦਾ -

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥ ਅੰਗ - 124*

ਪੂਰੇ ਭਾਗ ਹੋਣ ਤਾਂ ਗੁਰੂ ਮਿਲਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਦਸ ਪਾਉਂਦੇ ਨੇ ਕਿ -

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥ ਅੰਗ - 1033*

ਜਿਸ ਵਕਤ ਨੌਂ ਘਰਾਂ ਦੇ ਉਤੇ ਪੂਰਾ ਕੰਟਰੋਲ ਹੋ ਜਾਏਗਾ ਉਸ ਵੇਲੇ ਦਸਵੇਂ ਦੀ ਸੋਝੀ ਆਉਂਦੀ ਹੈ -

*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥*

*ਅੰਗ - 1033*

ਸੋ ਇਸ ਦੇ ਬਾਰੇ ਕਿਸ ਤਰ੍ਹਾਂ ਹੁੰਦਾ ਹੈ? ਕੀ ਆਪੇ ਹੀ ਬੰਦਾ ਪਹੁੰਚ ਜਾਂਦਾ ਹੈ? ਬਿਲਕੁਲ ਨਹੀਂ ਪਹੁੰਚਦਾ ਜਦੋਂ ਤੱਕ ਤਨ, ਮਨ ਤੇ ਧਨ ਤਿੰਨ ਚੀਜ਼ਾਂ ਗੁਰੂ ਦੇ ਅਰਪਣ ਕਰਕੇ ਵਿਹਲਾ ਨਹੀਂ ਹੁੰਦਾ ਉਦੋਂ ਤੱਕ ਨਹੀਂ ਪਹੁੰਚਿਆ ਕਰਦਾ, ਓਨੀ ਦੇਰ ਤੱਕ ਓਸ ਪ੍ਰਕਾਸ਼ ਦਾ ਜਲਵਾ ਨਹੀਂ ਵਜਦਾ। ਐਵੇਂ ਹੀ ਕੋਈ ਕਹੇ ਕਿ ਮੈਂ ਬੌਧਿਕ ਤੌਰ ਤੇ ਇਸ ਗੱਲ ਨੂੰ ਜਾਣ ਲਿਆ, ਉਸ ਦੇ ਨਾਲ ਅਸਲੀ ਨਿਸ਼ਾਨੀਆਂ ਨਹੀਂ ਆਉਂਦੀਆਂ। ਨਿਸ਼ਾਨੀਆਂ ਗੁਰੂ ਸਾਹਿਬ ਨੇ ਲਿਖੀਆਂ ਹਨ-

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥*

(ਬਾਕੀ ਪੰਨਾ 63 ਤੇ)

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਨੀਂਦ

ਸਵੇਰੇ ਤਿੰਨ ਵਜੇ ਤੋਂ ਪੰਜ ਵਜੇ ਵਿਚ ਉਠਣ ਦੀ ਆਦਤ ਬਹੁਤ ਹੀ ਸੋਹਣੀ ਆਦਤ ਹੈ। ਜੇ ਤੁਸੀਂ ਸੁਸਤੀ ਛੱਡਣੀ ਚਾਹੁੰਦੇ ਹੋ, ਆਲਸ ਛੱਡਣਾ ਚਾਹੁੰਦੇ ਹੋ, ਸਿਥਿਲਤਾ ਛੱਡਣਾ ਚਾਹੁੰਦੇ ਹੋ ਤਾਂ ਸਵੇਰੇ ਉਠੋ। ਆਲਸ ਨੂੰ, ਸੁਸਤੀ ਨੂੰ ਆਪਣੇ ਉਤੇ ਕਾਬੂ ਨਾ ਪਾਉਣ ਦਿਓ। ਸੁਸਤੀ, ਆਲਸ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਬਹੁਤੀ ਨੀਂਦ ਦੀ ਜ਼ਰੂਰਤ ਨਹੀਂ ਹੁੰਦੀ। ਨੀਂਦ ਕੀ ਕਰਦੀ ਹੈ? ਬਹੁਤ ਸੌਂ ਕੇ ਤੁਸੀਂ ਕੋਈ ਬਹੁਤ ਬਦਲ ਨਹੀਂ ਜਾਂਦੇ, ਤੁਹਾਡਾ ਵਿਅਕਤਿਤ੍ਵ ਨਹੀਂ ਬਦਲ ਜਾਂਦਾ, ਤੁਹਾਡੀ ਆਰਥਕ ਹਾਲਤ ਨਹੀਂ ਬਦਲ ਜਾਂਦੀ। ਨੀਂਦ ਨਾਲ ਦਿਮਾਗ ਨੂੰ ਜ਼ਰੂਰ ਆਰਾਮ ਮਿਲਦਾ ਹੈ, ਨਾੜੀਆਂ ਨੂੰ ਆਰਾਮ ਮਿਲਦਾ ਹੈ, ਪੱਠਿਆਂ ਨੂੰ ਆਰਾਮ ਮਿਲਦਾ ਹੈ, ਚੇਤਨ ਮਨ ਨੂੰ ਆਰਾਮ ਮਿਲਦਾ ਹੈ। ਨੀਂਦ ਅਚੇਤ ਮਨ ਨੂੰ ਆਰਾਮ ਨਹੀਂ ਦਿੰਦੀ, ਨਾ ਹੀ ਸਾਰੇ ਦਿਮਾਗ ਨੂੰ ਪੂਰੀ ਤਰ੍ਹਾਂ, ਨਾ ਹੀ ਮਨ ਨੂੰ ਪੂਰਨ ਆਰਾਮ ਦਿੰਦੀ ਹੈ।

ਸੌਣ ਤੋਂ ਪਹਿਲਾਂ ਸਾਰੀਆਂ ਚਿੰਤਾਵਾਂ ਤੋਂ ਮੁਕਤ ਹੋ ਕੇ ਸੋਵੋ। ਜੇ ਸੰਸਾਰ ਦਾ ਸਾਰਾ ਬੋਝ ਲੈ ਕੇ ਸੋਵੋਂਗੇ ਤਾਂ ਤੁਹਾਨੂੰ ਭਿਆਨਕ ਸੁਪਨੇ ਆਉਣਗੇ, ਡਰ ਲਗੇਗਾ, ਸਵੇਰੇ ਉਠਣ ਤੇ ਇਸ ਤਰ੍ਹਾਂ ਲਗੇਗਾ ਜਿਵੇਂ ਤੁਸੀਂ ਥੱਕੇ ਪਏ ਹੋ।

ਸੌਣ ਤੋਂ ਪਹਿਲਾਂ ਕੁਝ ਸ੍ਵਾਸਾਂ ਦਾ ਵਿਆਮ ਕਰ ਲੈਣਾ ਚੰਗਾ ਹੋਵੇਗਾ। ਇਸ ਨਾਲ ਤੁਹਾਨੂੰ ਭਿਆਨਕ ਸੁਪਨੇ ਨਹੀਂ ਆਉਣਗੇ, ਤੁਹਾਨੂੰ ਚੰਗੀ ਗੂੜ੍ਹੀ ਨੀਂਦ ਆਵੇਗੀ, ਸਿਰ ਥੱਲੇ ਸਰ੍ਹਾਣਾ ਰੱਖ ਕੇ ਸਿਰ ਥੋੜ੍ਹਾ ਉਚਾ ਰੱਖੋ, ਸਿਰ ਸਰੀਰ ਤੋਂ ਥੋੜ੍ਹਾ ਉਪਰ ਹੀ ਹੋਣਾ ਚਾਹੀਦਾ ਹੈ, ਜੇ ਸਿਰ ਉਚਾ ਨਹੀਂ ਰੱਖੋਗੇ ਤਾਂ ਪੇਟ ਵਿਚੋਂ ਹਵਾ ਜਾਂ ਜਿਹੜੇ ਰਸ ਬਣਦੇ ਹਨ ਉਹ ਤੁਹਾਨੂੰ ਤੰਗ ਕਰ ਸਕਦੇ ਹਨ, ਤੁਹਾਨੂੰ ਇਸ ਤਰ੍ਹਾਂ ਲਗੇਗਾ ਕਿ ਤੁਹਾਨੂੰ ਹਾਰਟ ਦੀ ਸਮੱਸਿਆ ਹੈ। ਸਰ੍ਹਾਣਾ ਨਰਮ ਹੋਣਾ ਚਾਹੀਦਾ ਹੈ, ਬਿਸਤਰਾ ਸਖਤ ਹੋਣਾ ਚਾਹੀਦਾ ਹੈ। ਜੇ ਮੰਜਾ ਸਖਤ ਨਹੀਂ ਹੋਵੇਗਾ ਤਾਂ ਤੁਹਾਨੂੰ ਰੀੜ੍ਹ ਦੀ ਹੱਡੀ ਦੀ ਸਮੱਸਿਆ ਹੋ ਸਕਦੀ ਹੈ।

ਖੱਬੇ ਪਾਸੇ ਲੇਟ ਕੇ ਅੱਖਾਂ ਬੰਦ ਕਰੋ, ਉਸ ਨਾਲ ਸੱਜੀ ਨਾਸਕਾ ਖੁਲ੍ਹ ਜਾਵੇਗੀ, ਇਸ ਨਾਲ ਤੁਹਾਨੂੰ ਖਾਣਾ ਪਚਾਉਣ ਦੀ ਵਧੇਰੀ ਸ਼ਕਤੀ ਮਿਲੇਗੀ, ਵਧੇਰੇ ਗਰਮਾਈ ਮਿਲੇਗੀ। ਲੰਮੇ ਲੰਮੇ ਸ੍ਵਾਸ ਲਵੋ ਜਿੰਨੇ ਲੰਮੇ ਲੈ ਸਕਦੇ ਹੋ, ਪੇਟ ਦੀ ਹਰਕਤ ਵਲ ਧਿਆਨ ਦਿਓ, ਸ੍ਵਾਸ ਬਾਹਰ ਕੱਢਦੇ ਸਮੇਂ ਆਰਾਮ ਨਾਲ ਕੱਢੋ, ਸ੍ਵਾਸ ਅੰਦਰ ਲਵੋ, ਬਾਹਰ ਕੱਢੋ, ਸ੍ਵਾਸਾਂ ਨੂੰ ਅੰਦਰ ਨਹੀਂ ਰੱਖੋ, ਸ੍ਵਾਸ ਅੰਦਰ ਕਰਦੇ ਦਸ ਗਿਣੋ, ਬਾਹਰ ਕੱਢਦੇ ਦਸ ਗਿਣੋ, ਫੇਰ ਸੱਜੇ ਪਾਸੇ ਲੇਟੋ, ਹਾਰਟ ਨੂੰ ਆਰਾਮ ਦਿਓ। ਇਸ ਦੇ ਬਾਅਦ ਸਿੱਧੇ ਲੇਟੋ, ਸ਼ਵਆਸਨ ਕਰੋ, ਡਾਇਫਰਮੈਟਿਕ ਤਰੀਕੇ ਨਾਲ ਸ੍ਵਾਸ ਲਵੋ (ਪੇਟ ਰਾਹੀਂ)। ਦਸ ਵਾਰੀ ਅੰਦਰ ਸ੍ਵਾਸ ਲਵੋ, ਦਸ ਵਾਰੀ ਬਾਹਰ ਕੱਢੋ, ਸ੍ਵਾਸ ਇਸ ਤਰ੍ਹਾਂ ਲਵੋ ਜਿਵੇਂ ਤੁਸੀਂ ਸਿਰ ਤੋਂ ਪੈਰਾਂ ਤਕ ਸ੍ਵਾਸ ਲੈ ਰਹੇ ਹੋਵੋ, ਸ੍ਵਾਸਾਂ ਵਿਚ ਕੋਈ ਰੁਕਾਵਟ ਨਹੀਂ ਹੋਣੀ ਚਾਹੀਦੀ, ਕੋਈ ਝਟਕੇ ਨਹੀਂ ਲਗਣੇ ਚਾਹੀਦੇ। ਸ੍ਵਾਸ ਅੰਦਰ ਕਰਦੇ ਜਾਂ ਬਾਹਰ ਕੱਢਦੇ ਕੋਈ ਆਵਾਜ਼ ਨਹੀਂ ਹੋਣੀ ਚਾਹੀਦੀ। ਸ੍ਵਾਸ ਬਹੁਤ ਹੀ ਸਹਿਜ ਵਿਚ ਤੇ ਹਲਕੇ ਹੋਣੇ ਚਾਹੀਦੇ ਹਨ। ਤੁਸੀਂ ਮਨ ਨੂੰ ਸ੍ਵਾਸਾਂ ਨਾਲ ਜੋੜੋ, ਸ੍ਵਾਸ ਬਾਹਰ ਕੱਢਦੇ ਸਮੇਂ ਸਾਰੀ ਚਿੰਤਾ ਬਾਹਰ ਕੱਢੋ। ਸ੍ਵਾਸ ਅੰਦਰ ਕਰਦੇ ਸਮੇਂ ਪੈਰਾਂ ਤੋਂ ਸਿਰ ਤਕ ਮਹਿਸੂਸ ਕਰੋ। ਇਸ ਤਰ੍ਹਾਂ ਦਸ ਵਾਰੀ ਕਰੋ। ਪਹਿਲਾਂ ਦਸ ਵਾਰੀ ਖੱਬੇ ਪਾਸੇ ਲੇਟ ਕੇ ਕਰੋ, ਫੇਰ ਦਸ ਵਾਰੀ ਸੱਜੇ ਪਾਸੇ ਲੇਟ ਕੇ ਕਰੋ, ਫੇਰ ਸਿੱਧੇ ਲੇਟ ਕੇ ਕਰੋ। ਤੁਸੀਂ ਪੂਰੀ ਤਰ੍ਹਾਂ ਨਾਲ ਸ਼ਾਂਤ ਹੋ ਜਾਓਗੇ, ਸਿਥਲ ਹੋ ਜਾਓਗੇ ਤੇ ਚੰਗੀ ਨੀਂਦ ਸੌਂ ਸਕੋਗੇ।

*(ਲੜੀ ਜੋੜਨ ਲਈ ਦੇਖੋ, ਮਈ ਅੰਕ ਪੰਨਾ -)*

## ਹੰਸਡਾ ਆਸ਼ਰਮ ਦੀਆਂ ਪ੍ਰਾਕਰਮੀਆਂ

ਨਵੇਂ ਆਸ਼ਰਮ ਦਾ ਜੀਵਨ ਅਤਿ ਅਦਭੁੱਤ ਸੀ। ਅਸੀਂ ਟੈਕਸੀ ਤੋਂ ਥੱਲੇ ਸੜਕ ਤੇ ਉਤਰੇ। ਆਪਣੇ ਆਪਣੇ ਬੈਗ ਚੁੱਕੇ, ਸਿਰਾਂ ਤੇ ਰੱਖੇ, ਮੋਢਿਆਂ ਤੇ ਰੱਖੇ, ਹੌਲੀ ਹੌਲੀ ਬੜੇ ਧਿਆਨ ਨਾਲ ਉਪਰ ਚੜ੍ਹਨਾ ਸ਼ੁਰੂ ਕਰ ਦਿਤਾ। ਕਿਤੇ ਕਿਤੇ ਤਾਂ ਖਾਈ ਜਿਹੀ ਦੇ ਉਪਰ ਸਵਾਮੀ ਜੀ ਨੇ ਕੇਵਲ ਇਕ ਪੱਕੀ ਮੋਟੀ ਲਕੜੀ ਹੀ ਰੱਖੀ ਹੋਈ ਸੀ। ਖੇਤਾਂ ਵਿਚੋਂ ਲੰਘਦੇ, ਪਹਾੜੀਆਂ ਟਪਦੇ, ਛੋਟੇ-ਛੋਟੇ ਸੋਹਣੇ ਪਿੰਡਾਂ ਵਿਚੋਂ ਲੰਘਦੇ, ਛੋਟੇ-ਛੋਟੇ ਬੱਚਿਆਂ ਨੂੰ ਦੇਖਦੇ, ਬੱਚੇ ਸਾਨੂੰ ਦੇਖ ਕੇ ਖੁਸ਼ ਹੋ ਰਹੇ ਸੀ। ਉਨ੍ਹਾਂ ਨੂੰ ਕੋਈ ਨਵੀਆਂ ਸ਼ਕਲਾਂ ਦਿਸ ਰਹੀਆਂ ਸੀ। ਅਸੀਂ ਆਸ਼ਰਮ ਦੇ ਗੇਟ ਤੇ ਪਹੁੰਚੇ ਜੋ ਲਕੜੀ ਦਾ ਬਣਿਆ ਹੋਇਆ ਸੀ। ਉਸ ਉਤੇ ਸਾਰੀਆਂ ਹਦਾਇਤਾਂ ਲਿਖੀਆਂ ਹੋਈਆਂ ਸੀ। ਆਸ਼ਰਮ ਵਿਚ ਕਿਵੇਂ ਰਹਿਣਾ ਹੈ? ਕੀ ਕਰਨਾ ਹੈ, ਕਿੰਨੇ ਵਜੇ ਤੋਂ ਕਿੰਨੇ ਵਜੇ ਤਕ ਚੁੱਪ ਰਹਿਣਾ ਹੈ? ਕਿਸ ਵੇਲੇ ਮੈਡੀਟੇਸ਼ਨ ਕਰਨੀ ਹੈ? ਕਿਸ ਵੇਲੇ

ਸਵਾਮੀ ਜੀ ਮਿਲਣਗੇ, ਕਿੰਨੇ ਵਜੇ ਤੋਂ ਕਿੰਨੇ ਵਜੇ ਤਕ ਪ੍ਰਸ਼ਾਦਾ ਮਿਲਦਾ ਹੈ। ਸਵਾਮੀ ਜੀ ਨੇ ਸਾਨੂੰ ਨਵੀਂ ਬਣੀ ਬਿਲਡਿੰਗ ਵਿਚ ਠਹਿਰਾਇਆ। ਉਹ ਅਜੇ ਚੰਗੀ ਤਰ੍ਹਾਂ ਸੁਕੀ ਵੀ ਨਹੀਂ ਸੀ, ਐਡੀ ਠੰਢ ਵਿਚ ਉਥੇ ਕੇਵਲ ਇਕ ਅਮਰੀਕਨ ਚਾਰਲੀ ਸੀ। ਕੁਝ ਪਿੰਡ ਦੇ ਲੋਕੀ ਜਿਹੜੇ ਕੰਮ ਕਰਦੇ ਸੀ ਤੇ ਦੋ ਬੀਬੀਆਂ ਜਿਹੜੀਆਂ ਪ੍ਰਸ਼ਾਦੇ ਤਿਆਰ ਕਰਦੀਆਂ ਸੀ। ਇਥੇ ਸਵਾਮੀ ਜੀ ਕੋਲ ਬਹੁਤ ਸਮਾਂ ਸੀ ਤੇ ਸਵਾਮੀ ਜੀ ਬਹੁਤ ਸਾਰਾ ਸਮਾਂ ਸਾਡੇ ਨਾਲ ਹੀ ਬਿਤਾਂਦੇ ਸੀ। ਫੇਰ ਜਦੋਂ ਮੌਸਮ ਥੋੜ੍ਹਾ ਬਦਲ ਗਿਆ, ਅਮਰੀਕਾ ਤੋਂ ਵਧੇਰੇ ਪ੍ਰਾਹੁਣੇ ਆ ਗਏ, ਜਦੋਂ ਤਕ ਉਹ ਸੀ ਨਹੀਂ ਆਏ, ਸਵਾਮੀ ਜੀ ਸਾਰਾ ਸਮਾਂ ਸਾਡੇ ਨਾਲ ਹੀ ਬਿਤਾਉਂਦੇ। ਕਦੀ-ਕਦੀ ਅਸੀਂ ਸ਼ਹਿਰ ਜਾਂਦੇ, ਰਾਸ਼ਨ ਪਾਣੀ ਖਰੀਦਦੇ, ਕਈ ਵਪਾਰੀਆਂ ਨੂੰ ਮਿਲਦੇ, ਉਹ ਸਵਾਮੀ ਜੀ ਤੋਂ ਮਾਰਗ ਦਰਸ਼ਨ ਲੈਂਦੇ, ਹੋਰ ਸਲਾਹ ਲੈਂਦੇ, ਆਸ਼ਰਮ ਲਈ ਦਾਨ ਦਿੰਦੇ, ਬਾਕੀ ਦਿਨ ਅਸੀਂ ਆਸ਼ਰਮ ਵਿਚ ਹੀ ਰਹਿੰਦੇ, ਸੋਹਣੇ ਪਹਾੜ ਦੇਖਦੇ, ਸੋਹਣੇ ਨਜ਼ਾਰੇ ਦੇਖਦੇ, ਬਰਫ ਦੇ ਢਕੇ ਪਹਾੜ ਦੇਖਦੇ।

ਐਨਾ ਵਧ ਸਮਾਂ ਸਵਾਮੀ ਜੀ ਨਾਲ ਬਿਤਾਉਣ ਤੇ ਮੈਂ ਦੇਖਿਆ ਸਵਾਮੀ ਜੀ ਲੋਕਾਂ ਲਈ ਕਿੰਨੀ ਚਿੰਤਾ ਕਰਦੇ ਹਨ, ਕਿਸ ਤਰ੍ਹਾਂ ਉਨ੍ਹਾਂ ਦੇ ਭਲੇ ਲਈ ਲੱਗੇ ਰਹਿੰਦੇ ਹਨ, ਉਨ੍ਹਾਂ ਦੀਆਂ ਸਰੀਰਕ ਜ਼ਰੂਰਤਾਂ ਦਾ ਉਹ ਕਿਵੇਂ ਧਿਆਨ ਰਖਦੇ ਹਨ। ਅਸੀਂ ਜਾ ਰਹੇ ਹੋਵਾਂਗੇ, ਗੱਲਾਂ ਬਾਤਾਂ ਕਰ ਰਹੇ ਹੋਵਾਂਗੇ। ਝੱਟ ਸਵਾਮੀ ਜੀ ਕਹਿਣਗੇ, ਚੱਲੋ ਚਾਹ ਪੀ ਲਈਏ, ਫੇਰ ਅਗੇ ਚੱਲ ਕੇ ਕਹਿਣਗੇ, ਆਓ ਕੁਝ ਖਾ ਲਈਏ। ਕਾਰ ਵਿਚ ਬੈਠਿਆਂ, ਸਵਾਮੀ ਜੀ ਦਾ ਚਿਹਰਾ ਇਕ ਦਮ ਚਮਕ ਪਏਗਾ। ਚਲੋ ਰੁਕ ਕੇ ਪਿਕਨਿਕ ਕਰੀਏ ਜਾਂ ਸੜਕ ਦੇ ਕੰਡੇ ਖੜ੍ਹੇ ਹੋ ਕੇ ਚਾਹ ਪੀ ਲਈਏ। ਕਿੰਨੇ ਸਾਲ ਸਵਾਮੀ ਜੀ ਨਾਲ ਰਹਿਣ ਤੋਂ ਬਾਅਦ ਮੈਨੂੰ ਸਮਝ ਆਈ ਕਿ ਸਵਾਮੀ ਜੀ ਆਪਣੇ ਲਈ ਨਹੀਂ ਰੁਕਦੇ, ਉਨ੍ਹਾਂ ਨੂੰ ਆਪ ਨੂੰ ਭੁੱਖ ਨਹੀਂ ਹੁੰਦੀ। ਸਾਡੇ ਲਈ ਹੀ ਰੁਕਦੇ ਹਨ। ਸਵਾਮੀ ਜੀ ਤਾਂ ਬਹੁਤ ਹੀ ਥੋੜ੍ਹਾ ਖਾਂਦੇ ਹਨ ਪਰ ਉਹ ਤਾਂ ਹਰ ਵੇਲੇ ਸਾਡੇ ਹੀ ਪੇਟ ਦਾ ਧਿਆਨ ਕਰਦੇ ਸੀ। ਜਦੋਂ ਵੀ ਕੋਈ ਉਤੇ ਚੜ੍ਹ ਕੇ ਆਸ਼ਰਮ ਪਹੁੰਚਦਾ ਉਸ ਨੂੰ ਇਕ ਦਮ ਪਾਣੀ, ਚਾਹ ਅਤੇ ਕੁਝ ਖਾਣ ਨੂੰ ਦਿਤਾ ਜਾਂਦਾ। ਜਿਹੜੀਆਂ ਕੁੜੀਆਂ ਆਸ਼ਰਮ ਵਿਚ ਕੰਮ ਕਰਦੀਆਂ ਸੀ ਉਹ ਮੋਟੀਆਂ ਹੋ ਗਈਆਂ ਹਨ। ਸਾਰੇ ਪਿੰਡ ਵਾਲੇ ਹਸਦੇ ਹਨ। ਮੈਨੂੰ ਸਵਾਮੀ ਜੀ ਦੀ ਗੱਲ ਯਾਦ ਆ ਗਈ ਕਿ ਗੁਰੂ ਇਕ ਵਾਰੀ ਪਕੜ ਲਵੇ ਛੱਡਦਾ ਨਹੀਂ। ਮਾਤਾ ਪਿਤਾ ਤੋਂ ਵੱਧ ਤੁਹਾਡੇ ਲਈ ਸਭ ਕੁਝ ਕਰਦਾ ਹੈ, ਹੋਵੇ ਗੁਰੂ ਸਮਰੱਥ।

ਠੰਡੀ ਸ਼ਾਮ ਨੂੰ ਅਸੀਂ ਸਵਾਮੀ ਜੀ ਨਾਲ ਲੱਕੜੀਆਂ ਜਲਾ ਕੇ ਬੈਠਦੇ, ਉਨ੍ਹਾਂ ਦੇ ਕਮਰੇ ਵਿਚ ਲਕੜੀ ਜਲਾਣ ਦੀ ਜਗ੍ਹਾ ਸੀ। ਸਵਾਮੀ ਜੀ ਨੂੰ ਦੇਖਦੇ ਸਵਾਮੀ ਜੀ ਲਕੜੀਆਂ ਛੇੜਦੇ ਉਨ੍ਹਾਂ ਨੂੰ ਠੀਕ ਕਰਦੇ, ਅਸੀਂ ਉਨ੍ਹਾਂ ਦਾ ਚਮਕਦਾ ਚਿਹਰਾ ਦੇਖਦੇ।

ਮੈਂ ਲੋਕਾਂ ਨੂੰ ਠੀਕ ਕਰਦਾ ਸੀ ਤੇ ਉਨ੍ਹਾਂ ਨੂੰ ਦੱਸ ਦਿੰਦਾ ਸੀ ਕਿ ਮੈਂ ਤੁਹਾਨੂੰ ਠੀਕ ਕੀਤਾ ਹੈ। ਹੁਣ ਮੈਂ ਠੀਕ ਕਰਦਾ ਹਾਂ ਪਰ ਦਸਦਾ ਨਹੀਂ, ਚੁਪ ਚਪੀਤੇ ਹੀ ਕਰਦਾ ਹਾਂ, ਇਹ ਕਹਿੰਦੇ ਹੋਏ ਸਵਾਮੀ ਜੀ ਅੱਗ ਨੂੰ ਛੇੜ ਦਿੰਦੇ ਤੇ ਕਹਿੰਦੇ, ਹੁਣ ਤੁਸੀਂ ਅਨੁਭਵ ਤੋਂ ਬੋਲਿਆ ਕਰੋ।

ਬਹੁਤ ਸਾਰਾ ਸਮਾਂ ਅਸੀਂ ਚੁੱਪ ਕਰਕੇ ਬੈਠੇ ਰਹਿੰਦੇ ਤੇ ਮਾਹੌਲ ਦਾ ਅਨੰਦ ਮਾਣਦੇ ਰਹਿੰਦੇ। ਜਿਵੇਂ ਜਿਵੇਂ ਸਮਾਂ ਬੀਤਦਾ ਗਿਆ, ਬਹੁਤ ਵਾਰੀ ਸਵਾਮੀ ਜੀ ਸਾਨੂੰ ਅਚੰਭਾ ਦਿੰਦੇ। ਤੁਹਾਡੇ ਅੰਦਰ ਵਹਿਮ ਹੈ, ਤੁਸੀਂ ਆਪਣੇ ਆਪ ਨੂੰ ਇੱਟਾਂ ਪੱਥਰਾਂ ਦੀ ਤਰ੍ਹਾਂ ਮਿਣਦੇ ਹੋ, ਤੁਸੀਂ ਚਿੰਤਾ ਕਿਸ ਗੱਲ ਦੀ ਕਰਦੇ ਹੋ, ਤੁਸੀਂ ਪਵਿੱਤਰ ਪੂਜਨੀਕ ਬਣ ਚੁੱਕੇ ਹੋ ਪਰ ਤੁਹਾਨੂੰ ਪਤਾ ਹੀ ਨਹੀਂ।

ਹੁਣ ਇਹ ਮੇਰਾ ਬਾਰ੍ਹਵਾਂ ਸਾਲ ਸੀ ਸਵਾਮੀ ਜੀ ਨਾਲ। ਐਨੀ ਦੇਰ ਵਿਚ ਮੈਂ ਇਹ ਸਿੱਖ ਗਿਆ ਸੀ ਕਿ ਸਵਾਮੀ ਜੀ ਨਾਲ ਅੱਗੋਂ ਬਹਿਸਣਾ ਨਹੀਂ, ਕੇਵਲ ਸਵਾਮੀ ਜੀ ਨੂੰ ਸੁਣਨਾ ਤੇ ਸਿਖਣਾ ਹੈ। ਇਸ ਕਰਕੇ ਮੈਂ ਉਨ੍ਹਾਂ ਦਾ ਧਿਆਨ ਹੀਂ ਨਹੀਂ ਸੀ ਏਧਰ ਓਧਰ ਕਰਦਾ ਤਾਂ ਜੋ ਉਹ ਮੁੜ ਕੇ ਚੁੱਪ ਨਹੀਂ ਕਰ ਜਾਣ। ਮੈਂ ਤਾਂ ਇਕ ਤੁਛ ਸੇਵਕ ਹਾਂ, ਮੈਂ ਤਾਂ ਗਿਆਨ ਪ੍ਰਾਪਤ ਕਰਕੇ ਉਸ ਨੂੰ ਅੱਗੇ ਵੰਡਣ ਵਾਲਾ ਹਾਂ। ਥੋੜ੍ਹੀ ਦੇਰ ਸਵਾਮੀ ਜੀ ਅੱਗ ਨੂੰ ਦੇਖਦੇ ਰਹੇ ਤੇ ਫੇਰ ਕਹਿਣ ਲੱਗੇ, ਹਰ ਚੀਜ਼ ਦਾ ਅਨੰਦ ਲੈਣਾ, ਅਨੰਦ ਮਾਨਣਾ ਸਿੱਖੋ ਪਰ ਕਿਸੇ ਚੀਜ਼ ਤੇ ਆਪਣਾ ਹੱਕ ਨਾ ਜਮਾਓ, ਹੱਕ ਜਮਾਉਣਾ ਦੁਖਦਾਈ ਹੋਵੇਗਾ। ਜਸਟਿਨ ਤੂੰ ਰਾਜੇ ਬਨਾਉਣ ਵਾਲਾ ਹੈਂ ਪਰ ਦੁਨਿਆਵੀ ਤਰ੍ਹਾਂ ਦਾ ਰਾਜਾ ਨਹੀਂ, ਤੂੰ ਅਧਿਆਤਮਕ ਰਾਜਾ ਹੈਂ।

ਕਈ ਵਾਰੀ ਸਵਾਮੀ ਜੀ ਬੜੇ ਅਲੰਕਾਰਕ ਹੋ ਜਾਂਦੇ ਤੇ ਬੜੀਆਂ ਹੀ ਅਲੌਕਿਕ ਗੱਲਾਂ ਕਰਦੇ ਪਰ ਉਹ ਸਦਾ ਹੀ ਮਨੁੱਖ ਦੇ ਸੰਸਾਰ ਵਿਚ ਆ ਕੇ ਸੰਸਾਰਕ ਅਨੰਦ ਮਾਨਣ ਦੀ ਗੱਲ ਜ਼ਰੂਰ ਕਰਦੇ। ਸਵਾਮੀ ਜੀ ਕਹਿੰਦੇ ਕਿ ਲੋਕਾਂ ਦੀਆਂ ਬੇਵਕੂਫੀਆਂ ਦੀਆਂ ਗੱਲਾਂ ਨਹੀਂ ਕੀਤੀਆਂ ਜਾ ਸਕਦੀਆਂ। ਉਨ੍ਹਾਂ ਦੀਆਂ ਬੇਵਕੂਫੀਆਂ ਗੱਲਾਂ ਕਰਕੇ ਨਹੀਂ ਕੱਢੀਆਂ ਜਾ ਸਕਦੀਆਂ, ਉਨ੍ਹਾਂ ਨੂੰ ਸਿਖਾਇਆ ਜਾ ਸਕਦਾ ਹੈ।

ਇਕ ਵਾਰੀ ਦੀ ਗੱਲ ਹੈ ਸਵਾਮੀ ਜੀ ਚੁੱਪ ਕਰਕੇ ਬੈਠੇ ਸੀ। ਉਹ ਬਾਹਰ ਆਏ ਤੇ ਕਹਿਣ ਲੱਗੇ, ਤੁਹਾਨੂੰ ਸਦਾ

ਗਿਆਨ ਦੀ ਹੀ ਗੱਲ ਕਰਨੀ ਚਾਹੀਦੀ ਹੈ। ਜਦੋਂ ਬੋਲੋ ਗਿਆਨ ਦੀ ਗੱਲ ਕਰੋ, ਕੇਵਲ ਆਪਣੇ ਲੈਕਚਰਾਂ ਵਿਚ ਹੀ ਗਿਆਨ ਦੀ ਗੱਲ ਨਹੀਂ ਕਰਨੀ ਚਾਹੀਦੀ।

ਸਵਾਮੀ ਜੀ ਦੱਸਣ ਲੱਗੇ, ਇਕ ਵਾਰੀ ਦੀ ਗੱਲ ਹੈ, ਉਨ੍ਹਾਂ ਦਾ ਇਕ ਮਿੱਤਰ ਪੱਛਮ ਵਿਚ ਸੀ ਉਹ ਚੜ੍ਹਾਈ ਕਰ ਗਿਆ ਤੇ ਸਵਾਮੀ ਜੀ ਇਕ ਕਵਿਤਾ ਹੀ ਕਹਿਣ ਲਗ ਪਏ, ਲੋਕੀ ਜੰਮਦੇ ਹਨ ਲੋਕੀ ਮਰਦੇ ਹਨ, ਮੈਂ ਕਿਹਦੀ ਖੁਸ਼ੀ ਮਨਾਵਾਂ ਤੇ ਕਿਹਦਾ ਸੋਗ ਮਨਾਵਾਂ?

ਅਸੀਂ ਬਹੁਤੀ ਦੇਰ ਸਵਾਮੀ ਜੀ ਦੇ ਕਮਰੇ ਵਿਚ ਹੀ ਰਹਿੰਦੇ, ਓਦੋਂ ਤਕ ਰਹਿੰਦੇ ਜਦੋਂ ਤਕ ਉਨ੍ਹਾਂ ਦੀ ਮੈਡੀਟੇਸ਼ਨ ਦਾ ਸਮਾਂ ਨਹੀਂ ਸੀ ਹੋ ਜਾਂਦਾ। ਉਸ ਵੇਲੇ ਸਵਾਮੀ ਜੀ ਕਹਿੰਦੇ ਸ਼ੁਭ ਰਾਤਰੀ ਜਾਂ ਸਵਾਮੀ ਜੀ ਕਹਿੰਦੇ ਹੁਣ ਤਾਂ ਤੁਹਾਨੂੰ ਨੀਂਦ ਆ ਗਈ ਹੋਵੇਗੀ। ਤੁਸੀਂ ਚਲੋ ਜਾਂ ਕਦੀ ਉਹ ਸਾਡੇ ਕਮਰੇ ਵਿਚ ਆ ਜਾਂਦੇ ਜਾਂ ਅਸੀਂ ਥੋੜ੍ਹੀ ਦੇਰ ਬਾਹਰ ਖੜ੍ਹੇ ਹੋ ਜਾਂਦੇ ਤੇ ਰਾਤ ਦੀ ਠੰਢ ਤੇ ਚਾਂਦਨੀ ਰਾਤ ਦਾ ਅਨੰਦ ਮਾਣਦੇ।

ਇਕ ਰਾਤ ਦੀ ਗੱਲ ਹੈ, ਸਾਨੂੰ ਇਕ ਜਾਨਵਰ ਦੇ ਜ਼ੋਰ-ਜ਼ੋਰ ਦੀ ਦਹਾੜਨ ਦੀ ਆਵਾਜ਼ ਆਈ। ਸਵਾਮੀ ਜੀ ਕਹਿਣ ਲੱਗੇ ਇਹ ਇਕ ਮਾਦਾ ਚੀਤਾ ਹੈ। ਪਹਿਲਾਂ ਮੈਂ ਸੋਚਿਆ ਸਵਾਮੀ ਜੀ ਮਖੌਲ ਕਰ ਰਹੇ ਹਨ। ਫੇਰ ਮੈਂ ਸੋਚਿਆ ਸਵਾਮੀ ਜੀ ਸਾਨੂੰ ਵਧਾ ਕੇ ਦੱਸ ਰਹੇ ਹਨ। ਫੇਰ ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਕੀ ਹੈ। ਆਵਾਜ਼ ਵਧੇਰੇ ਸਾਫ ਤੇ ਉਚੀ ਹੋਈ ਜਾ ਰਹੀ ਸੀ, ਮੈਨੂੰ ਸਮਝ ਨਹੀਂ ਆ ਰਹੀ ਸੀ।

ਦੂਸਰੇ ਦਿਨ ਸਵੇਰੇ ਹੀ ਸਵਾਮੀ ਜੀ ਸਾਡੇ ਬੂਹੇ ਅੱਗੇ ਆਏ। ਕਹਿੰਦੇ ਬਿਲਕੁਲ ਚੁੱਪ ਕਰੋ ਤੇ ਮੇਰੇ ਨਾਲ ਆਓ।

ਅਸੀਂ ਹੌਲੀ-ਹੌਲੀ ਚੱਲੇ ਤੇ ਬਹੁਤ ਹੀ ਧਿਆਨ ਨਾਲ ਕਿਨਾਰੇ ਕਿਨਾਰੇ ਚਲਦੇ ਰਹੇ ਤੇ ਸਵਾਮੀ ਜੀ ਦੇ ਪਿਛੇ। ਨਾਲ ਹੀ ਸਵਾਮੀ ਜੀ ਆਪਣੀ ਉਂਗਲੀ ਨਾਲ ਇਸ਼ਾਰਾ ਕਰਦੇ ਰਹੇ। ਅਸੀਂ ਦੇਖਿਆ ਇਕ ਵੱਡੀ ਸਾਰੀ ਮਾਦਾ ਚੀਤਾ ਇਕ ਵੱਡੀ ਸਾਰੀ ਟਾਹਣੀ ਤੇ ਲੇਟੀ ਪਈ ਸੀ ਤੇ ਉਸ ਦੇ ਸਾਮ੍ਹਣੇ ਤਿੰਨ ਛੋਟੇ ਛੋਟੇ ਬੱਚੇ ਲੇਟੇ ਪਏ ਸੀ।

ਆਸ਼ਰਮ ਦਾ ਚੌਕੀਦਾਰ ਸਿਆਣਾ ਬਜ਼ੁਰਗ ਸੀ। ਉਹ ਨੇੜੇ ਦੇ ਥੱਲੇ ਦੇ ਪਿੰਡ ਦਾ ਹੀ ਰਹਿਣ ਵਾਲਾ ਸੀ। ਉਹ ਬਹੁਤ ਹੀ ਬੀਬਾ ਚੰਗਾ ਬੰਦਾ ਸੀ, ਬਹੁਤ ਹੀ ਰਿਸ਼ਟ ਪੁਸ਼ਟ ਤੇ ਬਿਲਕੁਲ ਇਮਾਨਦਾਰ। ਸਵਾਮੀ ਜੀ ਉਸ ਨੂੰ ਬਹੁਤ ਹੀ ਪਿਆਰ ਕਰਦੇ ਸੀ। ਉਹ ਵੀ ਸਵਾਮੀ ਜੀ ਨੂੰ ਬਹੁਤ ਪਿਆਰ ਕਰਦਾ ਸੀ, ਜਦੋਂ ਸਵਾਮੀ ਜੀ ਪਹਿਲਾਂ ਇਥੇ ਆਏ ਸੀ ਤੇ ਆਸ਼ਰਮ ਅਰੰਭ ਕਰਨਾ ਚਾਹੁੰਦੇ ਸੀ, ਪਿੰਡ ਦੇ ਲੋਕਾਂ ਨੇ ਸਵਾਮੀ ਜੀ ਨੂੰ ਬੁਲਾਇਆ, ਉਨ੍ਹਾਂ ਨੂੰ ਪੜ੍ਹਾਇਆ। ਉਨ੍ਹਾਂ ਦੀ ਸਿਹਤ ਸਵਾਮੀ ਜੀ ਨੇ ਦੇਖੀ, ਸਵਾਮੀ ਜੀ ਬੱਚਿਆਂ ਨਾਲ ਖੇਡੇ, ਛੇਤੀ ਹੀ ਜਦੋਂ ਵੀ ਸਵਾਮੀ ਜੀ ਹੇਠਾਂ ਉਤਰਦੇ, ਸਾਰੇ ਬੱਚੇ ਦੌੜੇ-ਦੌੜੇ ਬਾਬਾ ਬਾਬਾ ਕਹਿੰਦੇ ਸਵਾਮੀ ਜੀ ਕੋਲ ਆ ਜਾਂਦੇ। ਸਵਾਮੀ ਜੀ ਪਿੰਡ ਦੇ ਪੰਚਾਂ ਨਾਲ ਬੈਠ ਕੇ ਪੁਛਦੇ ਕਿ ਪਿੰਡ ਵਿਚ ਕਿਸ ਚੀਜ਼ ਦੀ ਲੋੜ ਹੈ, ਸਵਾਮੀ ਜੀ ਨੂੰ ਦਵਾਈਆਂ ਲਈ ਕਿਹਾ ਗਿਆ ਜੋ ਕਿ ਕਿਤੇ ਵੀ ਪਿੰਡਾਂ ਵਿਚ ਚੰਗੀ ਵਿਵਸਥਾ ਹੁੰਦੀ ਹੀ ਨਹੀਂ। ਛੇਤੀ ਹੀ ਪਿੰਡ ਵਿਚ ਇਕ ਛੋਟੀ ਜਿਹੀ ਡਿਸਪੈਂਸਰੀ ਬਣਾ ਦਿਤੀ ਗਈ ਤੇ ਸਵਾਮੀ ਜੀ ਦੇ ਸ਼ਿਸ਼ ਹੀ ਉਥੇ ਬੈਠਣ ਲੱਗੇ ਤੇ ਬਿਮਾਰਾਂ ਦੀ ਦੇਖਭਾਲ ਕਰਨ ਲੱਗੇ। ਬਾਹਰੋਂ ਅਮਰੀਕਾ ਤੋਂ ਸਵਾਮੀ ਜੀ ਦੇ ਭਗਤ ਦਵਾਈਆਂ ਵੀ ਭੇਜਦੇ ਤੇ ਉਹ ਦਵਾਈਆਂ ਵੰਡੀਆਂ ਜਾਂਦੀਆਂ।

ਫੇਰ ਸਵਾਮੀ ਜੀ ਨੇ ਦੇਖਿਆ ਕਿ ਠੰਢ ਹੈ ਤੇ ਬੱਚੇ ਠੰਡ ਨਾਲ ਸੁੰਗੜਦੇ ਰਹਿੰਦੇ ਹਨ। ਕਿਸੇ ਕੋਲ ਵੀ ਐਨੇ ਗਰਮ ਕਪੜੇ ਨਹੀਂ ਸੀ ਜੋ ਉਹ ਸਰਦੀ ਤੋਂ ਆਪਣੇ ਆਪ ਨੂੰ ਬਚਾ ਸਕਦੇ। ਫੇਰ ਸਵਾਮੀ ਜੀ ਨੇ ਅਮਰੀਕਾ ਵਿਚ ਵਿਚ ਕਿਹਾ ਕਿ ਪੁਰਾਣੇ ਵਰਤੇ ਹੋਏ ਗਰਮ ਕਪੜੇ ਭੇਜੋ। ਥਰੀਸਾ ਨੇ ਆਪ ਦੇਖਿਆ ਕਿਵੇਂ ਇਹ ਕਪੜੇ ਲੋਕਾਂ ਲਈ ਇਕ ਖਜ਼ਾਨਾ ਬਣ ਗਏ। ਲੋਕਾਂ ਨੇ ਕਿਵੇਂ ਇਨ੍ਹਾਂ ਨੂੰ ਲਿਆ। ਫੇਰ ਜਦੋਂ ਕਪੜੇ ਵੰਡੇ ਜਾਂਦੇ ਪਿੰਡ ਦੇ ਲੋਕੀ ਅਟੈਚੀ ਅਤੇ ਖਾਲੀ ਬਕਸੇ ਚੁੱਕ ਕੇ ਲੈ ਜਾਂਦੇ। ਪਿੰਡ ਦੇ ਲੋਕੀ ਲਾਈਨਾਂ ਬਣਾ ਕੇ ਕਪੜੇ ਲੈਣ ਲਈ ਖੜ੍ਹੇ ਹੁੰਦੇ ਜਾਂ ਸਵਾਮੀ ਜੀ ਦੇ ਆਲੇ ਦੁਆਲੇ ਘੇਰਾ ਪਾ ਕੇ ਖੜ੍ਹੇ ਹੋ ਜਾਂਦੇ। ਜਦੋਂ ਸਵਾਮੀ ਜੀ ਅਮਰੀਕਾ ਤੋਂ ਆਏ, ਬਕਸੇ ਖੋਲ੍ਹਦੇ, ਸਭ ਤੋਂ ਪਹਿਲਾਂ ਬਕਸਾ ਜਦੋਂ ਸਵਾਮੀ ਜੀ ਨੇ ਖੋਲ੍ਹਿਆ ਇਕ ਕਮੀਜ਼ ਕੱਢੀ ਤੇ ਉਹ ਇਕ ਉਚੇ ਲੰਮੇ ਬੰਦੇ ਕੋਲ ਲੈ ਕੇ ਗਏ ਕਿ ਇਹ ਉਸ ਨੂੰ ਪੂਰੀ ਆ ਜਾਵੇਗੀ। ਫੇਰ ਸਵਾਮੀ ਜੀ ਨੇ ਬੀਬੀਆਂ ਨੂੰ ਕਿਹਾ ਕਿ ਉਹ ਆਪਣੇ ਲਈ ਕਪੜੇ ਛਾਂਟ ਲੈਣ, ਫੇਰ ਸਵਾਮੀ ਜੀ ਨੇ ਬੱਚਿਆਂ ਲਈ ਕਪੜੇ ਦੇਖੇ। ਸਵਾਮੀ ਜੀ ਨੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਕਿ ਹਰ ਇਕ ਨੂੰ ਇਕ ਚੀਜ਼ ਤਾਂ ਜ਼ਰੂਰ ਮਿਲੇ, ਚੀਜ਼ਾਂ ਵੰਡਣ ਤੋਂ ਬਾਅਦ ਬਕਸੇ ਵੀ ਪਿੰਡ ਵਾਲਿਆਂ ਨੂੰ ਦੇ ਦਿਤੇ ਗਏ। ਸਭ ਕੁਝ ਲੈ ਕੇ ਪਿੰਡ ਵਾਲੇ ਇਕ ਜਲੂਸ ਦੀ ਸ਼ਕਲ ਵਿਚ ਤੁਰ ਪਏ। ਕਈ ਬੀਬੀਆਂ ਨੇ ਭਾਈਆਂ ਵਾਲੀਆਂ ਕਮੀਜ਼ਾਂ ਪਾਈਆਂ ਹੋਈਆਂ ਸਨ। ਉਨ੍ਹਾਂ ਦੇ ਬਟਨ ਬੰਦ ਕੀਤੇ ਹੋਏ। ਕਈਆਂ ਨੇ ਆਪਣੇ ਨਾਪ ਤੋਂ ਵੱਡੇ ਜੁੱਤੇ ਪਾਏ ਹੋਏ। ਕਈਆਂ ਨੇ ਖੇਡਣ ਦੀਆਂ ਟੋਪੀਆਂ ਪਾਈਆਂ ਹੋਈਆਂ। ਛੋਟੇ-ਛੋਟੇ ਬੱਚਿਆਂ ਨੇ ਪੋਲੇ ਪੋਲੇ ਖਿਡੌਣੇ ਚੁੱਕੇ ਹੋਏ, ਕਈਆਂ ਨੇ ਕੰਬਲ ਦੀ ਬੁੱਕਲ ਮਾਰੀ ਹੋਈ, ਕਈਆਂ ਨੇ ਤੋਲੀਏ ਚੁੱਕੇ ਹੋਏ, ਕਈ ਬੀਬੀਆਂ ਨੇ ਰਾਤ ਨੂੰ ਪਾਉਣ

ਵਾਲੇ ਸੋਹਣੇ ਗਾਊਨ ਚੁੱਕੇ ਹੋਏ। ਉਨ੍ਹਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਇਨ੍ਹਾਂ ਦਾ ਕੀ ਕਰਨ। ਗੱਲ ਕੀ ਸਾਰੇ ਹੀ ਕੁਝ ਨਾ ਕੁਝ ਲੈ ਕੇ ਖੁਸ਼ੀ-ਖੁਸ਼ੀ ਆਪਣੇ ਘਰਾਂ ਨੂੰ ਮੁੜ ਰਹੇ ਸੀ। ਉਨ੍ਹਾਂ ਨੂੰ ਇਹ ਚੰਗਾ ਲਗ ਰਿਹਾ ਸੀ ਕਿ ਅਮਰੀਕਾ ਦੇ ਲੋਕਾਂ ਨੇ ਉਨ੍ਹਾਂ ਲਈ ਤੋਹਫੇ ਭੇਜੇ ਹਨ।

ਇਸ ਪਿਛੋਂ ਸਵਾਮੀ ਜੀ ਨੇ ਦੇਖਿਆ ਤੇ ਸੋਚਿਆ ਕਿ ਕਿਸ ਤਰ੍ਹਾਂ ਦੀ ਸਹਾਇਤਾ ਦੀ ਪਿੰਡ ਵਿਚ ਲੋੜ ਹੈ, ਸਵਾਮੀ ਜੀ ਨੇ ਦੇਖਿਆ ਪਿੰਡ ਦੀਆਂ ਬੀਬੀਆਂ ਬਹੁਤ ਉਚੇ ਚੜ੍ਹ ਕੇ ਪਾਣੀ ਲੈ ਕੇ ਆਉਂਦੀਆਂ ਹਨ ਤਾਂ ਰੋਟੀ ਪਕਦੀ ਹੈ, ਕਪੜੇ ਧੋਤੇ ਜਾਂਦੇ ਹਨ। ਕਈ ਵਾਰੀ ਕੇਵਲ ਪੰਜ ਕਿਲੋ ਵਾਲੀ ਕੇਨੀ ਵਿਚ ਹੀ ਪਾਣੀ ਲੈ ਕੇ ਆਉਂਦੀਆਂ ਹਨ। ਪੰਜ ਮੀਲ ਤੁਰ ਕੇ ਆਉਂਦੀਆਂ ਹਨ। ਸਵਾਮੀ ਜੀ ਨੇ ਭਾਰਤੀ ਤੇ ਨੇਪਾਲੀ ਵਪਾਰੀਆਂ ਤੋਂ ਪੈਸੇ ਇਕੱਠੇ ਕੀਤੇ ਤੇ ਪਾਣੀ ਦੀ ਨਾਲੀ ਬਣਵਾਈ, ਪਾਣੀ ਇਕੱਠਾ ਕਰਨ ਲਈ ਵੱਡਾ ਸਾਰਾ ਟੈਂਕ ਬਣਵਾਇਆ। ਨਾਲੀ ਨਾਲ ਚਸ਼ਮੇ ਤੋਂ ਪਾਣੀ ਟੈਂਕ ਵਿਚ ਇਕੱਠਾ ਕਰਕੇ ਫੇਰ ਥੱਲੇ ਪਿੰਡ ਵਿਚ ਵੰਡਣ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਦਾ ਪ੍ਰਬੰਧ ਸਵਾਮੀ ਜੀ ਨੇ ਤਿੰਨ ਪਿੰਡਾਂ ਲਈ ਕੀਤਾ। ਜਿਸ ਨਾਲ ਪਿੰਡ ਵਾਲਿਆਂ ਦੇ ਰਹਿਣ ਸਹਿਣ ਦੇ ਤਰੀਕੇ ਵਿਚ ਬਹੁਤ ਹੀ ਬਦਲਾਅ ਆਇਆ।

ਉਸ ਪਿਛੋਂ ਸਵਾਮੀ ਜੀ ਨੇ ਪਿੰਡ ਵਿਚ ਗੁਸਲਖਾਨੇ ਤੇ ਬਾਹਰ ਠੰਢ ਵਿਚ ਜਾਣ ਤੋਂ ਬਚਣ ਲਈ ਕਮੋਡ ਬਣਵਾ ਕੇ ਦਿਤੇ ਤੇ ਆਪ ਕਮੋਡ ਤੇ ਬੈਠ ਕੇ ਪਿੰਡ ਵਾਲਿਆਂ ਨੂੰ ਵਰਤਣ ਦੀ ਜਾਚ ਵੀ ਸਿਖਾਈ। ਸੰਤ ਮਹਾਤਮਾ ਲੋਕਾਂ ਦਾ ਅਧਿਆਤਮਕ ਜੀਵਨ ਸੁਆਰਦੇ ਹਨ। ਯੋਗੀ ਲੋਕਾਂ ਨੂੰ ਸਰੀਰ ਦੀ ਦੇਖ ਭਾਲ ਵੀ ਸਿਖਾਉਂਦੇ ਹਨ, ਸਵਾਮੀ ਜੀ ਇਹ ਗੱਲ ਬਹੁਤ ਵਾਰੀ ਕਰਦੇ ਸੀ।

ਜਦੋਂ ਇਹ ਸਾਰਾ ਕੁਝ ਹੋ ਰਿਹਾ ਸੀ, ਸਾਨੂੰ ਸਭ ਨੂੰ ਬਹੁਤ ਹੀ ਦੁਖ ਲੱਗਾ। ਜਦੋਂ ਪਤਾ ਲੱਗਾ ਕਿ ਸਰਕਾਰ ਨੇ ਅਮਰੀਕਾ ਤੋਂ ਆਉਣ ਵਾਲੀਆਂ ਦਵਾਈਆਂ ਤੇ ਟੈਕਸ ਲਗਾ ਦਿਤਾ ਹੈ। ਉਹ ਦਵਾਈਆਂ ਜਿਹੜੀਆਂ ਮੁਫਤ ਵੰਡੀਆਂ ਜਾਂਦੀਆਂ ਸੀ। ਇਥੋਂ ਤਕ ਕਿ ਜਿਹੜੇ ਵਰਤੇ ਹੋਏ ਕਪੜੇ ਆਉਂਦੇ ਸੀ ਉਨ੍ਹਾਂ ਤੇ ਵੀ ਡਿਊਟੀ ਲਗਾ ਦਿਤੀ। ਨਵੀਆਂ ਸੜਕਾਂ ਲਈ ਸਰਕਾਰ ਨੇ ਨਾਂਹ ਕਰ ਦਿਤੀ। ਜਦੋਂ ਮੈਂ ਤੇ ਥਰੀਸਾ ਸਵਾਮੀ ਜੀ ਕੋਲ ਪਹੁੰਚੇ।

ਨਵਾਂ ਆਸ਼ਰਮ ਜਨਵਰੀ, ਫਰਵਰੀ ਦੇ ਮਹੀਨੇ ਬਹੁਤ ਠੰਢਾ ਸੀ। ਇਕ ਤਾਂ ਉਚਾਈ, ਫੇਰ ਕੋਈ ਇੰਤਜ਼ਾਮ ਐਸਾ ਨਹੀਂ ਸੀ ਜੋ ਕਮਰੇ ਤੇ ਜਗ੍ਹਾ ਨੂੰ ਗਰਮ ਰੱਖ ਸਕਣ। ਐਨੀ ਠੰਢ ਸੀ ਕਿ ਪਾਣੀ ਦੀਆਂ ਬਾਲਟੀਆਂ ਰਾਤ ਨੂੰ ਜੰਮ ਜਾਂਦੀਆਂ ਸੀ। ਸਵੇਰੇ ਨੂੰ ਇਸ਼ਨਾਨ ਕਰਨਾ ਮੁਸ਼ਕਲ ਹੁੰਦਾ ਸੀ। ਆਮ ਤੌਰ ਤੇ ਸਵਾਮੀ ਜੀ ਸਾਰਿਆਂ ਨੂੰ ਕਹਿੰਦੇ ਸੀ ਕਿ ਹੋਰ ਲੱਕੜੀਆਂ ਇਕੱਠੀਆਂ ਕਰੋ ਤਾਂ ਜੋ ਪਾਣੀ ਗਰਮ ਕਰ ਸਕੋ, ਪਰ ਅਸੀਂ ਸਵਾਮੀ ਜੀ ਨੂੰ ਇਹ ਹੀ ਕਹਿ ਛੱਡਦੇ ਸੀ ਕਿ ਸਭ ਕੁਝ ਠੀਕ ਹੀ ਹੈ।

ਇਕ ਦਿਨ ਸਵੇਰੇ ਸਵੇਰੇ ਦੀ ਗੱਲ ਹੈ ਜਿਵੇਂ ਮੈਂ ਨਹਾ ਕੇ ਹਟਿਆ, ਮੇਰਾ ਮਨ ਥੋੜ੍ਹਾ ਨਖੇਦੀ ਵਲ ਜਾ ਰਿਹਾ ਸੀ। ਮੈਂ ਸੋਚਣ ਲੱਗਾ ਤੇ ਮੇਰੇ ਮਨ ਵਿਚ ਇਕ ਪੁਰਾਣੀ ਸ਼ਿਕਾਇਤ ਜਾਗ ਪਈ, ਮੈਨੂੰ ਸਾਲਾਂ ਬੱਧੀ ਹੋ ਗਏ ਸੀ। ਮੈਂ ਵੀ ਯੋਗਾ ਪੜ੍ਹਾ ਰਿਹਾ ਸੀ ਪਰ ਮੈਨੂੰ ਅਜੇ ਤਕ ਸਵਾਮੀ ਜੀ ਨੇ ਦੀਖਿਆ ਦੇਣ ਲਈ ਨਹੀਂ ਸੀ ਕਿਹਾ ਮੈਨੂੰ ਸਾਲਾਂ ਲੰਘ ਗਏ ਸੀ। ਮੈਂ ਯੋਗੀਆਂ ਦੀਆਂ ਕਲਾਸਾਂ ਲੈਂਦਾ ਸੀ ਪਰ ਮੈਨੂੰ ਕਦੀ ਨਹੀਂ ਕਿਹਾ ਗਿਆ ਕਿ ਮੈਂ ਦੀਖਿਆ ਦੇ ਸਕਦਾ ਹਾਂ। ਮੈਨੂੰ ਲੱਗਾ ਹੁਣ ਤਾਂ ਮੈਨੂੰ ਇਹ ਆਗਿਆ ਹੋਣੀ ਚਾਹੀਦੀ ਹੈ ਕਿ ਮੈਂ ਮੰਤਰ ਦੇ ਕੇ ਦੀਖਿਆ ਦੇ ਸਕਾਂ, ਇਹ ਵਿਚਾਰ ਪਹਿਲਾਂ ਵੀ ਮੈਨੂੰ ਆਇਆ ਸੀ ਪਰ ਹੁਣ ਮੈਂ ਜ਼ਰਾ ਆਪਣੇ ਆਪ ਵਿਚ ਬੋਲ ਰਿਹਾ ਸੀ। ਫੇਰ ਮੈਂ ਆਪਣੇ ਆਪ ਨੂੰ ਕਿਹਾ ਕੋਈ ਗੱਲ ਨਹੀਂ। ਮੈਂ ਆਪਣੇ ਆਪ ਤੇ ਹੱਸਿਆ ਤੇ ਗੱਲ ਗਈ ਆਈ ਕਰ ਦਿਤੀ। ਮੇਰਾ ਹਾਸਾ ਅਜੇ ਮਸਾਂ ਬੰਦ ਹੀ ਹੋਇਆ ਸੀ ਕਿ ਬਾਹਰੋਂ ਬੜੀ ਹੀ ਜਾਣੀ ਪਛਾਣੀ ਆਵਾਜ਼ ਆਈ 'ਜਸਟੀ' (ਸਵਾਮੀ ਜੀ ਪਿਆਰ ਨਾਲ ਬੁਲਾਉਂਦੇ ਸੀ)

ਮੈਂ ਫਟਾ ਫਟ ਆਪਣੀ ਪੈਂਟ ਪਾਈ ਤੇ ਬਾਹਰ ਵਲ ਦੌੜਿਆ ਤੇ ਸਵਾਮੀ ਜੀ ਦੇ ਕਮਰੇ ਵਲ ਗਿਆ। ਮੈਂ ਸਵਾਮੀ ਜੀ ਨੂੰ ਬੜੇ ਧਿਆਨ ਨਾਲ ਦੇਖਿਆ ਤੇ ਸੋਚਿਆ ਕੀ ਹੋਣ ਵਾਲਾ ਹੈ।

ਅੱਜ ਮੈਂ ਤੇਰੇ ਕੋਲੋਂ ਦੀਖਿਆ ਦਿਵਾਉਣੀ ਹੈ। ਬੜੇ ਹੀ ਗੰਭੀਰ ਹੋ ਕੇ ਸਵਾਮੀ ਜੀ ਨੇ ਕਿਹਾ, ਅੱਜ ਰਾਤ ਨੂੰ ਤੂੰ ਮੈਨੂੰ ਇਸ ਬਾਰੇ ਮਿਲੀ।

'ਹੂੰ' ਮੈਂ ਸੋਚਿਆ ਹੁਣ ਹੋਰ ਕੀ ਛੱਡਣਾ ਹੈ। ਮੈਂ ਆਪਣੇ ਆਪ ਨੂੰ ਕਿਹਾ ਤੇ ਆਪਣੇ ਕਮਰੇ ਵਿਚ ਵਾਪਸ ਚਲਾ ਗਿਆ। ਹੁਣ ਹੋਰ ਕੀ ਮੈਂ ਛੱਡਣਾ ਹੋਵੇਗਾ।

## ਉਪਨਿਸ਼ਦਾਂ ਦੇ ਉਪਦੇਸ਼ਾਂ ਭਰੀਆਂ ਸ਼ਾਮਾਂ

ਓਸ ਰਾਤ ਨੂੰ ਮੇਰੇ ਜੀਵਨ ਵਿਚ ਇਕ ਨਵਾਂ ਮੋੜ ਆਇਆ। ਸੂਰਜ ਪਹਾੜਾਂ ਦੇ ਪਿਛੇ ਡੁੱਬ ਗਿਆ ਤੇ ਸ਼ਾਮ ਦੀ ਠੰਢੀ ਹਵਾ ਸ਼ੁਰੂ ਹੋ ਗਈ। ਇਕ ਬਹੁਤ ਹੀ ਮੋਟੀ ਲੱਕੜ ਜਲ ਰਹੀ ਸੀ। ਉਸ ਦੀ ਰੋਸ਼ਨੀ ਵੀ ਹੋ ਰਹੀ ਸੀ ਤੇ ਉਸ ਦਾ ਨਿੱਘ ਵੀ ਆ ਰਿਹਾ ਸੀ, ਸਵਾਮੀ ਜੀ ਨੇ ਆਪਣੇ ਪ੍ਰਵਚਨ ਸ਼ੁਰੂ ਕੀਤੇ।

ਮੰਤਰ ਆਵਾਜ਼ ਹੁੰਦੇ ਹਨ, ਆਵਾਜ਼ ਦਾ ਕੋਈ ਅਰਥ ਨਹੀਂ ਹੁੰਦਾ ਪਰ ਆਵਾਜ਼ ਦੀ ਇਕ ਗੂੰਜ ਹੁੰਦੀ ਹੈ, ਕੋਈ ਸ਼ਬਦ ਨਹੀਂ ਹੁੰਦੇ, ਜਿੰਨਾਂ ਤੁਸੀਂ ਆਵਾਜ਼ ਨੂੰ ਯਾਦ ਕਰੋਂਗੇ, ਧਿਆਓਂਗੇ, ਆਪਣੇ ਅੰਦਰ ਹੀ ਅੰਦਰ ਉਸਨੂੰ ਲੈਂਦੇ ਰਹੋਗੇ। ਆਪਣੀ ਜੀਭ ਨਹੀਂ ਚਲਾਓਗੇ, ਸ੍ਵਾਸ ਨਹੀਂ ਚਲਾਓਗੇ। ਜਿੰਨੀ ਆਵਾਜ਼ ਤੁਹਾਡੇ ਅੰਦਰ ਗੂੰਜੇਗੀ, ਓਨੇ ਹੀ ਤੁਸੀਂ ਆਪਣੇ ਅੰਦਰ ਆਪਣੀ ਸ਼ਕਸ਼ੀਅਤ ਦੇ ਅੰਦਰ ਬਦਲਾਓ ਦੇਖੋਗੇ। ਸ੍ਵਾਸਾਂ ਨਾਲ ਤਾਂ ਬਹੁਤ ਥੋੜ੍ਹੀਆਂ ਆਵਾਜ਼ਾਂ ਜੋੜੀਆਂ ਜਾਂਦੀਆਂ ਹਨ।

ਵੇਦਾਂ ਦਾ ਆਖਰੀ ਭਾਗ ਉਪਨਿਸ਼ਦ ਹਨ। ਵੇਦ ਸੰਸਾਰ ਦੇ ਸਭ ਤੋਂ ਪੁਰਾਣੇ ਗ੍ਰੰਥ ਹਨ। ਇਕ ਵੇਦ ਵਿਚ ਦੱਸਿਆ ਗਿਆ ਹੈ, ਸਵੇਤਵਸਤਰ ਵਿਚ ਕਿ ਇਹ ਆਵਾਜ਼ ਰਿਸ਼ੀਆਂ ਮੁਨੀਆਂ ਨੂੰ ਮੈਡੀਟੇਸ਼ਨ ਵਿਚ ਬੈਠਿਆਂ ਸੁਣਾਈ ਦਿਤੀਆਂ ਹਨ। ਰਿਸ਼ੀਆਂ ਨੇ ਇਹ ਗਿਆਨ ਆਪਣੇ ਜਗਿਆਸੂਆਂ ਨੂੰ, ਆਪਣੇ ਸ਼ਿਸ਼ਾਂ ਨੂੰ ਦਿਤਾ ਉਦੋਂ ਤੋਂ ਹੀ ਇਹ ਗਿਆਨ ਸ਼ਰਧਾਵਾਨਾਂ ਨੂੰ ਤੇ ਅਧਿਕਾਰੀਆਂ ਨੂੰ ਦਿਤਾ ਜਾਂਦਾ ਹੈ। ਜਦੋਂ ਤੁਸੀਂ ਮੰਤਰ ਲਗਾਤਾਰ ਕਰਦੇ ਰਹਿੰਦੇ ਹੋ ਤਾਂ ਤੁਹਾਡਾ ਅਭਿਆਸ ਜਪ ਬਣ ਜਾਂਦਾ ਹੈ। ਜਦੋਂ ਇਹ ਜਪ ਤੁਹਾਡੇ ਅੰਦਰ ਰਚਦਾ ਰਹਿੰਦਾ ਹੈ ਤੇ ਤੁਹਾਡਾ ਸੁਭਾਅ ਬਣ ਜਾਂਦਾ ਹੈ ਭਾਵ ਹਰ ਸਮੇਂ ਚਲਦਾ ਰਹਿੰਦਾ ਹੈ। ਬਹੁਤ ਵਾਰੀ ਤੁਹਾਨੂੰ ਪਤਾ ਵੀ ਨਹੀਂ ਹੁੰਦਾ ਉਦੋਂ ਇਸ ਨੂੰ ਅਜਪਾ ਜਪ ਕਹਿੰਦੇ ਹਨ।

ਆਵਾਜ਼ਾਂ ਇਕ ਪ੍ਰਕਾਰ ਦਾ ਬੀਜ ਹਨ ਜਿਨ੍ਹਾਂ ਨੂੰ ਫਲ ਲਗਦੇ ਹਨ। ਸਵਾਮੀ ਜੀ ਕਹਿਣ ਲੱਗੇ, ਮੈਂ ਤੁਹਾਡੇ ਵਿਚ ਬੀਜ ਬੀਜਦਾ ਹਾਂ। ਤੁਹਾਡਾ ਕੰਮ ਹੈ ਤੁਸੀਂ ਇਸ ਬੀਜ ਨੂੰ ਪਾਣੀ ਦਿਓ, ਸਿੰਜੋ ਇਸ ਦੀ ਸੰਭਾਲ ਕਰੋ। ਜਿੰਨਾ ਤੁਸੀਂ ਅਭਿਆਸ ਕਰੋਗੇ ਓਨਾ ਹੀ ਫਲਦਾਇਕ ਹੋਵੇਗਾ। ਪੰਜਾਹ ਪ੍ਰਤੀਸ਼ਤ ਕੰਮ ਤੁਹਾਡਾ ਹੈ ਤੇ ਪੰਜਾਹ ਪ੍ਰਤੀਸ਼ਤ ਤੁਹਾਡੀ ਪਰੰਪਰਾ ਦਾ ਹੈ।

ਮੰਤਰ ਪ੍ਰਮਾਤਮਾ ਦਾ ਸਰੂਪ ਹੁੰਦੇ ਹਨ, ਮੰਤਰ ਤੁਹਾਨੂੰ ਅੰਦਰ ਓਥੇ ਦੀ ਆਵਾਜ਼ ਤਕ ਲੈ ਜਾਂਦੇ ਹਨ ਜਿਥੇ ਕੋਈ ਆਵਾਜ਼ ਨਹੀਂ, ਅਨਹਦ ਨਾਦ ਤੱਕ ਲੈ ਜਾਂਦੇ ਹਨ ਜੋ ਕਿ ਪਿਆਰ ਦਾ ਸੋਮਾ ਹੈ। ਜੀਵਨ ਸਰੋਤ ਹੈ। ਸੰਸਾਰ ਦਾ ਸਭ ਕੁਝ ਹੀ ਆਵਾਜ਼ ਤੋਂ ਪੈਦਾ ਹੋਇਆ ਹੈ ਇਥੋਂ ਤਕ ਕਿ ਰੋਸ਼ਨੀ ਵੀ ਆਵਾਜ਼ ਤੋਂ ਹੀ ਪੈਦਾ ਹੋਈ ਹੈ। ਮੰਤਰ ਤੁਹਾਡੇ ਅੰਦਰ ਘਰ ਕਰ ਜਾਏ, ਤੁਹਾਡੇ ਜੀਵਨ ਦਾ ਹਿੱਸਾ ਬਣ ਜਾਏ ਉਸ ਲਈ ਦੋ ਬਹੁਤ ਵੱਡੇ ਗੁਣ ਹੋਣੇ ਚਾਹੀਦੇ ਹਨ, ਜਿਹੜੇ ਕਿ ਸ਼ਾਸਤਰਾਂ ਵਿਚ ਦੱਸੇ ਗਏ ਹਨ। ਸਭ ਤੋਂ ਪਹਿਲਾਂ ਤਾਂ ਪੂਰੀ ਲਗਨ ਨਾਲ ਅਭਿਆਸ ਕਰੋ, ਅਭਿਆਸ, ਅਭਿਆਸ, ਅਭਿਆਸ। ਦੂਸਰਾ ਵੈਰਾਗ, ਕਿਸੇ ਵੀ ਚੀਜ਼ ਨੂੰ ਆਪਣੀ ਨਾ ਸਮਝੋ, ਕਿਸੇ ਵੀ ਚੀਜ਼ ਨਾਲ ਮੋਹ ਨਹੀਂ ਰੱਖੋ।

ਜਦੋਂ ਤੁਸੀਂ ਮੈਡੀਟੇਸ਼ਨ ਕਰਨ ਬੈਠਦੇ ਹੋ, ਬਹੁਤ ਸਾਰੀਆਂ ਗੱਲਾਂ ਸਾਮ੍ਹਣੇ ਆਉਣਗੀਆਂ ਜਿਵੇਂ ਕਿ ਸੰਸਾਰ ਵਿਚ ਰਹਿੰਦਿਆਂ ਆਉਂਦੀਆਂ ਹਨ। ਕਈ ਫੁਰਨੇ ਆਉਣਗੇ। ਕਈ ਵਿਚਾਰ ਆਉਣਗੇ, ਕਈ ਤਰ੍ਹਾਂ ਦੇ ਚਿੰਨ੍ਹ ਆਉਣਗੇ। ਕਈ ਕਲਪਨਾਵਾਂ ਆਉਣਗੀਆਂ। ਸਭ ਕੁਝ ਇਕਤ੍ਰਿਤ ਕੀਤਾ, ਤੁਹਾਡੇ ਦਿਮਾਗ ਵਿਚ ਆਏਗਾ। ਕੁਝ ਰੌਚਕ ਹੋਵੇਗਾ, ਕੁਝ ਦੂਸਰੀ ਤਰ੍ਹਾਂ ਦਾ ਹੋਵੇਗਾ। ਉਸ ਚੀਜ਼ ਦੀ ਕੋਈ ਪਰਵਾਹ ਕਰਨ ਦੀ ਲੋੜ ਨਹੀਂ। ਤੁਹਾਨੂੰ ਕੇਵਲ ਆਪਣੇ ਮੰਤਰ ਦਾ ਅਭਿਆਸ ਹੀ ਕਰਨਾ ਹੈ ਤੇ ਕਰਦੇ ਹੀ ਰਹਿਣਾ ਹੈ। ਜਦੋਂ ਤਕ ਉਹ ਮੰਤਰ ਚੁੱਪ ਵਿਚ ਨਾ ਬਦਲ ਜਾਏ।

ਮੇਰੀ ਸਾਰੀ ਵਿਸ਼ਵਵਿਦਿਆਲਿਆ ਦੀ ਸਿਖਿਆ ਵਿਚ ਕਿਤੇ ਮੈਂ ਇਹ ਨਹੀਂ ਪੜ੍ਹਿਆ ਕਿ ਆਵਾਜ਼ ਸਿਖਿਆ ਦਾ ਬਹੁਤ ਹੀ ਜ਼ਰੂਰੀ ਮਾਧਿਆਮ ਹੈ, ਜੋ ਕੁਝ ਸਵਾਮੀ ਜੀ ਕਹਿ ਰਹੇ ਸੀ। ਉਸ ਤੇ ਕਿੰਨੀ ਖੋਜ ਕਰਨ ਦੀ ਆਵਸ਼ਕਤਾ ਸੀ। ਮੇਰਾ ਜੀਅ ਕਰ ਰਿਹਾ ਸੀ ਕਿ ਮੇਰੇ ਦੋ ਹਿੱਸੇ ਹੋ ਜਾਣ, ਇਕ ਸਵਾਮੀ ਜੀ ਨੂੰ ਸੁਣਦਾ ਰਹੇ ਤੇ ਇਕ ਖੋਜ ਵਿਚ ਲਗ ਜਾਵੇ, ਆਵਾਜ਼ ਦਾ ਅਸਰ ਮਨੁੱਖ ਤੇ ਪੈਂਦਾ ਹੀ ਪੈਂਦਾ ਹੈ। ਤੁਸੀਂ ਸੰਗੀਤ ਨੂੰ ਹੀ ਦੇਖੋ। ਅਸੀਂ ਕਦੀ ਵੀ ਸਕੂਲ ਵਿਚ ਨਹੀਂ ਪੜ੍ਹਿਆ ਕਿ ਆਵਾਜ਼ ਸਰੀਰ ਦੇ ਟਿਸ਼ੂ ਠੀਕ ਕਰਦੀ ਹੈ। ਸੰਗੀਤ ਦਾ ਅਸਰ ਬੜਾ ਹੀ ਅਰੋਗਤਾ ਭਰਪੂਰ ਹੈ ਤੇ ਮਨ ਨੂੰ ਖੇੜਾ ਦੇਣ ਵਾਲਾ ਹੈ।

ਫੇਰ ਸਵਾਮੀ ਜੀ ਵੱਖ-ਵੱਖ ਤਰ੍ਹਾਂ ਦੇ ਮੰਤਰਾਂ ਬਾਰੇ ਦੱਸਦੇ ਰਹੇ। ਪਹਿਲੇ ਉਨ੍ਹਾਂ ਨੇ ਗਾਇਤ੍ਰੀ ਮੰਤਰ ਬਾਰੇ ਦੱਸਿਆ, ਮਹਾਂ ਮਿਰਤਿਨਜੇ ਬਾਰੇ ਦੱਸਿਆ, ਫੇਰ ਗਨਪਤੀ ਮੰਤਰ ਬਾਰੇ ਦੱਸਿਆ, ਨਾਲ ਹੀ ਉਨ੍ਹਾਂ ਦਾ ਸਾਰਾ ਮਿਥਿਹਾਸ ਸਮਝਾਇਆ। ਫੇਰ ਸਵਾਮੀ ਜੀ ਨੇ ਵੱਖ-ਵੱਖ ਪ੍ਰਕਾਰ ਦੀਆਂ ਮਾਲਾਂ ਬਾਰੇ ਦੱਸਿਆ। ਸਵਾਮੀ ਜੀ ਨੇ ਮੇਰੇ ਨਾਲ ਰੋਗ ਠੀਕ ਕਰਨ ਦੇ ਮੰਤਰ ਬਾਰੇ ਵਿਸਥਾਰ ਨਾਲ ਗੱਲ ਕੀਤੀ ਤੇ ਮੈਨੂੰ ਉਸ ਬਾਰੇ ਚੇਤਾਵਨੀ ਵੀ ਦਿਤੀ। ਉਨ੍ਹਾਂ ਮੰਤਰਾਂ ਦੀ ਚਿਕਤਸਕ ਸ਼ਕਤੀ ਬਾਰੇ ਵੀ ਮੈਨੂੰ ਦੱਸਿਆ। ਉਸ ਤੋਂ ਪਿਛਲੀ ਸ਼ਾਮ ਅਸੀਂ ਜਦੋਂ ਸਵਾਮੀ ਜੀ ਨਾਲ ਬੈਠੇ ਸੀ ਤਾਂ ਸਵਾਮੀ ਜੀ ਨੇ ਸਾਨੂੰ ਦੇਵੀ ਦੇ ਮੰਤਰਾਂ ਬਾਰੇ ਦੱਸਿਆ ਸੀ। ਅੱਜ ਉਹ ਦੇਵੀ ਦੀ ਸਤੁਤੀ ਦੇ ਮੰਤਰਾਂ ਬਾਰੇ ਦੱਸ ਰਹੇ ਸੀ। ਫੇਰ ਸਵਾਮੀ ਜੀ ਨੇ ਬੀਜ ਮੰਤਰ ਬਾਰੇ ਦੱਸਿਆ ਸੀ, ਸਵਾਮੀ ਜੀ ਨੇ ਮਨੁੱਖਾਂ ਦੇ ਗੁਣਾਂ ਬਾਰੇ ਦੱਸਿਆ ਜਿਹੜੇ ਮੰਤਰਾਂ ਵਿਚ ਦੱਸੇ ਗਏ ਹਨ। ਅੰਤ ਵਿਚ ਉਨ੍ਹਾਂ ਨੇ ਆਪਣੀ ਪਰਪਾਟੀ ਦੇ ਵਿਸ਼ੇਸ਼ ਮੰਤਰਾਂ ਬਾਰੇ ਦੱਸਿਆ।

ਮੰਤਰਾਂ ਦੀਆਂ ਧੁਨੀਆਂ ਅਨੰਤ ਹਨ, ਅਮਰ ਹਨ, ਇਹ ਧੁਨੀਆਂ ਕਿਸੇ ਨੇ ਬਣਾਈਆਂ ਨਹੀਂ ਹੋਈਆਂ। ਜਦੋਂ ਤਕ ਮੰਤਰ ਦੇਣ ਵਾਲਾ ਆਪ ਪਰਪਾਟੀ ਨਾਲ ਜੁੜਿਆ ਨਾ ਹੋਵੇ। ਉਸ ਤਰ੍ਹਾਂ ਦਾ ਜੀਵਨ ਉਸ ਪਰੰਪਰਾ ਅਨੁਸਾਰ ਨਾ ਜੀਅ ਰਿਹਾ ਹੋਵੇ ਉਹ ਮੰਤਰ ਨਹੀਂ ਦੇ ਸਕਦਾ। ਜੇ ਉਹ ਮੰਤਰ ਦਿੰਦਾ ਹੈ ਉਸ ਮੰਤਰ ਦਾ ਕੋਈ ਅਸਰ ਹੀ ਨਹੀਂ ਹੋਵੇਗਾ, ਉਹ ਤਾਂ ਇਕ ਫੋਟਾ ਮੰਤਰ ਕਿਹਾ ਜਾਵੇਗਾ।

ਅਗਲੇ ਦਿਨ ਅਸੀਂ ਤਿੰਨੋ ਹੀ ਸ਼ਹਿਰ ਗਏ ਤੇ ਸਵਾਮੀ ਜੀ ਦੇ ਮਿਤਰਾਂ ਨੂੰ ਮਿਲੇ ਜਿਹੜੇ ਯਾਕ ਤੇ ਯਤੀ ਹੋਟਲ ਵਿਚ ਸਨ, ਇਸ ਹੋਟਲ ਦਾ ਮਾਲਕ ਸਵਾਮੀ ਜੀ ਦਾ ਸ਼ਰਧਾਲੂ ਸੀ, ਉਸ ਨੇ ਮੈਨੂੰ ਬਹੁਤ ਹੀ ਜ਼ੋਰ ਲਗਾ ਕੇ ਕਿਹਾ ਕਿ ਮੈਂ ਉਨ੍ਹਾਂ ਦੇ ਹੋਟਲ ਵਿਚ ਠਹਿਰਾਂ ਪਰ ਮੈਂ ਜਾਣਦਾ ਸੀ ਕਿ ਸਵਾਮੀ ਜੀ ਦਾ ਪਲੈਨ ਮੇਰੇ ਲਈ ਕੁਝ ਹੋਰ ਹੈ।

ਫੇਰ ਅਸੀਂ ਰਾਜਦੂਤ ਦੇ ਦਫਤਰ ਗਏ, ਉਨ੍ਹਾਂ ਨੂੰ ਮਿਲੇ ਹੋਰ ਅਫਸਰਾਂ ਨੂੰ ਮਿਲੇ, ਉਨ੍ਹਾਂ ਵਿਚੋਂ ਕਈ ਅਜੇ ਵਿਦਿਆਰਥੀ ਹੀ ਸੀ। ਅਸੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ, ਰਾਜਸੀ, ਸ਼ਾਂਤੀ ਬਾਰੇ, ਭਵਿੱਖ ਬਾਰੇ ਤੇ ਅੱਜ ਤਕ ਕਿਹੜੀਆਂ ਸਮੱਸਿਆਵਾਂ ਆਉਂਦੀਆਂ ਰਹੀਆਂ ਹਨ। ਮੈਨੂੰ ਕਮਰੇ ਵਿਚ ਬੈਠੇ ਬਹੁਤ ਅੱਛਾ ਲਗ ਰਿਹਾ ਸੀ। ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਮੈਂ ਪਤਵੰਤੇ ਸੱਜਣਾਂ ਨਾਲ ਬੈਠਾ ਹਾਂ। ਛੇਤੀ ਹੀ ਮੈਨੂੰ ਠੰਢ ਲਗਣ ਲਗ ਪਈ ਤੇ ਮੈਨੂੰ ਲੱਗਾ ਜੇ ਮੈਂ ਉਠ ਕੇ ਜੈਕਟ ਪਾਵਾਂਗਾ ਉਹ ਸਵਾਮੀ ਜੀ ਦੇ ਸਾਮ੍ਹਣੇ ਚੰਗਾ ਨਹੀਂ ਲੱਗੇਗਾ। ਸਵਾਮੀ ਜੀ ਇਕ ਦਮ ਕਹਿਣ ਲੱਗੇ, ਤੂੰ ਕੀ ਸੋਚ ਰਿਹਾ ਹੈਂ? ਮੈਂ ਹੈਰਾਨ ਹੋ ਗਿਆ।

ਸਾਰਿਆਂ ਦੀਆਂ ਅੱਖਾਂ ਖੁਲ੍ਹੀਆਂ ਰਹਿ ਗਈਆਂ। ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਸੀ ਕੀ ਹੋ ਗਿਆ ਪਰ ਮੈਂ ਜਾਣਦਾ ਸੀ ਕਿ ਜੋ ਸਵਾਮੀ ਜੀ ਨੇ ਕਿਹਾ ਹੈ ਉਹ ਮੇਰੇ ਲਈ ਹੀ ਕਿਹਾ ਹੈ।

ਸਵਾਮੀ ਜੀ ਨੇ ਅਜੇ ਆਪਣਾ ਵਾਕ ਖਤਮ ਨਹੀਂ ਸੀ ਕੀਤਾ। ਉਹ ਉਠੇ ਕਮਰੇ ਦੇ ਦੂਸਰੇ ਸਿਰੇ ਤੇ ਗਏ, ਜੈਕਿਟ ਚੁੱਕੀ ਤੇ ਮੇਰੇ ਮੋਢਿਆਂ ਤੇ ਪਾ ਦਿਤੀ ਤੇ ਨਾਲ ਹੀ ਮੁਸਕਰਾ ਪਏ। ਵਾਦ-ਵਿਵਾਦ ਚਲਦਾ ਰਿਹਾ ਪਰ ਮੈਂ ਇਕ ਗੱਲ ਬਾਰੇ ਸੋਚਦਾ ਰਿਹਾ ਕਿ ਕਿਵੇਂ ਸਵਾਮੀ ਜੀ ਇਕ-ਇਕ ਪਲ ਦਾ ਜਾਣਦੇ ਹਨ। ਮੈਂ ਤਾਂ ਅਜੇ ਸੋਚਿਆ ਹੀ ਸੀ ਕਿ ਮੈਨੂੰ ਠੰਡ ਲਗ ਰਹੀ ਹੈ ਉਹ ਉਠੇ ਤੇ ਮੇਰੇ ਮੋਢਿਆਂ ਤੇ ਜੈਕਟ ਪਾ ਦਿਤੀ। ਸਵਾਮੀ ਜੀ ਅੰਤਰਜਾਮੀ ਹਨ, ਪਲ ਪਲ ਦੀ ਜਾਣਦੇ ਹਨ, ਮੈਂ ਮਹਿਸੂਸ ਕੀਤਾ। ਸਵਾਮੀ ਜੀ ਸਾਡੇ ਬਾਰੇ ਸਾਡੇ ਨਾਲੋਂ ਵਧੇਰੇ ਚੰਗੀ ਤਰ੍ਹਾਂ ਜਾਣਦੇ ਹਨ।

ਮੈਨੂੰ ਬਹੁਤ ਸਾਲ ਪਹਿਲਾਂ ਦੀ ਘਟਨਾ ਯਾਦ ਆ ਗਈ। ਮੇਰਾ ਮਿਤਰ ਮਾਰਟਿਨ ਸਵਾਮੀ ਜੀ ਨੂੰ ਮਿਲਣ ਲਈ ਬੜੀ ਦੇਰ ਤੋਂ ਉਡੀਕ ਰਿਹਾ ਸੀ। ਉਸ ਨੇ ਆਪਣੀ ਜੇਬ ਵਿਚ ਕਈ ਪ੍ਰਸ਼ਨ ਲਿਖ ਕੇ ਪਾਏ ਹੋਏ ਸੀ। ਆਖਰਕਾਰ ਉਸ ਨੂੰ ਸਮਾਂ ਦਿਤਾ ਗਿਆ ਕਿ ਉਹ ਸਵਾਮੀ ਜੀ ਨੂੰ ਮਿਲ ਸਕਦਾ ਹੈ। ਮਾਰਟਿਨ ਤੇ ਉਸ ਦੀ ਪਤਨੀ ਕੋਲੀਨ ਸਵਾਮੀ ਜੀ ਨੂੰ ਮਿਲਣ ਲਈ ਗਏ। ਸਵਾਮੀ ਜੀ ਕੋਲੀਨ ਨੂੰ ਪਰਿਵਾਰ ਬਾਰੇ ਪੁਛਦੇ ਰਹੇ, ਉਸ ਦੇ ਕੀ ਸ਼ੋਕ ਹਨ, ਕੀ ਕਰਦੀ ਹੈ ਇਹ ਸਭ ਕੁਝ ਪੁਛਦੇ ਰਹੇ। ਮਾਰਟਿਨ ਆਪਣਾ ਇਕ ਵੀ ਸਵਾਲ ਨਹੀਂ ਸੀ ਪੁੱਛ ਸਕਿਆ। ਸਵਾਮੀ ਜੀ ਨੇ ਕੋਲਿਨ ਨਾਲ ਗੱਲਬਾਤ ਕਰਕੇ ਮੀਟਿੰਗ ਖਤਮ ਕਰ ਦਿਤੀ। ਮਾਰਨਿਟ ਉਸੇ ਤਰ੍ਹਾਂ ਆਪਣੇ ਸਵਾਲ ਜੇਬ ਵਿਚ ਲਈ ਉਠ ਖੜ੍ਹਾ ਹੋਇਆ। ਜਿਵੇਂ ਹੀ ਉਹ ਜਾਣ ਲਈ ਖੜ੍ਹੇ ਹੋਏ, ਸਵਾਮੀ ਜੀ ਕਹਿਣ ਲੱਗੇ, "ਮਾਰਟਿਨ! ਸਵਾਮੀ ਜੀ ਨੇ ਇਕ-ਇਕ ਕਰਕੇ ਉਸ ਦੇ ਸਾਰੇ ਪ੍ਰਸ਼ਨਾਂ ਦਾ ਉਤਰ ਦੇ ਦਿਤਾ। ਇਕ-ਇਕ ਕਰਕੇ ਸੱਤ ਪ੍ਰਸ਼ਨਾਂ ਦੇ ਉਤਰ ਦੇ ਦਿਤੇ ਤੇ ਉਸੇ ਹੀ ਤਰ੍ਹਾਂ ਦਿਤਾ ਜਿਸ ਤਰ੍ਹਾਂ ਜਿਸ ਤਰਤੀਬ ਵਿਚ ਪ੍ਰਸ਼ਨ ਲਿਖੇ ਹੋਏ ਸੀ। ਦੋਨੋਂ ਪਤੀ ਪਤਨੀ ਬੜੇ ਹੀ ਹੈਰਾਨ ਸਨ ਤੇ ਬਹੁਤ ਅਭਾਰੀ ਵੀ ਮਹਿਸੂਸ ਕਰ ਰਹੇ ਸੀ। ਮਾਰਟਿਨ ਸਵਾਮੀ ਜੀ ਨੂੰ ਪੁੱਛਣ ਲੱਗਾ, ਸਵਾਮੀ ਜੀ ਤੁਹਾਨੂੰ ਪ੍ਰਸ਼ਨਾਂ ਦਾ ਕਿਵੇਂ ਪਤਾ ਲੱਗਾ, ਸਵਾਮੀ ਜੀ ਮੁਸਕਰਾ ਕੇ ਕਹਿਣ ਲੱਗੇ, "ਜਿਸ ਸਮੇਂ ਹੀ ਤੁਸੀਂ ਸੋਚਦੇ ਹੋ, ਮੈਨੂੰ ਉਸ ਸਮੇਂ ਹੀ ਪਤਾ ਲਗ ਜਾਂਦਾ ਹੈ।"

ਭਾਵੇਂ ਕਾਠਮੰਡੂ ਜਾਣਾ ਮੈਨੂੰ ਚੰਗਾ ਲੱਗਾ ਕਿਉਂਕਿ ਸਵਾਮੀ ਜੀ ਸਾਡੇ ਨਾਲ ਸੀ ਪਰ ਆਸ਼ਰਮ ਵਿਚ ਰਹਿਣਾ ਦਿਨ ਰਾਤ ਸਵਾਮੀ ਜੀ ਦੇ ਨਾਲ ਰਹਿਣਾ ਮੈਨੂੰ ਵਧੇਰੇ ਚੰਗਾ ਲਗਦਾ ਸੀ ਕਿਉਂਕਿ ਸਵਾਮੀ ਜੀ ਸਦਾ ਹੀ ਨਵੀਆਂ-ਨਵੀਆਂ ਸਾਖੀਆਂ ਸੁਣਾਉਂਦੇ ਸੀ, ਰੋਜ਼ ਕੁਝ ਨਾ ਕੁਝ ਗਿਆਨ ਪ੍ਰਾਪਤੀ ਹੁੰਦੀ ਸੀ।

ਮੇਰੇ ਗੁਰੂ ਮੇਰੇ ਨਾਲ ਬਹੁਤ ਹੀ ਧੀਰਜ ਦਾ ਵਰਤਾਓ ਕਰਦੇ ਸੀ। ਇਕ ਦਿਨ ਸਵਾਮੀ ਜੀ ਕਹਿਣ ਲੱਗੇ, ਮੈਂ ਕਵਿਤਾ ਲਿਖਦਾ ਹਾਂ, ਮੈਂ ਤਸਵੀਰਾਂ ਬਣਾਉਂਦਾ ਹਾਂ, ਮੈਂ ਗਾਣਾ ਸਿਖਿਆ, ਮੈਂ ਖੂਬ ਗਾਉਂਦਾ ਹਾਂ, ਮੈਂ ਕਿੰਨੇ ਹੀ ਸਾਜ਼ ਵਜਾਉਣ ਦੀ ਕੋਸ਼ਿਸ਼ ਕੀਤੀ। ਮੇਰੇ ਗੁਰੂ ਨੇ ਮੇਰੇ ਸਾਰੇ ਹੀ ਸ਼ੋਕ ਪੂਰੇ ਕੀਤੇ, ਪਰ ਅੰਤ ਵਿਚ ਕਹਿਣ ਲੱਗੇ ਇਹ ਸਭ ਕੁਝ ਬੰਦ ਕਰੋ, ਇਹ ਸਭ ਛੱਡੋ, ਐਧਰ ਓਧਰ ਦੌੜਨਾ ਤੇਰਾ ਕੰਮ ਨਹੀਂ, ਤੂੰ ਇਕ ਮੈਡੀਟੇਟਰ ਪੈਦਾ ਹੋਇਆ ਹੈਂ, ਵਾਸਤਵ ਵਿਚ ਮੈਂ ਉਨ੍ਹਾਂ ਦਾ ਸਭ ਤੋਂ ਨਖਿੱਧ ਚੇਲਾ ਸੀ। ਮੈਂ ਓਦੋਂ ਹੀ ਮੈਡੀਟੇਸ਼ਨ ਲਈ ਬੈਠਦਾ ਸੀ ਜਦੋਂ ਮੇਰਾ ਦਿਲ ਕਰਦਾ ਸੀ, ਪਰ ਮੈਨੂੰ ਇਕ ਗੱਲ ਦਾ ਪੂਰਾ-ਪੂਰਾ ਵਿਸ਼ਵਾਸ਼ ਸੀ ਕਿ ਮੇਰੇ

ਗੁਰੂ ਮੈਨੂੰ ਬਹੁਤ ਹੀ ਪਿਆਰ ਕਰਦੇ ਹਨ। ਮੇਰੇ ਗੁਰੂ ਮੇਰੇ ਨਾਲ ਏਸ ਗੱਲ ਤੇ ਬਹੁਤ ਪ੍ਰਸੰਨ ਸੀ ਕਿ ਜੋ ਮੈਂ ਕਹਿੰਦਾ ਹਾਂ, ਉਹ ਮੈਂ ਕਰਦਾ ਹਾਂ। ਉਹ ਬਹੁਤ ਵਾਰੀ ਹੱਸ ਕੇ ਕਹਿੰਦੇ ਸਨ ਕੋਈ ਵੀ ਮੇਰੇ ਕੋਲ ਉਹ ਨਹੀਂ ਕਰਾ ਸਕਦਾ ਜੋ ਮੈਂ ਨਹੀਂ ਕਰਨਾ ਚਾਹੁੰਦਾ। ਉਹ ਕਹਿੰਦੇ ਸੀ ਮੈਨੂੰ ਇਸ ਸੰਸਾਰ ਵਿਚ ਕਿਸੇ ਚੀਜ਼ ਦਾ ਲਾਲਚ ਨਹੀਂ ਹੈ। ਇਹ ਮੇਰਾ ਪੁੱਤਰ ਹੈ, ਇਹ ਗੱਲ ਗੁਰੂਦੇਵ ਬਹੁਤ ਵਾਰੀ ਕਹਿੰਦੇ ਸੀ। ਗੁਰੂਦੇਵ ਨੇ ਬਹੁਤ ਵਾਰੀ ਮੈਨੂੰ ਕਿਹਾ ਕਿ ਸੰਸਾਰਕ ਤੌਰ ਤਰੀਕੇ ਸਿੱਖਾਂ ਤਾਂ ਜੋ ਮੈਂ ਸੰਸਾਰ ਦੀ ਸੇਵਾ ਵੀ ਕਰ ਸਕਾਂ। ਇਸੇ ਕਰਕੇ ਜਿਹੜੀ ਯੋਗਾ ਦੀ ਸਿਖਿਆ ਮੈਨੂੰ ਦਿਤੀ ਗਈ ਉਹ ਬਿਲਕੁਲ ਵੱਖਰੀ ਤੇ ਅਨੋਖੀ ਸੀ ਉਹ ਅੱਜ ਦੇ ਸਮੇਂ ਦੇ ਅਨੁਕੂਲ ਸੀ, ਅੱਜ ਦੇ ਸਮੇਂ ਲਈ ਹੀ ਹੈ।

ਅਸੀਂ ਸਾਰੇ ਹੀ ਸ਼ੰਕਰਾਚਾਰੀਆ ਦੀਆਂ ਲਿਖਤਾਂ ਦੀ ਬਹੁਤ ਕਦਰ ਕਰਦੇ ਹਾਂ ਪਰ ਉਨ੍ਹਾਂ ਦਾ ਸਾਰਾ ਜ਼ੋਰ ਸਾਰਾ ਝੁਕਾਅ ਜੋ ਵੀ ਹੈ ਉਹ ਅੱਜ ਦੇ ਸਮੇਂ ਦੇ ਬਿਲਕੁਲ ਵਿਪਰੀਤ ਹੈ। ਉਨ੍ਹਾਂ ਨੇ ਜੋ ਵੀ ਵਿਆਖਿਆ ਜੋ ਵੀ ਟਿਪਣੀ ਲਿਖੀ ਹੈ ਉਹ ਅੱਜ ਦੇ ਸਮੇਂ ਲਈ ਬਿਲਕੁਲ ਵੀ ਢੁਕਦੀ ਨਹੀਂ। ਉਨ੍ਹਾਂ ਦੀ ਵਿਆਖਿਆ ਕੇਵਲ ਇਕ ਸੰਨਿਆਸੀ ਦੀ ਟਿਪਣੀ ਹੈ। ਜੀਵਨ ਦਾ ਉਦੇਸ਼ ਸੰਨਿਆਸ ਨਹੀਂ ਹੈ ਜਿਵੇਂ ਕਿ ਉਹ ਕਹਿੰਦੇ ਹਨ, ਸੰਨਿਆਸ ਤਾਂ ਕੇਵਲ ਥੋੜ੍ਹੇ ਜਿਹੇ ਬਖਸ਼ਿਆਂ ਲਈ ਹੈ। ਬਹੁਤ ਸਾਰੇ ਸੱਜਣਾਂ ਨੂੰ ਭਰਪੂਰ ਜੀਵਨ ਜੀਉਣ ਦੀ ਲੋੜ ਹੈ। ਸੰਸਾਰ ਵਿਚ ਰਹਿਣ ਦੀ ਲੋੜ ਹੈ ਪਰ ਸੰਸਾਰ ਵਿਚ ਰਹਿੰਦੇ ਹੋਏ ਲੋੜ ਹੈ ਕਿ ਉਹ ਸੰਸਾਰ ਵਿਚ ਰਮਣ ਨਾ, ਰਚਣ ਨਾ, ਕਮਲ ਫੁੱਲ ਜਾਂ ਮੁਰਗਾਬੀ ਦੀ ਤਰ੍ਹਾਂ ਹੀ ਰਹਿਣ। ਬਹੁਤ ਸਾਰੇ ਲੋਕਾਂ ਲਈ ਜਿਹੜਾ ਮਾਰਗ ਹੈ ਉਹ ਹੈ ਏਕਤਾ ਦਾ, ਏਕੀਕਰਨ ਦਾ, ਸੰਨਿਆਸ ਨਹੀਂ।

ਜਦੋਂ ਸਵਾਮੀ ਜੀ ਵਿਚ ਰੁਕਦੇ, ਮੈਂ ਸੋਚਦਾ, ਇਹ ਅੱਜ ਦੇ ਸਮੇਂ ਇਹ ਇਕ ਸੋਧ ਹੈ, ਅੱਜ ਦੇ ਅਧਿਆਤਮਕ ਰਸਤੇ ਤੇ ਇਹ ਇਕ ਲੋੜੀਂਦੀ ਸੋਧ ਹੈ। ਮੈਨੂੰ ਸਵਾਮੀ ਜੀ ਦੀ ਇਹ ਸੋਚ ਇਕ ਸੁਤੰਤਰ ਧਾਰਨਾ ਦੇ ਰੂਪ ਵਿਚ ਦਿਸ ਰਹੀ ਸੀ। ਜਿਉਂ ਮੈਂ ਯੋਗਾ ਦੇ ਵਿਦਿਆਰਥੀਆਂ ਨੂੰ ਮਿਲਦਾ ਰਿਹਾ, ਉਨ੍ਹਾਂ ਨੂੰ ਜਾਣਿਆ, ਮੈਨੂੰ ਸਮਝ ਆਈ ਕਿ ਉਹ ਕਿੰਨੇ ਯਥਾਰਥਵਾਦੀ ਹਨ ਉਹ ਬਹੁਤਾ ਪੈਸਾ ਬਨਾਉਣ ਤੋਂ ਡਰਦੇ ਸੀ। ਸਮਾਜ ਵਿਚ ਡੂੰਘੇ ਜਾਣ ਤੋਂ ਉਹ ਡਰਦੇ ਸੀ। ਆਪਣੇ ਆਪ ਨੂੰ ਵਿਸ਼ੇ ਵਿਕਾਰਾਂ ਤੋਂ ਦੂਰ ਰਖਦੇ ਸੀ। ਕੋਈ ਲੰਮੀ ਚੌੜੀ ਤ੍ਰਿਸ਼ਨਾ ਵੀ ਨਹੀਂ ਸੀ ਰਖਦੇ। ਦੇਖਿਆ ਜਾਵੇ, ਉਹ ਬੁੱਧ ਦੇ ਅਨੁਆਈ ਵਧੇਰੇ ਲਗਦੇ ਸੀ ਤੇ ਯੋਗਾ ਦੇ ਘੱਟ ਪਰ ਮੈਂ ਇਕ ਗੱਲ ਤੋਂ ਖੁਸ਼ ਸੀ ਕਿ ਉਹ ਆਪਣੇ ਸਰੀਰ ਨੂੰ ਤਾਂ ਨਫਰਤ ਨਹੀਂ ਸੀ ਕਰਦੇ ਜਿਵੇਂ ਕਿ ਕਈ ਸਾਡੇ ਵਿਦਾਂਤੀ ਮਿਤਰ ਕਰਦੇ ਹਨ।

ਸ਼ੰਕਰਾਚਾਰੀਆ ਨੇ ਸਾਰੀਆਂ ਵਿਆਖਿਆਵਾਂ 18 ਸਾਲ ਦੀ ਆਯੂ ਤਕ ਖਤਮ ਵੀ ਕਰ ਦਿਤੀਆਂ ਸੀ। ਸਵਾਮੀ ਜੀ ਕਹਿਣ ਲੱਗੇ, ਬਾਕੀ ਦੇ 15 ਸਾਲ ਜੀਵਨ ਦੇ ਉਨ੍ਹਾਂ ਨੂੰ ਵੇਦ ਵਿਆਸ ਜੀ ਨੇ ਦਿਤੇ ਸੀ।

ਸਵਾਮੀ ਜੀ ਨੇ ਇਕ ਦਮ ਵਿਸ਼ਾ ਬਦਲ ਲਿਆ, ਮੈਨੂੰ ਇਸ ਤਰ੍ਹਾਂ ਦਾ ਅਚਾਨਕ ਉਨ੍ਹਾਂ ਦਾ ਵਿਸ਼ਾ ਬਦਲ ਲੈਣਾ, ਸਾਨੂੰ ਸਾਰਿਆਂ ਨੂੰ ਅਚੰਭਾ ਦੇ ਦੇਣਾ ਬਹੁਤ ਹੀ ਚੰਗਾ ਲਗਦਾ ਸੀ। ਉਨ੍ਹਾਂ ਦੀ ਗੱਲਬਾਤ ਕਿਤੇ ਹੋਰ ਹੀ ਜਾ ਨਿਕਲਦੀ, ਇਹ ਦੇਖ ਕੇ ਬੜਾ ਹੀ ਚੰਗਾ ਲਗਦਾ। ਤੁਹਾਨੂੰ ਪਤਾ ਹੈ ਮੈਂ Jewel of India Award ਲੈਣ ਤੋਂ ਮਨ੍ਹਾ ਕਰ ਦਿਤਾ ਸੀ ਇਹ ਬਹੁਤ ਹੀ ਘੱਟ ਹੀ ਕਿਸੇ ਨੂੰ ਦਿਤਾ ਜਾਂਦਾ ਹੈ। ਮੈਂ ਇਸ ਕਰਕੇ ਕੀਤਾ ਤਾਂ ਜੋ ਮੈਂ ਚੁੱਪ ਚਾਪ ਕੰਮ ਕਰ ਸਕਾਂ। ਮੈਂ ਲੋਕਾਂ ਦੀ ਸਹਾਇਤਾ ਕਰਨੀ ਬੰਦ ਕਰ ਦਿਤੀ ਤਾਂ ਜੋ ਮੈਂ ਚੁੱਪ ਚਾਪ ਕੰਮ ਕਰ ਸਕਾਂ। ਮੈਡੀਟੇਸ਼ਨ ਕਰ ਸਕਾਂ। ਮੇਰੇ ਲਈ ਲੋਕਾਂ ਦੀ ਸਹਾਇਤਾ ਕਰਨੀ ਬਹੁਤ ਹੀ ਕਠਿਨ ਸੀ। ਤੁਸੀਂ ਲੋਕ ਬਹੁਤ ਕਾਠੇ ਹੋ, ਐਨੇ ਕਿ ਤੁਹਾਨੂੰ ਆਪ ਨੂੰ ਵੀ ਅੰਦਾਜ਼ਾ ਨਹੀਂ। ਖਾਸ ਤੌਰ ਤੇ ਅਮਰੀਕਾ ਵਿਚ ਬਹੁਤ ਹੀ ਵੱਧ ਵਿਅਕਤੀਵਾਦ ਹੈ ਇਸ ਤਰ੍ਹਾਂ ਕਿਸੇ ਲਈ ਵੀ ਕੋਈ ਵੀ ਸਾਮੂਹਿਕ ਕੰਮ ਕਰਨਾ ਔਖਾ ਹੋ ਜਾਂਦਾ ਹੈ। ਸਾਰਿਆਂ ਨੂੰ ਇਕੱਠਾ ਕਰਨਾ ਬਹੁਤ ਔਖਾ ਹੋ ਜਾਂਦਾ ਹੈ।

ਸਵਾਮੀ ਜੀ ਨੇ ਬਾਹਰ ਹਨ੍ਹੇਰੇ ਨੂੰ ਦੇਖਿਆ, ਸਵਾਮੀ ਜੀ ਬਿਲਕੁਲ ਚੁੱਪ ਬੈਠੇ ਸੀ, ਥੋੜ੍ਹੀ ਦੇਰ ਬਾਦ ਕਹਿਣ ਲੱਗੇ, ਮੇਰਾ ਇਕ ਮਨ ਇਥੇ ਤੁਹਾਡੇ ਕੋਲ ਹੈ, ਇਕ ਮਨ ਕੰਮ ਵਿਚ ਹੈ ਤੇ ਇਕ ਮਨ ਮੇਰਾ ਆਤਮਕ ਅਨੰਦ ਵਿਚ ਹੈ ਤੇ ਇਕ ਮਨ ਮੇਰਾ ਗੁਰੂਦੇਵ ਦੇ ਚਰਨਾਂ ਵਿਚ ਹੈ। ਐਨਾ ਕਹਿ ਕੇ ਸਵਾਮੀ ਜੀ ਮੁਸਕਰਾ ਪਏ ਤੇ ਉਨ੍ਹਾਂ ਦੀ ਮੁਸਕਰਾਹਟ ਨਾਲ ਕਮਰਾ ਜਗਮਗਾ ਉਠਿਆ।

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਉਪਨਿਸ਼ਦ ਸ਼ਬਦ ਦੇ ਅਰਥ

ਉਪਨਿਸ਼ਦ ਸ਼ਬਦ ਦੀ ਜੜ੍ਹ ਹੈ 'ਸ਼ਦ' ਇਸ ਦੇ ਨਾਲ ਦੋ ਸ਼ਬਦ ਜੋੜੇ ਗਏ ਹਨ 'ਉਪ' ਤੇ 'ਨਿ' ਉਪ ਤੋਂ ਭਾਵ ਹੈ ਨੇੜੇ, ਕੋਲ, 'ਨਿ' ਦਾ ਅਰਥ ਹੈ ਪੂਰਾ। ਸ਼ਦ ਸ਼ਬਦ ਨੂੰ ਤਿੰਨ ਤਰ੍ਹਾਂ ਨਾਲ ਲਿਆ ਜਾਂਦਾ ਹੈ ਛੱਡਣਾ ਜਾਂ ਕਹਿ ਲਓ ਮੋਹ ਤਿਆਗਣਾ। ਦੂਸਰਾ ਹੈ ਪ੍ਰਾਪਤੀ ਭਾਵ ਮੁਕਤੀ ਤੇ ਤੀਸਰਾ ਹੈ ਨਸ਼ਟ ਕਰਨਾ ਭਾਵ ਜੜ੍ਹ ਤੋਂ ਹੀ ਖਤਮ ਕਰ ਦੇਣਾ। ਪੁਰਾਣੇ ਮਾੜੇ ਸੰਸਕਾਰ ਖਤਮ ਕਰ ਦੇਣੇ, ਅਵਿਦਿਆ ਖਤਮ ਕਰ ਦੇਣੀ, ਅਗਿਆਨ ਦਾ ਹਨ੍ਹੇਰਾ ਖਤਮ ਕਰ ਦੇਣਾ।

ਸ਼ਦ ਦੇ ਨਿਰੁਕਤਕ ਅਰਥ ਹਨ ਗਿਆਨ ਵਿਦਿਆ, ਉਹ ਗਿਆਨ ਜੋ ਇਕ ਪੂਰਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਪ੍ਰਾਪਤ ਕੀਤਾ ਗਿਆਨ ਮੋਹ ਤੋਂ ਛੁਟਕਾਰਾ ਦਿੰਦਾ ਹੈ ਤੇ ਆਤਮ ਪ੍ਰਾਪਤੀ ਦੇ ਯੋਗ ਬਣਾਉਂਦਾ ਹੈ। ਇਸ ਤਰ੍ਹਾਂ ਪ੍ਰਾਪਤ ਕੀਤਾ ਗਿਆਨ ਅਵਿਦਿਆ/ਅਗਿਆਨ ਨੂੰ ਖਤਮ ਕਰਦਾ ਹੈ ਜਿਸ ਨਾਲ ਨਿਰਾਸਤਾ ਖਤਮ ਹੁੰਦੀ ਹੈ ਜਿਹੜੀ ਅਸੀਮ, ਅਨੰਤ ਨੂੰ ਦੇਖਣ, ਮਹਿਸੂਸ ਕਰਨ ਵਿਚ ਬਾਧਾ ਬਣਦੀ ਹੈ ਤੇ ਇਸ ਤਰ੍ਹਾਂ ਦਾ ਛਲ ਕਰਦੀ ਹੈ ਕਿ ਉਹ ਆਪ ਨੂੰ ਇਕ ਸੀਮਾ ਵਿਚ ਦੇਖਣ ਲਗ ਪੈਂਦਾ ਹੈ।

ਸ਼ਦ ਸ਼ਬਦ ਦੀ ਜੜ੍ਹ ਨਾਲ ਜਦੋਂ ਉਪ ਲਗਦਾ ਹੈ ਉਹ ਨਮਰਤਾ ਦਾ ਸੰਕੇਤਕ ਬਣ ਜਾਂਦਾ ਹੈ, ਉਹ ਨਮਰਤਾ ਜਿਸ ਨਾਲ ਜਗਿਆਸੂ ਨੂੰ, ਇਕ ਵਿਦਿਆਰਥੀ ਨੂੰ ਉਪਦੇਸ਼ਕ ਕੋਲ, ਅਧਿਆਪਕ ਕੋਲ ਜਾਣਾ ਚਾਹੀਦਾ ਹੈ। ਉਪਨਿਸ਼ਦਾਂ ਦਾ ਗਿਆਨ ਇਕ ਉਚਤਮ ਵਿਗਿਆਨ ਮੰਨਿਆ ਜਾਂਦਾ ਹੈ। ਇਹ ਇਕ ਡੂੰਘਾ ਰਹੱਸ ਹੈ, ਰਹੱਸਿਆ ਦਾ ਰਹੱਸ ਹੈ। ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਉਪਨਿਸ਼ਦ ਵਿਚ ਦਿਤੀ ਸਿਖਿਆ ਸੰਖੇਪ ਸੂਤਰ ਰੂਪ ਵਿਚ ਦਿਤੀ ਗਈ ਹੈ, ਇਹ ਸਿਖਿਆ ਸੱਤ ਦਾ ਸੱਤ ਰੂਪ ਹੈ।

ਉਪਨਿਸ਼ਦਾਂ ਦੇ ਵਿਚ ਇਕ ਵਾਕ ਦੀ ਵਰਤੋਂ ਬਾਰ-ਬਾਰ ਕੀਤੀ ਗਈ ਹੈ 'ਇਹ ਵੀ ਨਹੀਂ' 'ਇਹ ਵੀ ਨਹੀਂ'। ਉਸ ਤੋਂ ਭਾਵ ਹੈ ਕਿ ਜਗਿਆਸੂ ਨੂੰ ਕਦੀ ਵੀ ਗਿਆਨ ਦੀ ਖੋਜ ਨਹੀਂ ਛੱਡ ਦੇਣੀ ਚਾਹੀਦੀ। ਕਦੀ ਵੀ ਸੱਤ ਲਈ ਸੱਚੀ ਖੋਜ ਨਹੀਂ ਛੱਡ ਦੇਣੀ ਚਾਹੀਦੀ। ਜਗਿਆਸੂ ਨੂੰ ਕਦੀ ਵੀ ਗਿਆਨ ਪ੍ਰਾਪਤੀ ਦੀ ਤ੍ਰਿਪਤੀ ਨਹੀਂ ਹੋਣੀ ਚਾਹੀਦੀ। ਆਪਣੇ ਅੰਦਰ ਕਦੀ ਵੀ ਇਹ ਮਹਿਸੂਸ ਨਹੀਂ ਕਰਨਾ ਚਾਹੀਦਾ ਕਿ ਮੈਂ ਐਨਾ ਗਿਆਨ ਪ੍ਰਾਪਤ ਕਰ ਲਿਆ ਹੈ। ਗਿਆਨ ਦੇ ਬਹੁਤ ਸਾਰੇ ਸੂਖਮ ਰੂਪ ਹਨ ਪਰ ਪੂਰਨ ਹੈ ਸਤਿ ਦਾ ਗਿਆਨ, ਸੱਤ ਦੀ ਪ੍ਰਾਪਤੀ।

ਪੁਰਾਤਨ ਸਮਿਆਂ ਵਿਚ ਉਪਦੇਸ਼ਕ, ਅਧਿਆਪਕ ਜੋ ਉਪਨਿਸ਼ਦਾਂ ਦਾ ਗਿਆਨ ਰਖਦੇ ਸੀ ਉਹ ਵੇਦਾਂ ਉਪਨਿਸ਼ਦਾਂ ਦਾ ਗਿਆਨ ਦੇਣ ਲਈ ਬਹੁਤ ਹੀ ਸਾਵਧਾਨ ਰਹਿੰਦੇ ਸੀ, ਖਾਸ ਕਰਕੇ ਜਿਵੇਂ ਪ੍ਰਾਣ ਵਿਦਿਆ, ਜਿਹੜੀ ਕਠ ਉਪਨਿਸ਼ਦ ਵਿਚ ਦੱਸੀ ਗਈ ਹੈ ਜਾਂ ਮਧੂ ਵਿਦਿਆ ਜਿਹੜੀ ਕਿ ਬ੍ਰਿਹਦਾਰਣਕ ਉਪਨਿਸ਼ਦ ਵਿਚ ਦੱਸੀ ਗਈ ਹੈ। ਪੁਰਾਤਨ ਉਪਦੇਸ਼ਕ ਇਹ ਗਿਆਨ ਕੇਵਲ ਉਨ੍ਹਾਂ ਨੂੰ ਹੀ ਦਿੰਦੇ ਸੀ ਜਿਹੜੇ ਉਸ ਦੇ ਪਾਤਰ ਹੋਣ, ਜਿਹੜੇ ਉਸ ਅਵਸਥਾ ਤਕ ਪਹੁੰਚ ਗਏ ਹੋਣ ਤੇ ਇਹ ਗਿਆਨ ਪ੍ਰਾਪਤ ਕਰ ਸਕਦੇ ਹੋਣ। ਜਿਹੜੇ ਪਹਿਲਾਂ ਉਚਿਤ ਗਿਆਨ ਪ੍ਰਾਪਤ ਕਰ ਚੁੱਕੇ ਹੋਣ, ਅਧਿਆਤਮਵਾਦ ਤੇ ਪਰਪੱਕ ਹੋਣ।

ਇਹ ਵਿਦਿਆ ਹਰ ਇਕ ਨੂੰ ਨਹੀਂ ਦਿਤੀ ਜਾਂਦੀ ਸੀ ਭਾਵੇਂ ਕੋਈ ਪੂਰਾ ਖਜ਼ਾਨਾ ਹੀ ਕਿਉਂ ਨਾ ਦੇਣ ਨੂੰ ਤਿਆਰ ਹੋਵੇ, ਭਾਵ ਇਹ ਹੈ ਕਿ ਉਪਨਿਸ਼ਦਾਂ ਦਾ ਗਿਆਨ ਪੂਰੇ ਸੰਸਾਰਕ ਖਜ਼ਾਨੇ ਨਾਲੋਂ ਕਿਤੇ ਉਤਮ, ਉਚਾ ਤੇ ਡੂੰਘਾ ਹੈ। ਸੰਸਾਰਕ ਹੀ ਨਹੀਂ ਜੇ ਇਹ ਕਿਹਾ ਜਵੇ ਕਿ ਲੋਕ ਪਰਲੋਕ ਦੇ ਖਜ਼ਾਨੇ ਤੋਂ ਉਤੇ ਹੈ ਤਾਂ ਕੋਈ ਅਤਿਕਥਨੀ ਹੀ ਨਹੀਂ

## ਉਪਦੇਸ਼ਕ ਤੇ ਵਿਦਿਆਰਥੀ ਦਾ ਸਬੰਧ

ਉਪਨਿਸ਼ਦਾਂ ਦਾ ਗਿਆਨ ਜਾਂ ਕਹਿ ਲਓ ਕਿ ਬ੍ਰਹਮਵਿਦਿਆ ਬਹੁਤ ਹੀ ਸਪਸ਼ਟ ਸਾਫ ਸੁਥਰਾ ਗਿਆਨ ਹੈ, ਪਰ ਕਠਿਨ ਹੈ, ਸੂਖਮ ਤੇ ਗੂੜ੍ਹ ਹੈ। ਆਮ ਮਨੁੱਖ ਉਪਨਿਸ਼ਦਾਂ ਦੇ ਮੰਤਰ ਨਹੀਂ ਸਮਝ ਸਕਦਾ। ਅਧਿਆਪਕ ਉਪਦੇਸ਼ਕ ਦੀ ਲੋੜ ਤੋਂ ਬਿਨਾਂ ਸਮਝਣਾ ਔਖਾ ਹੈ। ਜਿਹੜੇ ਵੀ ਜਗਿਆਸੂ ਬ੍ਰਹਮ ਵਿਦਿਆ ਨੂੰ ਜਾਨਣਾ ਚਾਹੁੰਦੇ ਸੀ, ਜਾਨਣ ਦੀ ਇੱਛਾ ਰਖਦੇ ਸੀ ਉਨ੍ਹਾਂ ਨੂੰ ਬਹੁਤ ਔਕੜਾਂ ਔਖਿਆਈਆਂ ਸਹਿਣੀਆਂ ਪੈਂਦੀਆਂ ਸੀ। ਬਹੁਤ ਹੀ ਸਾਦਗੀ ਵਿਚ ਰਹਿਣਾ ਪੈਂਦਾ ਸੀ, ਪੂਰਾ ਆਤਮਕ ਅਨੁਸਾਸ਼ਨ ਰਖਣਾ ਪੈਂਦੀ ਸੀ। ਅਸੀਂ ਦੇਖਿਆ ਹੈ ਕਿ ਕਠ ਉਪਨਿਸ਼ਦ ਵਿਚ ਨਚੀਕੇਤਾ ਦੀ ਪ੍ਰੀਖਿਆ ਕਿਵੇਂ ਲਈ ਗਈ? ਕਿੰਨੇ ਪ੍ਰਕਾਰ ਨਾਲ ਲਈ ਗਈ? ਜਮ ਨੇ ਪਹਿਲਾਂ ਇਹ ਚੰਗੀ ਤਰ੍ਹਾਂ ਨਾਲ, ਪੱਕੀ ਤਰ੍ਹਾਂ ਨਾਲ ਜਾਣ ਲਿਆ ਕਿ ਨਚੀਕੇਤਾ ਸੱਚਮੁੱਚ ਹੀ ਉਪਨਿਸ਼ਦਾਂ ਦੇ ਗਿਆਨ ਦਾ ਪਾਤਰ ਹੈ। ਉਸ ਦੀ ਗਿਆਨ ਦੀ ਪਿਆਸ ਕੋਈ ਉਸ ਦੀ ਸੰਵੇਗਕ ਇੱਛਾ ਨਹੀਂ ਹੈ, ਕੋਈ ਉਸ ਦੀ ਇਕ ਘੜੀ ਪਲ ਦੀ ਲੋੜ ਨਹੀਂ ਹੈ ਜਿਵੇਂ ਕਿ ਅਸੀਂ ਅੱਜਕਲ੍ਹ ਦੇ ਨੌਜਵਾਨਾਂ ਵਿਚ ਦੇਖਦੇ ਹਾਂ।

ਜਮ ਨੇ ਨਚੀਕੇਤਾ ਨੂੰ ਹਰ ਤਰ੍ਹਾਂ ਲੁਭਾਉਣ ਦੀ ਕੋਸ਼ਿਸ਼ ਕੀਤੀ। ਸੰਸਾਰ ਦਾ ਹਰ ਪਦਾਰਥ ਉਸ ਨੂੰ ਲੈਣ ਲਈ ਕਿਹਾ। ਮਿਸਾਲ ਵਜੋਂ, ਲੰਮੀ ਉਮਰ, ਸੋਹਣੀਆਂ ਤੋਂ ਸੋਹਣੀਆਂ ਹੂਰ ਪਰੀਆਂ ਪਰ ਨਚੀਕੇਤਾ ਜਾਣਦਾ ਸੀ ਕਿ ਸਭ ਕੁਝ ਨਾਸ਼ਵਰ ਹੈ, ਛਿਨ ਭੰਗਰ ਰਹਿਣ ਵਾਲਾ ਹੈ। ਇਸ ਕਰਕੇ ਉਹ ਤਾਂ ਬ੍ਰਹਮਗਿਆਨ ਲੈਣ ਲਈ ਹੀ ਬੇਨਤੀ ਕਰਦਾ ਰਿਹਾ। ਉਹ ਤਾਂ ਕੇਵਲ ਸਤਿ ਦਾ ਗਿਆਨ ਹੀ ਚਾਹੁੰਦਾ ਸੀ।

ਪ੍ਰਸ਼ਨ ਉਪਨਿਸ਼ਦ ਵਿਚ ਉਪਦੇਸ਼ਕ ਅਧਿਆਪਕ ਪਿਪਲਾਦ ਆਪਣੇ ਛੇ ਸ਼ਿਸ਼ਾਂ ਨੂੰ ਤਪਸਿਆ ਕਰਾਉਂਦੇ ਰਹੇ। ਅਭਿਆਸ ਕਰਾਉਂਦੇ ਰਹੇ, ਕਿੰਨੇ ਸਾਲ ਇਸ ਤਰ੍ਹਾਂ ਕਰਾਉਣ ਦੇ ਬਾਅਦ ਉਨ੍ਹਾਂ ਨੇ ਉਨ੍ਹਾਂ ਸ਼ਿਸ਼ਾਂ ਨੂੰ ਕਿਹਾ, ਹੁਣ ਤੁਸੀਂ ਕੋਈ ਵੀ ਪ੍ਰਸ਼ਨ ਪੁੱਛ ਸਕਦੇ ਹੋ, ਜੇ ਮੈਨੂੰ ਉਸ ਦਾ ਜਵਾਬ ਪਤਾ ਹੋਏਗਾ, ਮੈਂ ਤੁਹਾਨੂੰ ਦਸ ਦਿਆਂਗਾ। ਚੰਡੋਕ ਉਪਨਿਸ਼ਦ ਵਿਚ ਇਕ ਜਗ੍ਹਾ ਲਿਖਿਆ ਹੋਇਆ ਹੈ ਕਿ ਗੁਰੂ ਨੇ ਇੰਦਰ ਤੇ ਵਿਰੋਚਨ ਤੋਂ ਬੱਤੀ ਸਾਲ ਤਪਸਿਆ ਕਰਾਈ। ਸਾਦਗੀ ਨਾਲ ਰਹਿਣਾ, ਸੰਜਮ ਤੇ ਸਹਿਜ ਦਾ ਅਭਿਆਸ ਕਰਨਾ।

ਵਿਰੋਚਨ ਜੋ ਕਿ ਅਸੁਰਾਂ ਦਾ ਰਾਜਾ ਹੈ ਉਹ ਐਨਾ ਕਰਨ ਦੇ ਬਾਅਦ ਵੀ ਮਨ ਦੀ ਪਵਿਤਰਤਾ ਨਾ ਲਿਆ ਸਕਿਆ। ਆਪਣੇ ਦਿਲ ਦਿਮਾਗ ਨੂੰ ਇਕਾਗਰ ਨਾ ਕਰ ਸਕਿਆ, ਉਹ ਕੇਵਲ ਇਹ ਹੀ ਲੈ ਕੇ ਘਰ ਮੁੜ ਗਿਆ ਕਿ ਆਤਮਾ ਤੇ ਸਰੀਰ ਇਕ ਹੀ ਹਨ। ਦੂਸਰੇ ਪਾਸੇ ਇੰਦਰ ਦੇਵਤਾ, ਦੇਵਤਿਆਂ ਦੇ ਮੁਖੀ ਉਹ ਪੂਰਨ ਬ੍ਰਹਮਚਾਰੀ ਰਹੇ। ਉਹ 73 ਵਰ੍ਹੇ ਬ੍ਰਹਮਚਾਰੀ ਰਹੇ, ਉਸ ਤੋਂ ਪਿਛੋਂ ਉਨ੍ਹਾਂ ਨੂੰ ਆਤਮ ਗਿਆਨ ਪ੍ਰਾਪਤ ਹੋਇਆ।

ਗੁਰੂ ਸ਼ਿਸ਼ ਦਾ ਰਿਸ਼ਤਾ, ਸਬੰਧ ਸਭ ਤੋਂ ਉਚਾ ਸੁੱਚਾ ਸਬੰਧ ਹੈ। ਉਪਨਿਸ਼ਦਾਂ ਵਿਚ ਗੁਰੂ, ਸ਼ਿਸ਼ ਦੀ ਆਯੂ ਬਾਰੇ ਕੁਝ ਨਹੀਂ ਦੱਸਿਆ ਗਿਆ, ਕੋਈ ਵੀ ਮਨੁੱਖ ਜਿਸ ਕੋਲ ਆਤਮਕ, ਅਧਿਆਤਮਕ ਗੁਣ ਹਨ। ਚਾਹੇ ਉਸ ਨੇ ਇਸ ਜਨਮ ਵਿਚ ਤਪਸਿਆ ਕਰਕੇ ਲਏ ਹਨ, ਚਾਹੇ ਉਸ ਦੇ ਪਿਛਲੇ ਜਨਮਾਂ ਦੀ ਤਪਸਿਆ ਦਾ ਫਲ ਹੈ, ਜਿਸ ਨੇ ਆਪਣਾ ਮਨ ਚਿਤ ਸਾਫ ਕਰ ਲਿਆ ਹੈ ਉਹ ਸਤਿ ਦੇ ਗਿਆਨ ਦਾ ਪਾਤਰ ਬਣ ਜਾਂਦਾ ਹੈ ਭਾਵੇਂ ਉਹ ਜਵਾਨ ਹੋਵੇ ਭਾਵੇਂ ਬੁੱਢਾ ਹੋਵੇ, ਬੀਬੀ ਹੋਵੇ ਭਾਵੇਂ ਭਾਈ ਹੋਵੇ।

ਤੁਸੀਂ ਬੁਢਾਪੇ ਵਿਚ ਵੀ ਅਰੰਭ ਕਰ ਸਕਦੇ ਹੋ, ਬੁਢਾਪਾ ਕੋਈ ਦੁਰਕਾਰਨ ਵਾਲੀ ਚੀਜ਼ ਨਹੀਂ ਹੈ, ਬੁਢਾਪੇ ਦੀ ਆਪਣੀ ਇਕ ਸ਼ਾਨ ਹੈ, ਸੁੰਦਰਤਾ ਹੈ, ਬਖਸ਼ਿਸ਼ ਹੈ, ਇਕ ਸਿਆਣਪ ਹੈ, ਇਕ ਪਰਪਕਤਾ ਹੈ। ਦੂਸਰੇ ਪਾਸੇ ਇਹ ਦੂਸਰਾ ਬਚਪਨ ਹੈ ਕਿਉਂਕਿ ਬੁਢਾਪੇ ਦਾ ਮਨ ਇਕ ਬੱਚੇ ਦਾ ਮਨ ਨਹੀਂ ਕਿਹਾ ਜਾ ਸਕਦਾ ਕਿਉਂਕਿ ਬੁਢਾਪੇ ਦਾ ਮਨ ਤਾਂ ਕਿਸੇ ਨਾ ਕਿਸ ਗੱਲ ਵਿਚ ਰੁਝਿਆ ਰਹਿੰਦਾ ਹੈ, ਡੁੱਬਿਆ ਰਹਿੰਦਾ ਹੈ ਪਰ ਜਿਹੜੇ ਵੀ ਸਤਿ ਦੇ ਮਾਰਗ ਤੇ ਚਲਣਾ ਚਾਹੁੰਦੇ ਹਨ, ਆਤਮਕ ਸਿੱਧੀ ਪ੍ਰਾਪਤ ਕਰਨ ਦੀ ਇੱਛਾ ਰਖਦੇ ਹਨ ਉਨ੍ਹਾਂ ਲਈ ਉਮਰ ਦਾ ਕੋਈ ਬੰਦੇਜ਼ ਹੀ ਨਹੀਂ, ਕੋਈ ਅੜਿੱਕਾ ਨਹੀਂ ਕਿਉਂਕਿ ਚਾਹੇ ਕੋਈ ਬੱਚਾ ਹੈ, ਕੋਈ ਜਵਾਨ ਹੈ, ਕੋਈ ਬੁੱਢਾ ਹੈ ਇਕ ਹੀ ਪ੍ਰਮਾਤਮਾ ਸਭ ਦੇ ਅੰਦਰ ਵਸਦਾ ਹੈ।

'ਆਤਮ ਮਾਰਗ' ਤੇ ਚੱਲਣ ਲਈ ਸਰੀਰ ਦੀ ਤਾਕਤ ਕੰਮ ਕਰਨ ਦੀ ਯੋਗਤਾ ਜਾਂ ਪ੍ਰਸੰਨਤਾ ਇਹ ਕੋਈ ਵੀ ਕਸਵੱਟੀ ਨਹੀਂ ਹੈ। ਆਤਮਾ ਤਾਂ ਸਰੀਰ ਦੇ ਤੱਤਾਂ ਤੋਂ ਬਿਲਕੁਲ ਦੂਰ ਹੀ ਰਹਿੰਦੀ ਹੈ। ਜਵਾਨਾਂ ਤੇ ਬੁੱਢਿਆਂ ਲਈ ਉਪਨਿਸ਼ਦ ਦਸਦੇ ਹਨ, ਤੁਸੀਂ ਬੀਬੀ ਹੋ, ਤੁਸੀਂ ਭਾਈ ਹੋ, ਤੁਸੀਂ ਨੌਜਵਾਨ ਹੋ, ਤੁਸੀਂ ਮੁਟਿਆਰ ਹੋ, ਤੁਸੀਂ ਬੁੱਢੇ ਹੋ, ਡੰਡਾ ਲੈ ਕੇ ਟੁਰਦੇ ਹੋ, ਤੁਸੀਂ ਵੱਖ-ਵੱਖ ਥਾਂ ਪੈਦਾ ਹੋਏ ਹੋ।

ਮਾਨਵ ਇਤਿਹਾਸ ਵਿਚ ਬਹੁਤ ਹੀ ਉਤਾਰ ਚੜ੍ਹਾਅ ਆਏ ਹਨ, ਸਤਿ ਨੂੰ ਖੋਜਣ ਲਈ ਬਹੁਤ ਹੀ ਔਕੜਾਂ ਦਾ ਸਾਮ੍ਹਣਾ ਕੀਤਾ ਹੈ ਪਰ ਅੱਜ ਵੀ ਅਜੇ ਸਾਡੀ ਸਭਿਅਤਾ ਕੋਈ ਬਹੁਤ ਚੰਗਾ ਸੁਚੱਜਾ ਸਮਾਜ ਨਹੀਂ ਬਣਾ ਸਕੀ, ਉਹ ਸਮਾਜ ਜਿਹੜਾ ਆਪਣੇ ਨੌਜਵਾਨਾਂ ਵਿਚ ਆਤਮ ਜਾਗਰਣ ਲਿਆ ਸਕੇ, ਉਨ੍ਹਾਂ ਵਿਚ ਆਤਮਕ ਸੋਧੀ ਲਿਆ ਸਕੇ। ਸਾਡੇ ਸਮਾਜ ਦੀਆਂ ਦੋ ਸਮੱਸਿਆਵਾਂ ਤਾਂ ਸਦਾ ਤੋਂ ਰਹੀਆਂ ਹਨ, ਬੁਢਾਪਾ ਤੇ ਆਲਸ, ਸੁਸਤੀ।

ਉਪਨਿਸ਼ਦ ਤੁਹਾਨੂੰ ਉਤਸ਼ਾਹ ਦਿੰਦੇ ਹਨ, ਪ੍ਰੇਰਨਾ ਦਿੰਦੇ ਹਨ, ਤੁਹਾਡੇ ਅੰਦਰ ਜੀਉਣ ਦੀ ਇੱਛਾ ਪੈਦਾ ਕਰਦੇ ਹਨ, ਤੁਸੀਂ ਸੌ ਸਾਲ ਤਕ ਜੀਓ, ਨਾ ਕਿ ਕੇਵਲ ਤੁਸੀਂ ਇੰਦ੍ਰੀਆਂ ਦੇ ਪਿਛੇ ਲੱਗੇ ਫਿਰੋ, ਜੀਵਨ ਉਦੇਸ਼ ਜੀਵਨ ਮਨੋਰਥ ਨੂੰ ਸਮਝੋ। ਉਸ ਦੀ ਪ੍ਰਾਪਤੀ ਕਰੋ। ਜੇ ਜੀਵਨ ਕੇਵਲ ਅਗਿਆਨ ਵਿਚ ਬਤੀਤ ਕੀਤਾ ਜਾਵੇ, ਨਿਰਾਸਤਾ ਵਿਚ ਬਿਤਾਇਆ ਜਾਵੇ, ਜੀਵਨ ਦਾ ਉਦੇਸ਼ ਨਾ ਪ੍ਰਾਪਤ ਕੀਤਾ ਜਾਵੇ ਫੇਰ ਸੌ ਸਾਲ ਜੀਵਨ ਜੀਉਣ ਦਾ ਕੋਈ ਮਕਸਦ ਹੀ ਨਹੀਂ। ਜਿਹੜਾ ਜੀਵਨ ਕੇਵਲ ਉਤੇਜਿਤ ਹੋ ਕੇ ਜੋਸ਼ ਵਿਚ ਆ ਕੇ ਬਿਤਾਇਆ ਜਾਵੇ ਕੇਵਲ ਮੌਜ ਮੇਲੇ ਲਈ ਜੀਵਿਆ ਜਾਵੇ, ਉਹ ਮਨੁੱਖ ਨੂੰ ਛੇਤੀ ਹੀ ਦਿਵਾਲੀਆ ਬਣਾ ਦਿੰਦੀ ਹੈ ਤੇ ਮਨੁੱਖ ਕਦੀ ਵੀ ਆਪਣੇ ਆਪ ਨੂੰ ਸੁਰਖਿਅਤ ਨਹੀਂ ਸਮਝ ਸਕਦਾ।

ਆਤਮਕ ਜੀਵਨ ਮਨੁੱਖ ਨੂੰ ਨਿਰਭੈ ਬਣਾ ਦਿੰਦਾ ਹੈ ਤੇ ਮੋਹ ਦੇ ਬੰਧਨ ਤੋਂ ਮੁਕਤ ਕਰ ਦਿੰਦਾ ਹੈ। ਹਰ ਤਰ੍ਹਾਂ ਦੇ ਸੰਤਾਪ ਤੇ ਦੁਖ ਤੋਂ ਮੁਕਤ ਕਰ ਦਿੰਦਾ ਹੈ ਤੇ ਅੰਤ ਵਿਚ ਆਤਮ ਸਿੱਧੀ ਪ੍ਰਾਪਤ ਹੋ ਜਾਂਦੀ ਹੈ। ਆਤਮ ਸਿੱਧੀ ਦੇ ਮਾਰਗ ਤੇ ਚਲ ਕੇ ਤੁਸੀਂ ਵਧਦੇ ਫੁਲਦੇ ਹੋ, ਆਪਣੇ ਆਪ ਨੂੰ ਪ੍ਰਗਟ ਕਰਦੇ ਹੋ। ਇਹ ਅਨੁਭਵ ਕਰਦੇ ਹੋ ਕਿ ਸਤਿ ਜੀਵਨ ਨੂੰ ਕਿੰਨਾ ਸੋਹਣਾ ਬਣਾ ਦਿੰਦਾ ਹੈ। ਮਨੁੱਖ ਸਿਰਜਨਆਤਮਕ ਬਣ ਜਾਂਦਾ ਹੈ, ਗਿਆਨਮਈ ਹੋ ਜਾਂਦਾ ਹੈ। ਉਪਨਿਸ਼ਦ ਤੁਹਾਨੂੰ ਹਾਸੇ ਤੋਂ, ਹਰ ਪ੍ਰਕਾਰ ਦੇ ਮੌਜ ਮੇਲੇ

ਤੋਂ ਵਾਂਝਿਆਂ ਨਹੀਂ ਰਖਦੇ ਉਹ ਤਾਂ ਮੌਜ ਮਸਤੀ ਕਰਨ ਦਾ ਇਕ ਸਹੀ, ਠੀਕ ਤਰੀਕਾ ਦਸਦੇ ਹਨ, ਹਾਂ ਤੁਹਾਨੂੰ ਮੰਤਵ ਪਤਾ ਹੋਣਾ ਚਾਹੀਦਾ ਹੈ।

ਈਸ਼ ਉਪਨਿਸ਼ਦ ਦਸਦਾ ਹੈ, ਭੋਗ ਵਿਲਾਸ, ਖੁਸ਼ੀ, ਅਨੰਦ ਤਿਆਗ ਰਾਹੀਂ ਮਾਣੋ। ਇਹ ਹੀ ਕੇਵਲ ਇਕ ਰਸਤਾ ਹੈ ਜਿਸ ਨਾਲ ਬੰਧਨ ਨਹੀਂ ਪੈਂਦਾ, ਜੋ ਵੀ ਅਸੀਂ ਕਰੀਏ ਉਹ ਸਾਡੀ ਅਧਿਆਤਮਕਤਾ ਨੂੰ ਹੋਰ ਡੂੰਘਾ ਕਰਦੇ ਚਲੇ ਜਾਂਦੇ ਹਨ। ਸੰਸਾਰੀ ਗਿਆਨ ਸੰਸਾਰੀ ਭੋਗ ਵਿਲਾਸ ਸੰਸਾਰਕ ਜੀਵਨ ਦਾ ਅਨੰਦ ਮਾਨਣਾ ਸਿਖਾਂਦਾ ਹੈ, ਜਦੋਂ ਕਿ ਉਪਨਿਸ਼ਦਾਂ ਦਾ ਗਿਆਨ ਤੁਹਾਨੂੰ ਸਤਿ ਦਾ ਜੀਵਨ ਜੀਉਣ, ਅਨੰਦ ਮਾਨਣ ਵਿਚ ਸਹਾਇਕ ਹੁੰਦਾ ਹੈ, ਇਹ ਹੀ ਨਹੀਂ ਸੰਸਾਰਕ ਸੁੱਖ ਵੀ ਮਾਨਣ ਵਿਚ ਸਹਾਈ ਹੁੰਦਾ ਹੈ।

ਉਪਨਿਸ਼ਦ ਦਸਦੇ ਹਨ ਕਿ ਆਤਮਕ ਸਿੱਧੀ ਇਸੇ ਜੀਵਨ ਵਿਚ ਪ੍ਰਾਪਤ ਕੀਤੀ ਜਾ ਸਕਦੀ ਹੈ ਜੇ ਤੁਸੀਂ ਪੂਰੀ ਚੇਤਨਾ ਨਾਲ ਪੂਰੀ ਤਨਮੈਤਾ ਨਾਲ ਸੁਹਿਰਦਤਾ ਨਾਲ, ਸੱਚੇ ਮਨ ਨਾਲ ਕੋਸ਼ਿਸ਼ ਕਰੋ, ਘਾਲਣਾ ਘਾਲੋ। ਇਹ ਤਾਂ ਹੋ ਸਕਦਾ ਹੈ ਕਿ ਇੰਦ੍ਰੀਆਂ ਦਾ ਭੋਗ ਤਾਂ ਸਵਰਗ ਵਿਚ ਭੋਗਿਆ ਜਾ ਸਕਦਾ ਹੈ ਪਰ ਇਹ ਕਿਤੇ ਵੀ ਉਪਨਿਸ਼ਦ ਨਹੀਂ ਦਸਦੇ ਕਿ ਆਤਮਕ ਸਿੱਧੀ ਕਿਤੇ ਹੋਰ ਜਾਂ ਸਵਰਗ ਵਿਚ ਪ੍ਰਾਪਤ ਕੀਤੀ ਜਾ ਸਕਦੀ ਹੈ। ਕੋਈ ਵੀ ਗ੍ਰੰਥ ਇਹ ਨਹੀਂ ਕਹਿੰਦਾ ਕਿ ਆਤਮਕ ਸਿੱਧੀ ਸਵਰਗ ਵਿਚ ਪ੍ਰਾਪਤ ਕੀਤੀ ਜਾ ਸਕਦੀ ਹੈ ਭਾਵੇਂ ਤੁਸੀਂ ਇਸ ਧਰਤੀ ਤੇ ਕੁਝ ਨਾ ਕਰੋ।

ਜਿਸ ਗੁਣ ਕਾਰਣ ਤੁਸੀਂ ਸਵਰਗ ਵਿਚ ਪਹੁੰਚਦੇ ਹੋ, ਉਹ ਸਦੈਵ ਨਹੀਂ ਹੈ ਉਹ ਤਾਂ ਛਿਨ ਭੰਗਰ ਹੈ। ਇੰਦ੍ਰੀਆਂ ਦਾ ਭੋਗ ਤੇ ਹੋਰ ਬਾਹਰ ਦੇ ਰੰਗ ਤਮਾਸ਼ੇ ਤਾਂ ਬਹੁਤ ਹੀ ਥੋੜ੍ਹੀ ਦੇਰ ਦੇ ਹਨ ਤੇ ਕਦੀ ਨਾ ਕਦੀ ਤਾਂ ਮਨੁੱਖ ਨੂੰ ਥਕਾ ਹੀ ਦਿੰਦੇ ਹਨ। ਉਪਨਿਸ਼ਦ ਦਸਦੇ ਹਨ। ਹੁਣੇ ਇਸੇ ਸਮੇਂ ਸਤਿ ਦੀ ਪ੍ਰਾਪਤੀ ਸਿੱਖੋ, ਹੁਣੇ ਕਰੋ ਇਸ ਵਿਚ ਕੋਈ ਢਿੱਲ ਨਾ ਕਰੋ, ਇਸ ਦੀ ਪ੍ਰਾਪਤੀ ਤੁਸੀਂ ਇਸ ਜੀਵਨ ਵਿਚ ਇਸ ਸਰੀਰ ਵਿਚ ਹੀ ਰਹਿ ਕੇ ਕਰ ਸਕਦੇ ਹੋ। ਜੀਵਨ ਬਹੁਤ ਹੀ ਬੋਝਲ ਹੋ ਜਾਵੇਗਾ ਜੇ ਕੇਵਲ ਮੌਜ ਮੇਲਾ ਤੇ ਮਸਤੀ ਦਾ ਹੀ ਜੀਵਨ ਹੋਵੇਗਾ, ਜੇ ਉਸ ਵਿਚ ਆਤਮਕ ਗਿਆਨ ਪ੍ਰਾਪਤੀ ਦੀ ਇੱਛਾ ਨਹੀਂ ਹੋਵੇਗੀ।

ਜੀਵਨ ਸਿਰਜਨਾਤਮਕ, ਫਲਦਾਈ, ਚੰਗਾ ਉਪਯੋਗੀ, ਉਪਕਾਰੀ ਉਦੋਂ ਹੀ ਹੁੰਦਾ ਹੈ ਜਦੋਂ ਸਤਿ ਵਲ ਜਾਂਦਾ ਹੈ। ਪੂਰਨਤਾ ਵਲ ਜਾਂਦਾ ਹੈ। ਇਸ ਵਿਹੁਮਈ ਜੀਵਨ ਦੇ ਰੁਖ ਤੇ ਦੋ ਫਲ ਹਨ, ਆਪਣੀ ਹੋਂਦ ਤੇ ਦੂਸਰਾ ਹੈ ਆਤਮਕ ਸਿੱਧੀ। ਜੇ ਤੁਸੀਂ ਸੌ ਸਾਲ ਜੀਉਣ ਦੀ ਇੱਛਾ ਰਖਦੇ ਹੋ, ਤੁਹਾਨੂੰ ਆਤਮ ਸਿੱਧੀ, ਆਤਮਕ ਪ੍ਰਾਪਤੀ ਲਈ ਬਹੁਤ ਸਮਾਂ, ਬਹੁਤ ਅਵਸਰ ਮਿਲ ਜਾਣਗੇ ਤੇ ਤੁਸੀਂ ਪੂਰਨਤਾ ਪ੍ਰਾਪਤ ਕਰ ਸਕੋਗੇ।

ਕੇਵਲ ਇੰਦ੍ਰੀਆਂ ਦੇ ਭੋਗ ਲਈ ਜੀਵਨ ਜੀਉਣਾ ਮਨੁੱਖ ਨੂੰ ਕੇਵਲ ਨਿਰਸਤਾ ਹੀ ਦੇ ਸਕਦਾ ਹੈ। ਭੋਗਾਂ ਨਾਲ ਕਦੀ ਵੀ ਜੀਵਨ ਸ਼ਾਂਤਮਈ ਨਹੀਂ ਬਣ ਸਕਦਾ, ਇਸ ਤਰ੍ਹਾਂ ਕਰਨ ਨਾਲ ਜੀਵਨ ਖਾਲੀ ਹੀ ਰਹਿੰਦਾ ਹੈ। ਜੀਵਨ ਵਿਚ ਕੇਵਲ ਭੈ, ਹਨ੍ਹੇਰਾ ਤੇ ਅਸੁਰਖਿਆ ਹੀ ਰਹਿੰਦੀ ਹੈ। ਉਪਨਿਸ਼ਦ ਕਹਿੰਦੇ ਹਨ, ਜਾਗੋ ਗਿਆਨ ਪ੍ਰਾਪਤ ਕਰੋ ਤੇ ਸੁਤੰਤਰ ਹੋ ਜਾਓ।

ਅੱਜ ਦਾ ਸੰਸਾਰ ਬਹੁਤ ਹੀ ਤੇਜ਼ ਗਤੀ ਨਾਲ ਚਲ ਰਿਹਾ ਹੈ ਹਰ ਦਿਨ ਰਾਤ ਗਤੀ ਹੀ ਜਾਂਦੀ ਹੈ। ਮਨੁੱਖ ਸਹਿਮਿਆ ਖੜ੍ਹਾ ਹੈ ਉਸ ਨੂੰ ਆਪਣੀਆਂ ਜੜ੍ਹਾਂ ਦਾ ਪਤਾ ਹੀ ਨਹੀਂ। ਅੱਜ ਦਾ ਮਨੁੱਖ ਆਪਣੇ ਆਪ ਨੂੰ ਇਨ੍ਹਾਂ ਹਾਲਾਤਾਂ ਵਿਚ ਘਿਰਿਆ ਮਹਿਸੂਸ ਕਰਦਾ ਹੈ, ਉਸ ਦਾ ਪਛੋਕੜ ਤਾਂ ਮੁੜ ਕੇ ਆ ਨਹੀਂ ਸਕਦਾ। ਉਸ ਦੇ ਵਰਤਮਾਨ ਦਾ ਕੋਈ ਭਰੋਸਾ ਨਹੀਂ, ਉਸ ਦੇ ਭਵਿੱਖ ਤੇ ਇਕ ਵੱਡਾ ਸਾਰਾ ਪ੍ਰਸ਼ਨ ਚਿੰਨ ਲੱਗਾ ਹੋਇਆ ਹੈ। ਅੱਜ ਤਕ ਕਦੀ ਵੀ ਮਨੁੱਖੀ ਇਤਿਹਾਸ ਵਿਚ ਅੱਜ ਤੋਂ ਪਹਿਲਾਂ ਮਨੁੱਖ ਨੇ ਏਨਾ ਹਨ੍ਹੇਰਾ ਮਹਿਸੂਸ ਨਹੀਂ ਕੀਤਾ ਜੋ ਉਹ ਅੱਜ ਕਰ ਰਿਹਾ ਹੈ, ਜਦੋਂ ਕਿ ਉਸ ਕੋਲ ਹਰ ਤਰ੍ਹਾਂ ਦਾ ਸੁੱਖ ਮਾਇਆ ਸਾਰਾ ਸਾਮਾਨ ਪਹਿਲਾਂ ਤੋਂ ਕਿਤੇ ਵਧ ਹੈ।

ਅੱਜ ਦੀ ਆਰਥਕ ਸਥਿਤੀ ਹੀ ਅੱਜ ਦੇ ਮਨੁੱਖ ਨੂੰ ਚਲਾਉਂਦੀ ਹੈ। ਸਾਰੇ ਉਸ ਦੀ ਮਾਰਗ ਦਰਸ਼ਕ ਹੈ, ਫੇਰ ਵੀ ਅੱਜ ਦਾ ਮਨੁੱਖ ਗਿਆਨ ਪ੍ਰਾਪਤੀ ਲਈ ਚੇਸ਼ਟਾ ਰਖਦੇ ਹਨ। ਉਨ੍ਹਾਂ ਦੱ ਦਿਲ ਸਤਿ ਪ੍ਰਾਪਤੀ ਲਈ ਤੜਫਦਾ ਹੈ। ਜੀਵਨ ਲਈ, ਅਰੋਗਤਾ ਲਈ ਬੇਹਬਲ ਹਨ। ਪੁਰਾਤਨ ਅਰਦਾਸ, ਪੁਰਾਤਨ ਭਗਤੀ ਸੰਗੀਤ ਅੱਜ ਦੇ ਮਨੁੱਖ ਦੇ ਕੰਨਾਂ ਵਿਚ ਗੂੰਜਦਾ ਹੈ। ਉਸ ਨੂੰ ਇਹ ਪੁਕਾਰ ਸੁਣਦੀ ਹੈ ਹੇ ਪ੍ਰਭੂ! ਮੈਨੂੰ ਅਸਤਿ ਤੋਂ ਸਤਿ ਵਲ ਲੈ ਜਾ, ਅਗਿਆਨ ਤੋਂ ਗਿਆਨ ਵਲ ਲੈ ਜਾ। ਮੌਤ ਤੋਂ ਮੈਨੂੰ ਅਮਰ ਕਰ ਦੇ।

ਮੁਕਤੀ, ਮੋਕਸ਼ ਦੇ ਨਾਲ ਦੋ ਧਾਰਨਾਵਾਂ ਜੁੜੀਆਂ ਹੋਈਆਂ ਹਨ। ਪੂਰਬ ਦੇ ਲੋਕਾਂ ਦੇ ਮਨ ਵਿਚ ਡਰ ਹੈ, ਦਾਰਸ਼ਨਕ ਦੇ ਮਨ ਵੀ ਡਰੇ ਹੋਏ ਹਨ। ਡਰ ਹੈ ਪੁਨਰ ਜਨਮ ਦਾ। ਆਤਮ ਮਾਰਗ ਦਾ ਅਨੰਦ ਜਾਂਦਾ ਰਹਿੰਦਾ ਹੈ ਜੇ ਹਰ ਸਮੇਂ ਮਨ ਵਿਚ ਇਹ ਡਰ ਲੱਗਾ ਰਹੇ ਕਿ ਮੈਂ ਅਸਫਲ ਹਾਂ। ਅੱਜ ਦੇ ਮਨੁੱਖ ਨੇ ਆਪਣੇ ਲਈ ਕੋਈ ਫਿਲਾਸਫੀ ਨਹੀਂ ਲੱਭੀ। ਕੋਈ ਐਸਾ ਆਦਰਸ਼ ਨਹੀਂ ਲੱਭਿਆ ਜਿਹੜਾ ਉਸ ਦਾ ਮਾਰਗ ਦਰਸ਼ਨ ਕਰ ਸਕੇ, ਨਾ ਅੰਦਰੋਂ ਨਾ ਹੀ ਬਾਹਰੋਂ।

ਪੂਰਬੀ ਤੇ ਪੱਛਮੀ ਫਿਲੌਸਫਰ ਦੋਨੋਂ ਹੀ ਸੰਸਾਰ ਦੇ ਵਿਸ਼ੇਲੇਸ਼ਨ ਕਰਦੇ ਹਨ। ਜੀਵਨ ਤੋਂ ਲੈ ਕੇ ਮਰਨ ਤਕ ਦੀ

ਲਕੀਰ ਦੇਖਦੇ ਹਨ। ਇਹ ਮਹਿਸੂਸ ਕਰਦੇ ਹਨ ਕਿ ਜੀਵਨ ਜਨਮ ਤੋਂ ਮਰਨ ਤਕ ਦੀ ਲਕੀਰ ਵਿਚ ਹੀ ਲਟਕਿਆ ਹੋਇਆ ਹੈ। ਮਜ਼ਹਬ ਦੇ ਲੋਕ ਵੀ ਪਾਪ ਤੇ ਡਰ ਬਾਰੇ ਹੀ ਗੱਲਾਂ ਕਰਦੇ ਹਨ। ਇਕ ਵਾਰੀ ਕਿਸੇ ਮਹਾਂਪੁਰਖ ਨੂੰ ਪੁਛਿਆ, ਕੀ ਤੁਸੀਂ ਰੱਬ ਨੂੰ ਪਿਆਰ ਕਰਦੇ ਹੋ? ਉਹ ਕਹਿਣ ਲੱਗਾ, ਬਿਲਕੁਲ। ਉਸ ਦਾ ਦੂਸਰਾ ਪ੍ਰਸ਼ਨ ਸੀ ਕੀ ਤੁਸੀਂ ਸ਼ੈਤਾਨ ਨੂੰ ਰਾਕਸ਼ਸ਼ ਨੂੰ ਨਫਰਤ ਨਹੀਂ ਕਰਦੇ? ਪਰ ਮਹਾਂਪੁਰਸ਼ਾਂ ਨੇ ਉਤਰ ਦਿਤਾ, ਮੇਰਾ ਪ੍ਰਮਾਤਮਾ ਇਕ ਸਕਿੰਟ ਲਈ ਵੀ ਉਹ ਸਮਾਂ ਨਹੀਂ ਦਿੰਦਾ ਜਿਸ ਨਾਲ ਮੈਂ ਸ਼ੈਤਾਨ ਨੂੰ ਨਫਰਤ ਕਰ ਸਕਾਂ। ਸੰਤ ਟਰੀਸਾ ਨੇ ਕਿਹਾ, "ਹੇ ਪ੍ਰਮਾਤਮਾ! ਸਾਨੂੰ ਗੁੱਸੇ ਵਾਲੇ ਮਹਾਂਪੁਰਸ਼ਾਂ ਤੋਂ ਬਚਾਈਂ। ਸ਼ੁਕਰਾਤ ਗੁਰੂ ਨਾਨਕ ਦੇਵ ਜੀ, ਕਬੀਰ ਜੀ ਤੇ ਹੋਰ ਕਿੰਨੇ ਹੀ ਐਸੇ ਸੰਤ ਹੋਏ ਹਨ ਜਿਹੜੇ ਹਸਦੇ ਖੇਡਦੇ ਮਖੌਲ ਕਰਦੇ ਰਹਿੰਦੇ ਸੀ।

ਕਈ ਫਿਲੌਸਫਰਾਂ ਦੇ ਮਨ ਵਿਚ ਭੈ ਪੂਰੀ ਤਰ੍ਹਾਂ ਘਰ ਕਰਕੇ ਬੈਠਾ ਹੈ। ਉਹ ਪ੍ਰਾਰਥਨਾ ਕਰਦੇ ਹਨ ਪ੍ਰਮਾਤਮਾ ਦੀ ਬਖਸ਼ਿਸ਼ ਮੰਗਦੇ ਹਨ ਪਰ ਉਹ ਡਰੇ ਰਹਿੰਦੇ ਹਨ, ਪੁਨਰ ਜਨਮ ਤੋਂ ਡਰਦੇ ਹਨ। ਡਰ ਤੇ ਪੁਨਰ ਜਨਮ ਨਖੇਦੀ ਦੀ ਮਨੋਬਿਰਤੀ ਪੈਦੀ ਕਰਦੀਆਂ ਹਨ। ਇਹ ਨਖੇਦੀ ਦੀ ਸੋਚ ਪਿਛਲੇ ਹਜ਼ਾਰਾਂ ਸਾਲਾਂ ਤੋਂ ਫਿਲੋਸਫਾਂ ਦੇ ਮਨ ਅੰਦਰ ਘਰ ਕਰਕੇ ਬੈਠੀ ਹੈ ਇਸ ਨਾਲ ਮਨੁੱਖ ਅਸੰਵੇਦਨਸ਼ੀਲ ਹੋ ਜਾਂਦਾ ਹੈ। ਆਪਣੀ ਡਿਊਟੀ ਨਹੀਂ ਠੀਕ ਕਰਦਾ, ਆਪਣੇ ਸਬੰਧ ਠੀਕ ਤਰ੍ਹਾਂ ਨਹੀਂ ਨਿਬਾਹ ਸਕਦਾ ਤੇ ਇਹੋ ਜਿਹੇ ਦਾਰਸ਼ਨਿਕ 'ਆਤਮ ਮਾਰਗ' ਤੇ ਵੀ ਠੀਕ ਤਰ੍ਹਾਂ ਨਹੀਂ ਚਲ ਸਕਦੇ। ਨਾ ਹੀ ਆਪਣੀਆਂ ਸਮਾਜਿਕ ਜ਼ਿੰਮਵਾਰੀਆਂ ਠੀਕ ਤਰ੍ਹਾਂ ਨਾਲ ਨਿਬਾਹ ਸਕਦੇ ਹਨ। ਭੈ ਨਾਲ ਖਤਰਾ ਪੈਦਾ ਹੁੰਦਾ ਹੈ ਤੇ ਵਿਅਕਤੀਤ੍ਵ ਤੇ ਪ੍ਰਭਾਵ ਪੈਂਦਾ ਹੈ ਤੇ ਮਨੁੱਖ ਇਕ ਪਖੰਡੀ ਬਣ ਕੇ ਰਹਿ ਜਾਂਦਾ ਹੈ।

ਜੇ ਕੋਈ ਸਮਾਜਿਕ ਨੈਤਿਕਤਾ ਨਿਭਾਏ ਬਿਨਾਂ ਅਧਿਆਤਮਵਾਦ ਤੇ ਚਲਦਾ ਹੈ, ਉਹ ਕਦੀ ਵੀ ਸੰਤੁਸ਼ਟ ਨਹੀਂ ਰਹਿ ਸਕਦਾ। ਸਾਰੇ ਮਜ਼ਹਬ, ਭਾਵੇਂ ਹਿੰਦੂ, ਬੋਧੀ, ਜੈਨ ਕੋਈ ਵੀ ਕਿਉਂ ਨਾ ਹੋਵੇ, ਸਾਰੇ ਹੀ ਤਿਆਗ ਦੇ ਅਨੁਆਈ ਹਨ ਤੇ ਆਪਣੀ ਡਿਊਟੀਆਂ ਨੂੰ ਪੂਰਾ ਕਰਨ ਵਿਚ ਵਿਸ਼ਵਾਸ਼ ਨਹੀਂ ਰਖਦੇ। ਤਿਆਗ ਨੂੰ ਕਦੀ ਵੀ ਪਲਾਇਨ ਨਹੀਂ ਲੈਣਾ ਚਾਹੀਦਾ। ਇਸ ਤੋਂ ਉਲਟ ਸਦਾ ਹੀ ਆਤਮ ਮਾਰਗ ਦੇ ਗੁਣਾਂ ਦਾ ਮੁੱਢ ਸਮਝਣਾ ਚਾਹੀਦਾ ਹੈ। ਉਹ ਮੁੱਢ ਜਿਹੜਾ ਅਭਿਆਸ ਨਾਲ ਪ੍ਰਾਰਥਨਾ ਨਾਲ, ਧਿਆਨ ਲਗਾਉਣ ਨਾਲ ਆਉਂਦਾ ਹੈ।

ਉਪਨਿਸ਼ਦਾਂ ਦੀ ਫਿਲੋਸਫੀ ਤਾਂ ਜਗਿਆਸੂ ਨੂੰ ਨਿਰਭੈ ਬਣਾਉਂਦੀ ਹੈ, ਸ਼ਕਤੀ ਦਿੰਦੀ ਹੈ। ਅੰਤਮ ਸਤਿ ਪ੍ਰਤੀ ਚੇਤਨਤਾ, ਅਨੰਦ ਦੇ ਗੁਣ, ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੋਣਾ ਇਹ ਸਭ ਉਪਨਿਸ਼ਦਾਂ ਦੀ ਹੀ ਸਿਖਿਆ ਹੈ। ਭੈ ਤੋਂ ਮੁਕਤ ਹੋ ਕੇ ਹੀ ਸੁਤੰਤਰਤਾ ਦਾ ਅਹਿਸਾਸ ਹੋ ਸਕਦਾ ਹੈ। ਸਤਿ ਲਈ ਚੇਤਨਾ ਵੀ ਉਦੋਂ ਹੀ ਜਾਗਰੂਪ ਹੁੰਦੀ ਹੈ। ਵਾਸਤਵਿਕ ਸਤਿ ਤਾਂ ਉਦੋਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਮਨੁੱਖ ਆਪਣੇ ਆਪ ਨੂੰ ਜਾਣ ਲੈਂਦਾ ਹੈ ਤੇ ਡਰ ਤੇ ਸੰਤਾਪ ਤੋਂ ਮੁਕਤ ਹੋ ਜਾਂਦਾ ਹੈ।

ਉਹ ਭਾਗਾਂ ਵਾਲੇ ਹਨ ਜਿਹੜੇ ਭੈ ਰਹਿਤ ਹਨ ਤੇ ਵਾਹਿਗੁਰੂ ਨੂੰ ਹਰੇਕ ਚੀਜ਼ ਵਿਚ ਦੇਖਦੇ ਹਨ, ਨਾਸ਼ਵੰਦ ਵਿਚ ਵੀ ਅਨਾਸ਼ਵਰ ਵਿਚ ਵੀ। ਪੁਨਰ ਜਨਮ ਦਾ ਡਰ, ਮਰਨ ਦਾ ਡਰ, ਜੋ ਕੁਝ ਵੀ ਹੈ ਉਸ ਨੂੰ ਛੱਡ ਦੇਣ ਦਾ ਡਰ, ਜਿਸ ਚੀਜ਼ ਦੀ ਇੱਛਾ ਹੈ ਉਸ ਨੂੰ ਪ੍ਰਾਪਤ ਨਾ ਕਰ ਸਕਣ ਦਾ ਡਰ। ਇਹ ਸਭ ਕੁਝ ਡਰ ਹੀ ਤਾਂ ਪੈਦਾ ਕਰਦਾ ਹੈ। ਡਰ ਤੇ ਬੁਜ਼ਦਿਲੀ ਇਹ ਦੋਨੋਂ ਹੀ ਬੜੇ ਭਾਰੇ ਦੁਸ਼ਮਨ ਹਨ, ਇਹ ਤਾਂ ਮੌਤ ਤੋਂ ਵੀ ਵੱਡੇ ਦੁਸ਼ਮਨ ਹਨ। ਸੈਕਸ਼ਪੀਅਰ ਨੇ ਆਪਣੇ ਡਰਾਮੇ ਜੂਲੀਅਸ ਸੀਜ਼ਰ ਵਿਚ ਲਿਖਿਆ ਹੈ, ਬੁਜ਼ਦਿਲ ਮਰਨ ਤੋਂ ਪਹਿਲਾਂ ਹੀ ਬਹੁਤ ਵਾਰੀ ਮਰਦੇ ਹਨ ਤੇ ਬਹਾਦਰ ਤਾਂ ਕੇਵਲ ਇਕ ਵਾਰੀ ਹੀ ਮਰਦੇ ਹਨ।

ਉਪਨਿਸ਼ਦ ਸ਼ਕਤੀ ਦਾ ਭੰਡਾਰ ਹਨ, ਅਧਿਆਤਮਕ ਸ਼ਕਤੀ ਭਰੀ ਪਈ ਹੈ। ਉਪਨਿਸ਼ਦ ਪੜ੍ਹ ਕੇ ਜਗਿਆਸੂ ਆਤਮਕ ਮਾਰਗ ਤੇ ਤਾਂ ਚਲਦਾ ਹੀ ਹੈ ਨਾਲ ਹੀ ਬਹਾਦਰ ਵੀ ਬਣਦਾ ਹੈ। ਸਤਿ ਦਾ ਗਿਆਨ ਜਗਿਆਸੂ ਨੂੰ ਅਮਰ ਬਣਾ ਦਿੰਦਾ ਹੈ, ਉਹ ਮਨੁੱਖ ਦੀ ਆਤਮ ਦਾ ਅਮਰ ਹੋਣਾ ਦਸਦਾ ਹੈ। ਜਿੰਨੇ ਵਧੇਰੇ ਤੁਸੀਂ ਅਧਿਆਤਮ ਬਣਦੇ ਜਾਓ, ਓਨੇ ਹੀ ਵੱਧ ਨਿਰਭੈ ਹੁੰਦੇ ਜਾਂਦੇ ਹੋ, ਓਨੇ ਹੀ ਵਧੇਰੇ ਕੋਮਲ ਤੇ ਦਇਆਵਾਨ ਹੁੰਦੇ ਜਾਂਦੇ ਹੋ। ਕੋਈ ਵੀ ਚੀਜ਼ ਜਿਹੜੀ ਤੁਹਾਨੂੰ ਸਰੀਕ ਪੱਖੋਂ ਕਮਜ਼ੋਰ ਕਰੇ, ਮਾਨਸਕ ਪੱਖੋਂ ਕਮਜ਼ੋਰ ਕਰੇ ਜਾਂ ਅਧਿਆਤਮਕ ਪੱਖੋਂ ਕਮਜ਼ੋਰ ਕਰੇ ਇਨ੍ਹਾਂ ਨੂੰ ਰੁਕਾਵਟ ਹੀ ਦੇਖਿਆ ਜਾਣਾ ਚਾਹੀਦਾ ਹੈ, ਇਹ ਆਤਮ ਮਾਰਗ ਤੇ ਸੰਕਟ ਹਨ।

ਸਤਿ ਦੀ ਖੋਜ ਬਹੁਤ ਹੀ ਸ਼ਕਤੀਦਾਇਕ ਬਲਕਾਰੀ, ਉਤੇਜਕ ਤੇ ਗਿਆਨ ਪ੍ਰਬੋਧਕ ਹੈ। ਅਧਿਆਤਮਕਤਾ ਦਾ ਪਤਨ ਉਦੋਂ ਹੁੰਦਾ ਹੈ ਜਦੋਂ ਮਜ਼ਹਬ ਦੇ ਪੈਰੋਕਾਰ ਦੁਰਬਲ ਕਮਜ਼ੋਰ ਪੈ ਜਾਂਦੇ ਹਨ ਤੇ ਉਹ ਨਿਰਭੈ ਹੋ ਕੇ ਸਤਿ ਨੂੰ ਨਹੀਂ ਪ੍ਰਚਾਰ ਸਕਦੇ।

ਸੱਚਾ ਜਗਿਆਸੂ ਕਦੀ ਵੀ ਸਵਰਗ ਜਾਣ ਦੀ ਇੱਛਾ ਨਹੀਂ ਰੱਖੇਗਾ। ਉਹ ਜਾਣਦਾ ਹੈ ਕਿ ਸਵਰਗ ਦੇ ਸੁਖ ਤਾਂ ਛਿਨ ਭੰਗਰ ਦੇ ਹਨ ਉਹ ਤਾਂ ਭੋਗਾਂ ਵਿਚ ਹੀ ਡੁੱਬ ਜਾਵੇਗਾ। ਇਸ ਤਰ੍ਹਾਂ ਉਹ ਆਪਣੇ ਅੰਦਰ ਵਸਦੇ

ਪ੍ਰਮਾਤਮਾ ਨੂੰ ਹੀ ਭੁੱਲ ਜਾਵੇਗਾ, ਨਹੀਂ ਦੇਖ ਸਕੇਗਾ। ਸਵਰਗ ਵਿਚ ਐਨੇ ਸੁਖ ਆਰਾਮ ਹਨ ਕਿ ਛੇਤੀ ਹੀ ਤੁਸੀਂ ਪਤਨ ਦੇ ਰਾਹ ਤੇ ਪੈ ਜਾਂਦੇ ਹੋ। ਉਸ ਪਸ਼ਚਾਤ ਫੇਰ ਕੋਸ਼ਿਸ਼ ਕਰਕੇ ਤੁਹਾਨੂੰ ਆਤਮ ਮਾਰਗ ਤੇ ਚੱਲਣਾ ਪੈਂਦਾ ਹੈ। ਇਹ ਮਨੁੱਖੀ ਜਨਮ ਇਹ ਦੁਰਲਭ ਦੇਹੀ ਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ। ਨਾ ਤਾਂ ਇਸ ਜੀਵਨ ਨੂੰ ਪਛਤਾਵੇ ਵਿਚ ਗੁਆਓ, ਨਾ ਹੀ ਅੱਗੇ ਦਾ ਸੋਚ ਕੇ ਗੁਆਓ, ਵਰਤਮਾਨ ਵਿਚ ਰਹਿ ਕੇ ਪ੍ਰਭੂ ਦੇ ਗੁਣ ਗਾ ਕੇ ਹੀ ਇਸ ਮਨੁੱਖਾ ਜਨਮ ਦਾ ਲਾਹਾ ਖੱਟੋ।

## ਮੰਡੂਕ ਉਪਨਿਸ਼ਦ

ਮੰਡੂਕ ਉਪਨਿਸ਼ਦ ਅਥਰਵਵੇਦ ਵਿਚੋਂ ਲਿਆ ਗਿਆ ਹੈ ਤੇ ਸ਼ੌਨਕਿਆ ਸਾਖਾ ਦੇ ਸਮੇਂ ਦਾ ਹੈ ਕਿਉਂਕਿ ਸ਼ੌਨਕਿਆ ਨੂੰ ਅੰਗੀਰਸ ਨੇ ਇਸ ਦੀ ਸਿਖਿਆ ਦਿਤੀ ਸੀ। ਅੰਗੀਰਸ ਨੇ ਇਹ ਵਿਦਿਆ ਸਤਿਆਵਾਹ ਭਾਰਦੁਆਜ ਤੋਂ ਜੋ ਕਿ ਅਥਰਵ ਦਾ ਸ਼ਗਿਰਦ ਸੀ ਤੇ ਬ੍ਰਹਮਾ ਦਾ ਵੱਡਾ ਪੁੱਤਰ ਸੀ, ਉਸ ਤੋਂ ਲਈ ਸੀ। ਇਸ ਵਿਦਿਆ ਨੂੰ ਪਰਾ ਵਿਦਿਆ ਕਹਿੰਦੇ ਹਨ (ਦੂਸਰੇ ਸੰਸਾਰ ਦੀ ਵਿਦਿਆ ਅਗਲੇ ਸੰਸਾਰ ਦੀ ਵਿਦਿਆ) ਇਸ ਨੂੰ ਸਰਵ ਵਿਦਿਆ ਪਰਤਿਸ਼ਠਾ ਵੀ ਕਿਹਾ ਜਾਂਦਾ ਹੈ ਭਾਵ ਸਾਰੀਆਂ ਦੀ ਸਰੋਤ ਜਿਥੋਂ ਸਾਰੀਆਂ ਵਿਦਿਆ ਸੁਰੂ ਹੋਈਆਂ ਹਨ।

ਇਸ ਉਪਨਿਸ਼ਦ ਦੀ ਪਰਾ ਵਿਦਿਆ ਜਾਂ ਜਿਸ ਨੂੰ ਤੁਸੀਂ ਬ੍ਰਹਮ ਗਿਆਨ ਕਹਿੰਦੇ ਹੋ, ਜੋ ਇਸ ਉਪਨਿਸ਼ਦ ਵਿਚ ਦਿਤਾ ਗਿਆ ਹੈ। ਇਹ ਗਿਆਨ ਆਤਮਾ ਤੋਂ ਅਗਿਆਨ ਦਾ ਪੜਦਾ ਹਟਾ ਦਿੰਦਾ ਹੈ। ਇਹ ਪੜਦਾ ਆਤਮਾ ਤੋਂ ਇਸ ਤਰ੍ਹਾਂ ਹਟਾ ਦਿੰਦਾ ਹੈ ਜਿਵੇਂ ਕੇਲੇ ਤੋਂ ਛਿਲਕਾ ਉਤਾਰੋ ਤੇ ਵਿਚੋਂ ਕੇਲਾ ਨਿਕਲ ਆਉਂਦਾ ਹੈ। ਮੰਡੂਕ ਉਪਨਿਸ਼ਦ ਉਨ੍ਹਾਂ ਜਗਿਆਸੂਆਂ ਲਈ ਹੈ ਜਿਹੜੇ ਬਹੁਤ ਅੱਗੇ ਜਾ ਚੁੱਕੇ ਹਨ, ਇਹ ਉਨ੍ਹਾਂ ਲਈ ਹੈ ਜਿਨ੍ਹਾਂ ਨੇ ਸਤਿ ਦੀ ਪ੍ਰਾਪਤੀ ਕਰਨੀ ਹੈ ਅਜਰ ਅਮਰ ਅਟੱਲ ਦੀ ਪ੍ਰਾਪਤੀ ਕਰਨੀ ਹੈ।

ਮੰਡੂਕ ਉਪਨਿਸ਼ਦ ਦੇ ਸੱਠ ਸ਼ਲੋਕ ਹਨ ਇਹ ਤਿੰਨ ਅਧਿਆਇਆਂ ਵਿਚ ਦਿਤੇ ਗਏ ਹਨ। ਹਰ ਇਕ ਅਧਿਆਇ ਦੇ ਦੋ ਹਿੱਸੇ ਹਨ। ਮੰਡੂਕ ਸ਼ਬਦ ਦੇ ਨਿਰੁਤਕ ਅਰਥ ਹਨ ਉਸ ਤਰ੍ਹਾਂ ਤੇ ਜਿਹੜਾ ਮਨੁੱਖ ਆਪਣਾ ਸਿਰ ਮੁੰਡਵਾ ਦਿੰਦਾ ਹੈ, ਉਸ ਨੂੰ ਸੰਨਿਆਸੀ ਕਿਹਾ ਜਾਂਦਾ ਹੈ।

ਮੰਡੂਕ ਉਪਨਿਸ਼ਦ ਤੇ ਪ੍ਰਸ਼ਨ ਉਪਨਿਸ਼ਦ ਇਹ ਦੋਨੋਂ ਹੀ ਅਥਰਵਵੇਦ ਤੋਂ ਲਏ ਗਏ ਹਨ। ਇਹ ਦੋਨੋਂ ਹੀ ਇਕ ਦੂਸਰੇ ਦੇ ਪੂਰਕ ਹਨ, ਸਹਾਇਕ ਹਨ, ਜੋ ਕੁਝ ਵੀ ਇਸ ਵਿਚ ਦਸਿਆ ਗਿਆ ਹੈ, ਉਹ ਦੂਸਰੇ ਵਿਚ ਵਿਸਥਾਰ ਨਾਲ ਦਿਤਾ ਗਿਆ ਹੈ। ਵਿਆਸ ਜੀ ਜਿਨ੍ਹਾਂ ਨੇ ਵੇਦ ਰਚੇ ਉਨ੍ਹਾਂ ਨੇ ਵੀ ਮੰਡੂਕ ਦੇ ਇਕ ਤੋਂ ਛੇ ਸਲੋਕ ਤਕ ਵੇਦਾਂਤ ਸੂਤਰ ਲਈ ਅਰਥ ਪੂਰਨ ਕਰਨ ਲਈ ਵਰਤੇ ਹਨ।

ਬਾਕੀ ਦੇ ਉਪਨਿਸ਼ਦਾਂ ਦੀ ਤਰ੍ਹਾਂ ਮੰਡੂਕ ਉਪਨਿਸ਼ਦ ਵੀ ਇਕ ਵਾਰਤਾਲਾਪ ਦੀ ਰੂਪ ਰੇਖਾ ਵਿਚ ਹੈ, ਜਗਿਆਸੂ ਤੇ ਗੁਰੂ ਵਿਚ ਵਾਰਤਾਲਾਪ। ਇਕ ਵਿਚ ਅੰਗੀਰਸ ਜੋ ਕਿ ਸ਼ੌਨਕ ਦਾ ਗੁਰੂ ਹੈ, ਸ਼ੌਨਕ ਇਕ ਬਹੁਤ ਹੀ ਉਚਾ ਤੇ ਪਹੁੰਚਿਆ ਜਗਿਆਸੂ ਹੈ ਉਹ ਅੰਗੀਰਸ ਨੂੰ ਪ੍ਰਸ਼ਨ ਪੁਛਦਾ ਹੈ। ਸ਼ੌਨਕ ਅੰਗੀਰਸ ਨੂੰ ਪੁਛਦਾ ਹੈ, ਗੁਰੂ ਦੇਵ ਉਹ ਕੀ ਹੈ ਜਿਸ ਨੂੰ ਜਾਣ ਕੇ ਮਨੁਖ ਸਭ ਕੁਝ ਜਾਣ ਲੈਂਦਾ ਹੈ? ਗੁਰੂ ਅੰਗੀਰਸ ਜਦੋਂ ਇਹ ਦੇਖਦੇ ਹਨ ਕਿ ਜਗਿਆਸੂ ਪੂਰੀ ਤਰ੍ਹਾਂ ਨਾਲ ਤਿਆਰ ਹੈ ਤੇ ਸਭ ਕੁਝ ਜਾਣ ਲੈਣਾ ਚਾਹੁੰਦਾ ਹੈ। ਬ੍ਰਹਮ ਨੂੰ ਜਾਣਨਾ ਚਾਹੁੰਦਾ ਹੈ, ਸਤਿ ਨੂੰ ਜਾਨਣਾ ਚਾਹੁੰਦਾ ਹੈ, ਉਸ ਦੇ ਅੰਦਰ ਪੂਰੀ ਤੇ ਸੱਚੀ ਲਗਨ ਹੈ, ਸਤਿ ਨੂੰ ਜਾਨਣ ਦੀ। ਫੇਰ ਉਹ ਬ੍ਰਹਮ ਗਿਆਨ ਦੇਣਾ ਸ਼ੁਰੂ ਕਰਦੇ ਹਨ।

---

(ਪੰਨਾ 7 ਦੀ ਬਾਕੀ)

ਉਪਦੇਸ਼ਾਂ ਦੀ ਸੰਭਾਲ ਪੁਸਤਕਾਂ ਰਾਹੀਂ ਹੋਣ ਲੱਗੀ ਤੇ 35 ਤੋਂ ਵੱਧ ਪੁਸਤਕਾਂ ਪੰਜਾਬੀ ਹਿੰਦੀ, ਅੰਗਰੇਜ਼ੀ ਵਿਚ ਉਪਲਬਧ ਹੋਈਆਂ। ਸੰਗਤ ਨੇ ਦਿਲ ਖੋਲ੍ਹ ਕੇ ਸਾਥ ਦਿਤਾ, ਕਰੋੜਾਂ ਰੁਪਏ ਦੇ ਕਾਰਜ ਪਤਾ ਨਹੀਂ ਕਿਵੇਂ ਸੰਪੰਨ ਹੋਏ। ਜੇ ਪੰਜਾਬ ਵਿਚ ਹੜ੍ਹ ਆਏ ਤਾਂ ਆਪ ਜੀ ਨੇ ਅੱਗੇ ਲਗ ਕੇ ਘਰ-ਘਰ ਲੋੜੀਂਦੀ ਸਮੱਗਰੀ ਪਹੁੰਚਾਈ। ਗੁਜਰਾਤ ਵਿਚ ਭੁਚਾਲ ਆਏ, ਤਾਂ ਨਿਰੰਤਰ ਲੰਗਰਾਂ ਦੇ ਪ੍ਰਬੰਧ ਕੀਤੇ। ਇਸ ਪਰੰਪਰਾ ਨੂੰ ਜਾਰੀ ਰਖਦਿਆਂ ਹੁਣੇ-ਹੁਣੇ ਸੁਨਾਮੀ ਲਹਿਰਾਂ ਦੇ ਪੀੜਤਾਂ ਦੀ ਸਹਾਇਤਾ ਲਈ ਸਤਿਕਾਰਯੋਗ ਬੀਜੀ ਨੇ ਬਾਬਾ ਹਰਪਾਲ ਸਿੰਘ ਜੀ ਦੀ ਅਗਵਾਈ ਵਿਚ ਰਤਵਾੜਾ ਸਾਹਿਬ ਤੋਂ ਸੇਵਕ ਭੇਜੇ। ਇਕ ਮਹੀਨੇ ਤੋਂ ਵੱਧ ਸਮੇਂ ਤਕ ਗੁਰੂ ਕੇ ਲੰਗਰਾਂ ਤੇ ਹੋਰ ਲੋੜੀਂਦੀਆਂ ਵਸਤਾਂ ਰਾਹੀਂ ਸਹਾਇਤਾ ਕੀਤੀ ਗਈ। ਅੱਜ ਉਨ੍ਹਾਂ ਦੇ ਜਨਮ ਦਿਵਸ ਤੇ ਉਨ੍ਹਾਂ ਦੇ ਪਰਉਪਕਾਰਾਂ ਨੂੰ ਯਾਦ ਕਰਕੇ ਸੋਚਦੇ ਹਾਂ ਕਿ ਉਹ ਇਕ ਪੁਰਸ਼ ਨਹੀਂ, ਇਕ ਸੰਸਥਾ ਸਨ, ਇਕ ਮਹਾਨ ਰੂਹ, ਨਾਮ ਬਾਣੀ ਨਾਲ ਸਰਸ਼ਾਰ, ਜੋ ਪਰਉਪਕਾਰ ਕਰਨ ਲਈ ਇਸ ਸੰਸਾਰ ਯਾਤਰਾ ਵਿਚ ਆਏ। ਆਉ, ਅਸੀਂ ਵੀ ਉਨ੍ਹਾਂ ਵਲੋਂ ਛੋਹੇ ਕਾਰਜਾਂ ਵਿਚ ਆਪਣਾ ਯੋਗਦਾਨ ਪਾਈਏ, ਗੁਰੂ ਦੀਆਂ ਮਿਹਰਾਂ ਦੇ ਪਾਤਰ ਬਣੀਏ ਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਪ੍ਰਾਪਤ ਕਰੀਏ। ਧੰਨਵਾਦ!

# ਆਸਾ ਦੀ ਵਾਰ - ਗੁਰਮਤਿ ਟੀਕਾ

*ਡਾ. ਗੁਰਮੁਖ ਸਿੰਘ*

## ਪਉੜੀ ਦੂਜੀ

ਦੂਜੀ ਪਉੜੀ ਵਿਚ ਸਤਿਗੁਰੂ ਜੀ ਸੰਸਾਰ ਨੂੰ ਸੱਚ ਕਹਿੰਦੇ ਹਨ। ਗੁਰੂ ਜੀ ਦਸਦੇ ਹਨ ਕਿ ਸੰਸਾਰ ਵਿਚ ਇਕ ਏਕੰਕਾਰ, ਸੱਚ ਹੀ ਪਸਰਿਆ ਹੈ, ਤੇ ਸੰਸਾਰ ਦੇ ਅਨੇਕਾਂ ਰੂਪ ਧਾਰ ਕੇ ਇਕ ਏਕੰਕਾਰ, ਪਾਰਬ੍ਰਹਮ, ਜੋਤਿ ਰੂਪ ਹੀ ਖੇਡ ਰਿਹਾ ਹੈ।

### ਸਲੋਕ ਮ. ੧

*ਸਚੇ ਤੇਰੇ ਖੰਡ ਸਚੇ ਬ੍ਰਹਮੰਡ॥*
*ਸਚੇ ਤੇਰੇ ਲੋਅ ਸਚੇ ਆਕਾਰ॥*

ਸ੍ਰਿਸ਼ਟੀ ਦੇ ਖੰਡ, ਬ੍ਰਹਿਮੰਡ, ਲੋਕ, ਆਕਾਰ ਸਭ ਸੱਚੇ ਹਨ, ਤੂੰ ਸ੍ਰਿਸ਼ਟੀ ਦੇ ਸਭ ਰੂਪ ਬਣਾ ਕੇ ਆਪ ਸੰਸਾਰ ਵਿਚ ਖੇਡ ਰਿਹਾ ਹੈਂ।

*ਸਚੇ ਤੇਰੇ ਕਰਣੇ ਸਰਬ ਬੀਚਾਰ॥*
*ਸਚਾ ਤੇਰੇ ਅਮਰੁ ਸਚਾ ਦੀਬਾਣੁ॥*
*ਸਚਾ ਤੇਰਾ ਹੁਕਮ ਸਚਾ ਫੁਰਮਾਣੁ॥*
*ਸਚਾ ਤੇਰਾ ਕਰਮੁ ਸਚਾ ਨੀਸਾਣੁ॥*

ਤੇਰੇ ਸਭ ਵਿਚਾਰ ਜਿਨ੍ਹਾਂ ਨਾਲ ਤੂੰ ਸੰਸਾਰ ਦੀ ਖੇਡ ਕਰ ਰਿਹਾ ਹੈਂ, ਸੱਚੇ ਹਨ। ਸੰਸਾਰ ਦੇ ਸਭ ਮਨੁੱਖਾਂ ਦੀ ਵਿਚਾਰ ਤੇਰੀ ਹੀ ਹੈ। ਤੇਰਾ ਹੁਕਮ ਸੱਚਾ ਹੈ, ਤੇਰੀ ਹਕੂਮਤ ਤੇ ਨਿਆਂ ਸੱਚਾ ਹੈ। ਤੂੰ ਹੁਕਮ ਰੂਪ ਹੈਂ, ਸੰਸਾਰ ਦੇ ਸਾਰੇ ਕੰਮ ਜੋ ਜੀਵ ਕਰਦੇ ਹਨ, ਤੇਰੇ ਹੁਕਮ ਨਾਲ ਹੋ ਰਹੇ ਹਨ। ਤੇਰੀ ਬਖਸ਼ਿਸ਼ ਸੱਚੀ ਹੈ, ਤੇਰਾ ਨਾਮ ਜੋਤਿ ਪਰਮ ਚੇਤਨਤਾ, ਤੇਰਾ ਨੀਸਾਣ ਹੈ, ਪਛਾਣ ਹੈ।

*ਸਚੇ ਤੁਧੁ ਆਖਹਿ ਲਖ ਕਰੋੜਿ॥*
*ਸਚੈ ਸਭਿ ਤਾਣਿ ਸਚੈ ਸਭਿ ਜੋਰਿ॥*

ਲੱਖਾਂ ਕ੍ਰੋੜਾਂ ਜੀਵ ਤੈਨੂੰ ਆਖ ਰਹੇ ਹਨ (ਸਿਮਰ ਰਹੇ ਹਨ), ਗੁਰਬਾਣੀ ਕਹਿੰਦੀ ਹੈ, 'ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ' ਆਦਿ। ਇਹ ਸਭ ਤੇਰਾ ਹੁਕਮ ਰੂਪ ਹੈ, 'ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ।"

*ਸਚੀ ਤੇਰੀ ਸਿਫਤਿ ਸਚੀ ਸਾਲਾਹ॥*
*ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥*

ਤੇਰੀ ਸਿਫਤ ਸਾਲਾਹ ਵੀ ਸੱਚੀ ਹੈ, ਤੂੰ ਆਪ ਹੀ ਜੀਵ ਬਣ ਕੇ ਆਪਣੀ ਸਿਫਤ ਸਾਲਾਹ ਕਰ ਰਿਹਾ ਹੈਂ। ਹੇ ਸੱਚੇ ਪਾਤਸ਼ਾਹ! ਸਾਰੀ ਕੁਦਰਤਿ ਤੂੰ ਹੈਂ। ਕੁਦਰਤਿ ਵਿਚ ਵੱਸ ਕੇ ਤੂੰ ਹੀ ਖੇਡ ਰਿਹਾ ਹੈ, ਦੂਜਾ ਕੋਈ ਨਹੀਂ।

*ਨਾਨਕ ਸਚੁ ਧਿਆਇਨ ਸਚੁ॥*
*ਜੋ ਮਰਿ ਜੰਮੇ ਸੁ ਕਚੁ ਨਿਕਚੁ॥*

ਜੋ ਮਨੁੱਖ ਸਤਿਗੁਰੂ ਤੋਂ ਉਪਦੇਸ਼ ਲੈ ਕੇ ਤੈਨੂੰ ਸਿਮਰਦੇ ਹਨ, ਉਨ੍ਹਾਂ ਦੀ ਹਉਂ/ਦੁਯੀ ਦੀ ਅਗਿਆਨਤਾ ਦੂਰ ਹੋ ਜਾਂਦੀ ਹੈ, ਉਹ ਸੱਚ ਨੂੰ ਪਛਾਣ ਲੈਂਦੇ ਹਨ, ਤੇ ਸੱਚ, ਸੱਚੇ ਨਾਮ, ਪਰਮ ਚੇਤਨਤਾ ਵਿਚ ਹੀ ਰਲ ਜਾਂਦੇ ਹਨ ਤੇ ਸੱਚੇ ਹੋ ਜਾਂਦੇ ਹਨ। ਹੋਰਨਾਂ ਦੀ ਹਉਂ ਦੀ ਅਗਿਆਨਤਾ ਨਹੀਂ ਜਾਂਦੀ, ਉਹ ਜੰਮਦੇ ਮਰਦੇ ਰਹਿੰਦੇ ਹਨ, ਉਹ ਕੱਚੇ ਹਨ।

ਆਸਾ ਦੀ ਵਾਰ ਦੀ ਦਸਵੀਂ ਪਉੜੀ ਵਿਚ ਗੁਰੂ ਜੀ ਕਹਿੰਦੇ ਹਨ -

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥*

ਸਾਰਾ ਸੰਸਾਰ ਝੂਠ ਹੈ। ਕਈ ਪ੍ਰਚਾਰਕ ਕਹਿੰਦੇ ਹਨ ਵੇਦ ਸ਼ਾਸਤ੍ਰ ਸੰਸਾਰ ਨੂੰ ਮਿਥਿਆ ਕਹਿੰਦੇ ਹਨ ਪਰ ਗੁਰਬਾਣੀ ਸੰਸਾਰ ਨੂੰ ਸਤਿ ਕਹਿੰਦੀ ਹੈ। ਇਸ ਮਸਲੇ ਨੂੰ ਹੱਲ ਕਰਨਾ ਜ਼ਰੂਰੀ ਹੈ।

ਗੁਰਬਾਣੀ ਸਮਝਾਉਂਦੀ ਹੈ ਕਿ ਸੰਸਾਰ ਕਰਤੇ ਦਾ ਕੂੜ ਰੂਪ ਹੈ, ਮਾਯਾਵੀ ਸਰੂਪ ਹੈ, ਮਿਥਿਆ ਹੈ, ਛਲ ਹੈ, ਹਉਂ ਦੀ ਅਗਿਆਨਤਾ ਕਰਕੇ ਮਨੁੱਖ ਨੂੰ ਸੰਸਾਰ ਸਤਿ ਲਗਦਾ ਹੈ। ਜਦੋਂ ਗੁਰ ਕਿਰਪਾ ਨਾਲ ਹਉਂ ਦੀ ਅਗਿਆਨਤਾ ਦੂਰ ਹੋ ਜਾਵੇ, ਕੂੜ ਦੀ ਪਾਲ ਟੁੱਟ ਜਾਵੇ ਤਾਂ ਗੁਰਸਿੱਖ ਨੂੰ ਗਿਆਨ ਹੋ ਜਾਂਦਾ ਹੈ ਕਿ ਸੰਸਾਰ ਵਿਚ, ਨਾਮ ਰੂਪ, ਪਸਰਿਆ ਬ੍ਰਹਮ ਆਪ ਹੀ ਖੇਡ ਰਿਹਾ ਹੈ, ਦੂਜਾ ਕੋਈ ਨਹੀਂ।

*ਬ੍ਰਹਮੁ ਪਸਰਿਆ ਬ੍ਰਹਮ ਲੀਲਾ.......॥ ਅੰਗ - 458*

ਬ੍ਰਹਮ ਪਸਰਿਆ ਹੈ, ਸੰਸਾਰ ਬ੍ਰਹਮ ਦੀ ਖੇਡ ਹੈ, ਬ੍ਰਹਮ ਹੀ ਖੇਡ ਰਿਹਾ ਹੈ।

*ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ॥*
*ਅੰਗ - 769*
*ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ॥*
*ਅੰਗ - 425*

ਬ੍ਰਹਮ ਗਿਆਨੀ ਨੂੰ ਸੋਝੀ ਹੈ ਕਿ ਸਭ ਬ੍ਰਹਮ (ਸੱਚ) ਦਾ ਪਸਾਰਾ ਹੈ। ਆਮ ਮਨੁੱਖ ਨੂੰ ਦੁਯੀ ਕੁਦਰਤਿ, ਦੂਜੀ ਲਗਦੀ ਹੈ, ਮਨੁੱਖ ਨੂੰ ਪਛਾਣ ਨਹੀਂ ਕਿ ਦੂਜੀ ਕੁਦਰਤਿ ਵਿਚ ਅਨੇਕਾਂ ਰੂਪ ਧਾਰ ਕੇ ਕਰਤਾ ਆਪ ਖੇਡ ਰਿਹਾ ਹੈ।

*ਬਾਜੀਗਰਿ ਜੈਸੇ ਬਾਜੀ ਪਾਈ॥*
*ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮਿਓ ਪਾਸਾਰਾ॥*
*ਤਬ ਏਕੋ ਏਕੰਕਾਰਾ॥ ਅੰਗ - 736*

## ਮਹਲਾ ੧

***ਵਡੀ ਵਡਿਆਈ ਜਾ ਵਡਾ ਨਾਉ॥***

ਪਾਰਬ੍ਰਹਮ ਦੀ ਵਡਿਆਈ ਇਸ ਲਈ ਵੱਡੀ ਹੈ ਕਿ ਨਾਮ ਵੱਡਾ ਹੈ। ਏਕੰਕਾਰ ਪਾਰਬ੍ਰਹਮ ਜੋਤਿ ਹੈ, ਪਰਮ ਚੇਤਨਾ ਹੈ, ਪਾਰਬ੍ਰਹਮ ਇਕੋ ਇਕ ਸਦੀਵੀ ਹਸਤੀ ਹੈ। ਪਾਰਬ੍ਰਹਮ ਨੇ ਸੰਸਾਰ ਰਚਨਾ ਕਰਨ ਲਈ ਆਤਮ ਪਸਾਰਾ ਕੀਤਾ। ਗੁਰਬਾਣੀ ਪਾਰਬ੍ਰਹਮ ਦੇ ਪਸਾਰੇ ਨੂੰ ਨਾਮ ਜੋਤਿ (ਪਰਮਚੇਤਨਾ) ਕਹਿੰਦੀ ਹੈ। ਬ੍ਰਹਮ, ਨਾਮ ਰੂਪ ਹੋ ਕੇ ਸੰਸਾਰ ਵਿਚ ਪਸਰਿਆ ਹੈ। ਜਿਤਨਾ ਵੱਡਾ ਬ੍ਰਹਮ ਹੈ, ਉਤਨਾ ਹੀ ਵੱਡਾ ਉਸ ਦਾ ਪਸਰਿਆ ਸਰਬ-ਵਿਆਪਕ ਸਰੂਪ ਨਾਮ ਹੈ। ਬ੍ਰਹਮ ਦੀ ਵਡਿਆਈ ਇਸ ਕਰਕੇ ਵੱਡੀ ਹੈ ਕਿ ਉਸ ਦਾ ਨਾਮ ਵੀ ਉਤਨਾ ਵੱਡਾ ਹੈ, ਬ੍ਰਹਮ ਤੇ ਨਾਮ ਵਿਚ ਕੋਈ ਭੇਦ ਨਹੀਂ - ਨਾਮ ਤੁਲਿ ਕਛੁ ਅਵਰੁ ਨ ਹੋਇ॥

***ਵਡੀ ਵਡਿਆਈ ਜਾ ਸਚੁ ਨਿਆਉ॥***

ਪਾਰਬ੍ਰਹਮ ਦੀ ਵਡਿਆਈ ਇਸ ਲਈ ਵੱਡੀ ਹੈ ਕਿ ਉਸ ਦਾ ਨਿਆਉਂ, ਇਨਸਾਫ ਸੱਚਾ ਹੈ - ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ' ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ।

***ਵਡੀ ਵਡਿਆਈ ਜਾ ਨਿਹਚਲ ਥਾਉ॥***

ਪਾਰਬ੍ਰਹਮ ਦੀ ਵਡਿਆਈ ਇਸ ਲਈ ਵੱਡੀ ਹੈ ਕਿ ਉਹ ਅਬਿਨਾਸੀ ਹੈ, ਉਸ ਦਾ ਆਸਣ ਅਟੱਲ ਹੈ। ਪਾਰਬ੍ਰਹਮ ਹਮੇਸ਼ਾ ਕਾਇਮ ਰਹਿਣ ਵਾਲੀ ਹਸਤੀ ਹੈ।

***ਵਡੀ ਵਡਿਆਈ ਜਾਣੈ ਆਲਾਉ॥***
***ਵਡੀ ਵਡਿਆਈ ਬੁਝੈ ਸਭਿ ਭਾਉ॥***

ਪਾਰਬ੍ਰਹਮ ਦੀ ਵਡਿਆਈ ਇਸ ਲਈ ਵੱਡੀ ਹੈ ਕਿ ਜੀਵਾਂ ਦੇ ਬੋਲ ਨੂੰ ਸਮਝਦਾ ਹੈ, ਦਿਲਾਂ ਦੇ ਭਾਵ ਮਾਤ੍ਰ ਨੂੰ ਜਾਣਦਾ ਹੈ। ਪਾਰਬ੍ਰਹਮ, ਨਾਮ ਜੋਤਿ ਪਰਮਾਤਮਾ ਰੂਪ ਵਿਚ ਸਭ ਜੀਵਾਂ ਵਿਚ ਵਸਦਾ ਹੈ, ਉਹ ਅੰਤਰਜਾਮੀ ਹੈ ਤੇ ਸਭ ਕੁਝ ਜਾਣਦਾ ਹੈ।

***ਵਡੀ ਵਡਿਆਈ ਜਾ ਪੁਛਿ ਨ ਦਾਤਿ॥***
***ਵਡੀ ਵਡਿਆਈ ਜਾ ਆਪੇ ਆਪਿ॥***

ਪਰਮਾਤਮਾ, ਨਾਮ ਜੋਤਿ, ਸਰਬ ਵਿਆਪਕ ਪਰਮ ਚੇਤਨਾ ਜੀਵਾਂ ਨੂੰ ਉਪਜਾ ਰਿਹਾ ਹੈ ਤੇ ਪਾਲ ਰਿਹਾ ਹੈ। ਜੀਵਾਂ ਨੂੰ ਸਭ ਦਾਤਾਂ ਸਹਜ ਸੁਭਾਇ ਦੇ ਰਿਹਾ ਹੈ। ਪਰਮਾਤਮਾ, ਆਪ ਹੀ ਆਪਿ ਹੈ, 'ਆਪੇ ਆਪਿ ਨਿਰੰਜਨ ਸੋਇ।' ਪਾਰਬ੍ਰਹਮ ਨੂੰ ਕਿਸੇ ਨੇ ਪੈਦਾ ਨਹੀਂ ਕੀਤਾ, ਉਸ ਨੇ ਆਪਣੇ ਆਪ ਨੂੰ ਆਪ ਪੈਦਾ ਕੀਤਾ ਹੈ, ਸੈਭੰ ਹੈ।

***ਨਾਨਕ ਕਾਰ ਨ ਕਥਨੀ ਜਾਇ॥***
***ਕੀਤਾ ਕਰਣਾ ਸਰਬ ਰਜਾਇ॥***

ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਪਾਰਬ੍ਰਹਮ ਦੀ ਕਾਰ ਵਰਣਨ ਨਹੀਂ ਹੋ ਸਕਦੀ। ਸੰਸਾਰ ਵਿਚ ਜੋ ਹਰ ਸਮੇਂ ਹਰ ਪਲ ਹੋ ਰਿਹਾ ਹੈ, ਉਸ ਦਾ ਬਿਆਨ ਨਹੀਂ ਹੋ ਸਕਦਾ। ਸੰਸਾਰ ਦੀ ਰਚਨਾ ਬ੍ਰਹਮ ਕਰ ਰਿਹਾ ਹੈ, ਕਰਤਾ ਪੁਰਖੁ ਹੈ। ਜੋ ਕੁਝ ਸੰਸਾਰ ਵਿਚ ਹੋ ਰਿਹਾ ਹੈ, ਉਹ ਉਸ ਦੀ ਮਰਜ਼ੀ (ਰਜਾਇ) ਮੁਤਾਬਿਕ, ਉਸ ਦੇ ਹੁਕਮ ਵਿਚ ਹੋ ਰਿਹਾ ਹੈ - 'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।'

## ਮਹਲਾ ੨॥

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***

ਇਹ ਸੰਸਾਰ ਬ੍ਰਹਮ ਦਾ ਘਰ ਹੈ। ਸੰਸਾਰ ਵਿਚ ਸੱਚਾ ਆਪ ਹੀ, ਗੁਪਤ ਪਸਰਿਆ ਹੈ, ਤੇ ਆਪ ਹੀ ਅਨੇਕਾਂ ਰੂਪ ਧਾਰ ਕੇ, ਜੀਵ ਜੰਤ ਬਣ ਕੇ ਖੇਡ ਰਿਹਾ ਹੈ।

***ਇਕਨਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ॥***

ਇਕਨਾਂ ਜੀਵਾਂ ਨੂੰ ਗਿਆਨ ਬਖਸ਼ਦਾ ਹੈ, ਤੇਰੇ ਹੁਕਮ ਨਾਲ ਉਹ ਤੇਰੇ ਵਿਚ ਸਮਾਅ ਜਾਂਦੇ ਹਨ, ਇਕਨਾ ਨੂੰ ਤੂੰ ਹੁਕਮ ਨਾਲ ਹੀ ਜਨਮ-ਮਰਨ ਦੇ ਗੇੜ ਵਿਚ ਪਾ ਦਿੰਦਾ ਹੈਂ।

***ਇਕਨਾ ਭਾਣੈ ਕਢਿ ਲਏ ਇਕਨਾ ਮਾਇਆ ਵਿਚਿ ਨਿਵਾਸੁ॥***

ਕੁਝ ਜੀਵਾਂ ਨੂੰ ਆਪਣੇ ਹੁਕਮ/ਭਾਣੇ ਨਾਲ ਹੀ ਸੰਸਾਰ ਸਾਗਰ ਤੋਂ ਕੱਢ ਲੈਂਦਾ ਹੈ, ਇਕ ਤੇਰੇ ਮਾਯਾਵੀ ਸਰੂਪ, ਕੂੜ ਰੂਪ ਵਿਚ ਹੀ ਰਹਿੰਦੇ ਹਨ, ਤੇ ਜਨਮ-ਮਰਨ ਦੇ ਗੇੜ ਵਿਚ ਰਹਿੰਦੇ ਹਨ।

***ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੈ ਰਾਸਿ॥***

ਇਹ ਕਹਿਣਾ ਵੀ ਮੁਸ਼ਕਿਲ ਹੈ, ਕਿਹੜੇ ਜੀਵਾਂ ਨੂੰ ਸਿੱਧੇ ਰਸਤੇ ਪਾ ਕੇ ਮਾਇਆ ਵਿਚੋਂ ਕੱਢ ਲੈਂਦਾ ਹੈ।

***ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ॥***

ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਜਿਨ੍ਹਾਂ ਨੂੰ ਤੂੰ ਆਪ ਸੱਚ ਦਾ ਗਿਆਨ ਬਖਸ਼ ਦੇਵੇਂ, ਉਹ ਗੁਰਮੁਖ ਹਨ। ਗੁਰਮੁਖ ਦੇ ਅਰਥ ਹਨ, ਪੂਰੇ ਗੁਰੂ ਤੋਂ ਸਿਖਿਆ-ਦੀਖਿਆ ਲੈ ਕੇ, ਨਾਮ ਜਪਣ ਵਾਲੇ ਸਿੱਖ ਸੇਵਕ, ਜਿਨ੍ਹਾਂ ਦਾ ਮਨ ਨਿਰਮਲ ਹੋ ਜਾਵੇ ਤੇ ਕੂੜ ਦੀ ਪਾਲ, ਹਉਂ ਦਾ ਭੁਲੇਖਾ ਵੀ ਗੁਰਕਿਰਪਾ ਨਾਲ ਦੂਰ ਹੋ ਜਾਵੇ।

## ਪਉੜੀ

***ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥***

ਹੇ ਨਾਨਕ! ਤੂੰ ਜੀਵਾਂ ਨੂੰ ਪੈਦਾ ਕਰਦਾ ਹੈਂ, ਉਨ੍ਹਾਂ ਵਿਚ ਨਾਮ ਜੋਤਿ ਭਰਪੂਰ ਵਸਦੀ ਹੈ, ਨਾਮ ਜੋਤਿ ਤੇਰਾ ਪਸਰਿਆ ਸਰੂਪ ਹੈ, ਨਾਮ ਜੋਤਿ/ਆਤਮਾ ਸਭ ਕੁਝ ਜੀਵ ਦੇ ਕਰਮ ਵੇਖਦੀ ਹੈ, ਤੇ ਜੀਵ ਦੇ ਚੰਗੇ-ਮੰਦੇ ਕਰਮਾਂ ਦਾ ਫੈਸਲਾ ਨਾਲ-ਨਾਲ ਲਿਖਿਆ ਜਾ ਰਿਹਾ ਹੈ।

***ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥***

ਨਾਮ ਰੂਪ ਵਿਚ ਆਤਮਾ, ਬ੍ਰਹਮ, ਪੂਰਨ ਤੌਰ 'ਤੇ ਨਿਰਮਲ ਹੋਏ ਜੀਵਾਂ ਨੂੰ ਪਰਵਾਨ ਕਰਦਾ ਹੈ ਤੇ ਆਪਣੇ ਨਾਮ ਰੂਪ ਵਿਚ ਰਲਾ ਲੈਂਦਾ ਹੈ। ਮੰਦੇ ਜੀਵ ਚੁਣ ਕੇ ਵੱਖ ਕੀਤੇ ਜਾਂਦੇ ਹਨ।

*ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥*

ਜੋ ਪੂਰੀ ਤਰ੍ਹਾਂ ਨਿਰਮਲ ਨਹੀਂ ਹੋਏ ਤੇ ਉਹਨਾਂ ਦੀ ਕੂੜ ਦੀ ਪਾਲ ਹਉਂ ਨਹੀਂ ਟੁੱਟੀ ਉਹ ਕੂੜਿਆਰ ਹਨ। ਉਨ੍ਹਾਂ ਦੇ ਮੂੰਹ ਕਾਲੇ ਹਨ, ਉਹ ਪਰਵਾਨ ਨਹੀਂ ਹੋਏ ਤੇ ਜਨਮ ਮਰਨ ਦੇ ਗੇੜ ਵਿਚ ਪਾ ਦਿਤੇ ਜਾਂਦੇ ਹਨ।

ਸੱਚੇ ਕਿਹੜੇ ਹਨ?

*ਤੇਰੇ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥*

ਜੋ ਗੁਰਮਤਿ ਨਾਮ ਸਿਮਰਨ ਕਰਦੇ ਹਨ ਤੇ ਨਾਮ ਵਿਚ ਰੱਤੇ ਹਨ, ਉਹ ਸੰਸਾਰ ਦੀ ਬਾਜੀ ਜਿੱਤ ਜਾਂਦੇ ਹਨ ਅਤੇ ਸੰਸਾਰ ਸਾਗਰ ਤੋਂ ਪਾਰ ਹੋ ਜਾਂਦੇ ਹਨ। ਨਾਮ ਬਿਹੂਨ ਸਭ ਠੱਗ ਹਨ, ਕੂੜਿਆਰ ਹਨ, ਮਨੁੱਖਾ ਜਨਮ ਦੀ ਬਾਜੀ ਹਾਰ ਜਾਂਦੇ ਹਨ, ਜਨਮ ਗੁਆ ਲੈਂਦੇ ਹਨ।

*ਲਿਖਿ ਨਾਵੈ ਧਰਮੁ ਬਹਾਲਿਆ॥ ੨॥*

ਸਤਿਗੁਰੂ ਜੀ ਫਿਰ ਕਹਿੰਦੇ ਹਨ ਸਰਬ-ਵਿਆਪਕ ਨਾਮ ਜੋਤਿ ਹੀ ਕਰਮਾਂ ਦਾ ਫੈਸਲਾ ਕਰਦਾ ਹੈ, ਤੇ ਜਿੱਤਣ ਹਾਰਨ ਵਾਲਿਆਂ ਨੂੰ ਵੱਖ ਕਰਦਾ ਹੈ।

(ਪੰਨਾ 48 ਦੀ ਬਾਕੀ)

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕ ਤਾ ਕਾ ਦਾਸੁ॥*
*ਅੰਗ - 1291*

ਸੋ ਇਸ ਤਰ੍ਹਾਂ ਦੇ ਨਾਲ ਇਹ ਜੋ ਹੁਕਮਨਾਮਾ ਆਇਆ ਹੈ ਗੁਰੂ ਮਹਾਰਾਜ ਜੀ ਦਾ, ਇਸ ਨੂੰ ਸਮਝਣ ਵਾਸਤੇ ਕਿ ਕਿਸ ਤਰ੍ਹਾਂ ਪ੍ਰਾਪਤ ਹੋਵੇ? ਇਸ ਲਈ ਲਗਾਤਾਰ ਸਤਿਸੰਗ ਕਰਨੇ ਪੈਂਦੇ ਨੇ, ਸੰਪਰਕ ਪੈਦਾ ਕਰਨੇ ਪੈਂਦੇ ਨੇ ਉਨ੍ਹਾਂ ਨਾਲ ਜਿਨ੍ਹਾਂ ਨੇ ਜਾਣ ਲਿਆ। ਉਨ੍ਹਾਂ ਦੀ ਮਦਦ ਦੇ ਨਾਲ, ਗੁਰੂ ਦੀ ਸਿਖਿਆ ਧਾਰਨ ਕਰਨ ਦੇ ਨਾਲ ਆਪਣੇ ਅੰਦਰ ਹੀ ਲੱਭ ਜਾਂਦਾ ਹੈ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥ ਅੰਗ - 1002*

ਸੋ ਇਹ ਬੜਾ ਲੰਮਾ ਵਿਸ਼ਾ ਹੈ। ਸਮਾਂ ਹੈ ਨਹੀਂ, ਸੋ ਮੈਂ ਇਥੇ ਹੀ ਬੱਸ ਕਰਦਾ ਹਾਂ।

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*


(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ....................

ਪਤਾ/Address ....................

....................

....................

.................... Pin Code ....................

Phone .................... Email : ....................

ਮੈਂ.................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.................... ਮਿਤੀ.................... ਰਾਹੀਂ ਭੇਜ ਰਿਹਾ ਹਾਂ।

ਦਸਖਤ....................

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. Ropar (Pb.) Pin - 140901
Phone : 0160-2255002, Fax : 0160-2255009, Email : atammarg@glide.net.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 05, 12, 19, 26, ਜੂਨ।

**ਸੰਗਰਾਂਦ** - 15 ਜੂਨ, ਦਿਨ ਬੁੱਧਵਾਰ।

**ਪੂਰਨਮਾਸ਼ੀ** - 22 ਜੂਨ, ਦਿਨ ਬੁੱਧਵਾਰ

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 25 ਜੂਨ 2005, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. Ropar (Pb)-140901

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ–ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |